ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 8 | Issue 46 | 05 December 2018 to 11 December 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


03
■ ਭਾਈਚਾਰਾ
'ਆਇਰਨ ਮੈਨ' ਦਾ ਖ਼ਿਤਾਬ ਜਿੱਤਣ ਵਾਲੇ ਗੁਰਸਿੱਖ ਨੌਜਵਾਨ ਦਾ ਸਨਮਾਨ


09
■ ਵਿਸ਼ੇਸ਼ ਰਿਪੋਰਟ
ਘੁੰਮ ਚਰਖੜਿਆ ਵੇ ਤੇਰੀ ਕੱਤਣ ਵਾਲੀ ਜੀਵੇ


23
■ ਖ਼ਬਰਸਾਰ
ਭਾਰਤ ਵਿਚ 3 ਕਰੋੜ ਤੋਂ ਵੱਧ ਨੌਜਵਾਨ ਬੇਰੁਜ਼ਗਾਰ

## ਭਾਰਤ ਦੇ 4122 ਸਿਆਸਤਦਾਨਾਂ ਉਤੇ ਦਰਜ ਹਨ ਅਪਰਾਧਿਕ ਕੇਸ

*ਬਲਾਤਕਾਰ, ਹੱਤਿਆ ਅਤੇ ਅਗਵਾ ਵਰਗੇ ਸੰਗੀਨ ਇਲਜ਼ਾਮ*



**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤ ਵਿਚ ਇਕ ਤਰ੍ਹਾਂ ਨਾਲ "ਗੁੰਡਿਆਂ" ਦਾ ਹੀ ਰਾਜ ਹੈ। ਸੁਪਰੀਮ ਕੋਰਟ ਵਿਚ ਪੇਸ਼ ਕੀਤੀ ਇਕ ਰਿਪੋਰਟ ਮੁਤਾਬਕ ਇਥੋਂ ਦੇ ਲੀਡਰਾਂ ਦੇ ਕੁੱਲ 4122 ਅਪਰਾਧਕ ਮਾਮਲੇ ਅਦਾਲਤਾਂ ਵਿਚ ਲੰਬਿਤ ਹਨ। ਲੋਕ-ਨੁਮਾਇੰਦਿਆਂ ਵਿਰੁੱਧ ਦਰਜ ਮੁਕੱਦਮਿਆਂ ਦੇ ਮਾਮਲੇ ਵਿਚ ਐਮੀਕਸ ਕਿਊਰੀ ਨੇ ਸੁਪ੍ਰੀਮ ਕੋਰਟ ਵਿਚ ਆਪਣਾ ਜਵਾਬ ਦਾਖਲ ਕਰਕੇ ਇਹ ਸੰਖਿਆ ਦਿੱਤੀ ਹੈ। ਦਾਗੀ ਨੇਤਾਵਾਂ ਵਿਚ ਸਾਬਕਾ ਅਤੇ ਮੌਜੂਦਾ ਸੰਸਦ ਅਤੇ ਵਿਧਾਇਕ ਸ਼ਾਮਲ ਹਨ।

ਬਾਕੀ ਸਫ਼ਾ 29 'ਤੇ

### ਕਰਤਾਰਪੁਰ ਸਾਹਿਬ ਲਾਂਘਾ

# ਪੰਜਾਬ ਦੀ ਵੰਡ ਕਾਰਨ ਪਛੜੇ ਸਰਹੱਦੀ ਇਲਾਕੇ ਦੇ ਮੁੜ ਭਾਗ ਖੁੱਲ੍ਹੇ

- ਸੰਸਾਰ ਦੇ ਨਕਸ਼ੇ 'ਤੇ ਚਮਕੇ ਡੇਰਾ ਬਾਬਾ ਨਾਨਕ ਤੇ ਕਰਤਾਰਪੁਰ ਸਾਹਿਬ
- ਲੋਕਾਂ ਮੁਤਾਬਕ ਗੁਰੂ ਦੀ ਬਖ਼ਸ਼ਿਸ਼ ਦਾ ਚਮਤਕਾਰ
- ਚੜ੍ਹਦੇ ਪੰਜਾਬ ਵਾਲੇ ਪਾਸੇ ਬਣੇਗਾ 'ਕਰਤਾਰਪੁਰ ਦੁਆਰ'



**ਡੇਰਾ ਬਾਬਾ ਨਾਨਕ/ਬਿਊਰੋ ਨਿਊਜ਼ :** ਸੰਨ 1947 ਵਿਚ ਹੋਈ ਸਾਂਝੇ ਪੰਜਾਬ ਦੀ ਵੰਡ ਤੋਂ ਬਾਅਦ ਬਾਰਡਰ ਦੇ ਆਰ-ਪਾਰ ਰਹਿ ਗਏ ਦੋਵੇਂ ਪਾਸੇ ਦੇ ਪੰਜਾਬੀ ਲੋਕਾਂ ਦੀ ਜ਼ਿੰਦਗੀ ਬਹੁਤ ਸਾਰੀਆਂ ਦੁਸ਼ਵਾਰੀਆਂ ਝੱਲਦੀ ਆ ਰਹੀ ਹੈ। ਲਗਭੱਗ 71 ਸਾਲ ਦੀ ਲੰਮੀ ਉਡੀਕ ਤੋਂ ਬਾਅਦ ਹਾਲ ਹੀ ਵਿਚ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਦੀ ਜੋ ਚਾਰਾਜੋਈ ਹੋਈ ਹੈ, ਦੋਵੇਂ ਪਾਸੇ ਦੇ ਲੋਕ ਇਸ ਨੂੰ ਗੁਰੂ ਦੀ ਬਖਸ਼ਿਸ਼ ਨਾਲ ਹੋਏ ਚਮਤਕਾਰ ਤੋਂ ਘੱਟ ਨਹੀਂ ਮੰਨਦੇ।

**ਪਛੜੇ ਸਰਹੱਦੀ ਇਲਾਕੇ ਦੀ ਤਰੱਕੀ ਦਾ ਦੁਆਰ ਖੁੱਲ੍ਹਿਆ :** ਡੇਰਾ ਬਾਬਾ ਨਾਨਕ ਕਸਬੇ ਤੋਂ ਪਾਕਿਸਤਾਨ ਸਥਿਤ ਸ੍ਰੀ ਕਰਤਾਰਪੁਰ ਸਾਹਿਬ ਗੁਰਦੁਆਰੇ ਤਕ ਲਾਂਘਾ ਖੋਲ੍ਹਣ ਲਈ ਪਿਛਲੀ ਦਿਨੀਂ ਦੋਵਾਂ ਦੇਸ਼ਾਂ ਵਿਚ ਨੀਂਹ ਪੱਥਰ ਰੱਖੇ ਜਾਣ ਨਾਲ ਡੇਰਾ ਬਾਬਾ ਨਾਨਕ ਅਤੇ ਸ੍ਰੀ ਕਰਤਾਰਪੁਰ ਸਾਹਿਬ ਦੁਨੀਆ ਦੇ ਨਕਸ਼ੇ 'ਤੇ ਚਮਕ ਗਏ ਹਨ। ਜਿਥੇ ਡੇਰਾ ਬਾਬਾ ਨਾਨਕ ਕਸਬਾ ਆਰਥਿਕ ਤੇ ਧਾਰਮਿਕ ਕੇਂਦਰ ਵਜੋਂ ਵਿਕਸਤ ਹੋਵੇਗਾ, ਉਥੇ ਧਾਰਮਿਕ ਸੈਰ ਸਪਾਟੇ ਦਾ ਵਧੀਆ ਕੇਂਦਰ ਵੀ ਬਣੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਵਾਲੇ ਇਤਿਹਾਸਕ ਸਥਾਨ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਲਈ ਹੋਂਦ ਵਿਚ ਆ ਰਹੇ ਲਾਂਘੇ ਨਾਲ,

ਬਾਕੀ ਸਫ਼ਾ 29 'ਤੇ

### *ਦੇਸ਼ ਵੰਡ ਤੋਂ ਪਹਿਲਾਂ ਹੁੰਦਾ ਸੀ ਇਹ ਅਹਿਮ ਲਾਂਘਾ*

ਡੇਰਾ ਬਾਬਾ ਨਾਨਕ ਗੁਰੂ ਨਾਨਕ ਦੇਵ ਜੀ ਦੀ ਚਰਨ-ਛੋਹ ਪ੍ਰਾਪਤ ਧਰਤੀ ਹੈ। ਦੇਸ਼ ਵੰਡ ਤੋਂ ਪਹਿਲਾਂ ਇਹ ਅਹਿਮ ਲਾਂਘਾ ਹੁੰਦਾ ਸੀ। ਰਾਵੀ ਦਰਿਆ ਉਪਰ ਇਕ ਪੁਲ ਵੀ ਉਸਰਿਆ ਹੋਇਆ ਸੀ, ਜੋ ਆਉਣ-ਜਾਣ ਵਾਸਤੇ ਵਰਤਿਆ ਜਾਂਦਾ ਸੀ। ਕਸਬਾ ਡੇਰਾ ਬਾਬਾ ਨਾਨਕ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਵਸਿਆ ਹੋਇਆ ਹੈ। ਕਦੇ ਇਹ ਕਸਬਾ ਵਪਾਰਕ ਕੇਂਦਰ ਵੀ ਹੁੰਦਾ ਸੀ ਤੇ ਇਸ ਦਾ ਅੰਮ੍ਰਿਤਸਰ ਨਾਲ ਰੇਲ ਸੰਪਰਕ ਵੀ ਹੈ, ਪਰ ਦੇਸ਼ ਵੰਡ ਤੋਂ ਬਾਅਦ ਇਹ ਕਸਬਾ ਪਛੜ ਗਿਆ। ਇੱਥੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਦਰਬਾਰ ਸਾਹਿਬ ਬਣਿਆ ਹੋਇਆ ਹੈ ਤੇ ਇਕ ਗੁਰਦੁਆਰਾ ਚੋਹਲਾ ਸਾਹਿਬ ਹੈ। ਇਸ ਕਸਬੇ ਤੋਂ ਲਗਭਗ 7 ਕਿਲੋਮੀਟਰ ਦੀ ਦੂਰੀ 'ਤੇ ਪਾਕਿਸਤਾਨ ਦੀ ਧਰਤੀ 'ਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਹੈ ਤੇ ਇਸ ਗੁਰਦੁਆਰੇ ਨੂੰ

ਬਾਕੀ ਸਫ਼ਾ 29 'ਤੇ

# 'ਸ਼ੂਦਰ-ਏ-ਖ਼ਾਲਸਾ' ਫਿਲਮ ਨੂੰ ਸੈਂਸਰ ਬੋਰਡ ਵਲੋਂ ਕੋਰੀ ਨਾਂਹ

### *ਭਾਰਤ ਦੇ ਸੈਂਸਰ ਬੋਰਡ ਦਾ ਵੀ ਭਗਵਾਂਕਰਨ ਹੋਇਆ*




**ਲੁਧਿਆਣਾ/ਬਿਊਰੋ ਨਿਊਜ਼ :** ਛੇ ਮਹੀਨਿਆਂ ਦੀ ਜੱਦੋਜਹਿਦ ਤੋਂ ਬਾਅਦ ਭਾਰਤ ਦੇ ਕੇਂਦਰੀ ਫਿਲਮ ਸੈਂਸਰ ਬੋਰਡ ਨੇ ਇਤਿਹਾਸਕ ਤੱਥਾਂ ਦੇ ਆਧਾਰ 'ਤੇ ਬਣੀ ਹਿੰਦੀ ਫਿਲਮ 'ਸ਼ੂਦਰ-ਏ-ਖ਼ਾਲਸਾ' ਨੂੰ ਜਾਰੀ ਕਰਨ ਤੋਂ ਨਾਂਹ ਕਰ ਦਿੱਤੀ ਹੈ। ਇਸ ਕਾਰਨ ਕਰੋੜਾਂ ਦੇ ਬਜਟ ਨਾਲ ਬਣੀ ਇਸ ਫਿਲਮ ਦੀ ਸਮੁੱਚੀ ਟੀਮ ਅਤੇ ਵਿਦਵਾਨਾਂ ਵਿਚ ਸੈਂਸਰ ਬੋਰਡ ਪ੍ਰਤੀ ਰੋਸ ਦੀ ਭਾਵਨਾ ਹੈ ਅਤੇ ਉਨ੍ਹਾਂ ਫਿਲਮ ਨੂੰ ਜਾਰੀ ਕਰਾਉਣ ਲਈ ਸੁਪਰੀਮ ਕੋਰਟ ਤੱਕ ਕਾਨੂੰਨੀ ਲੜਾਈ ਲੜਨ ਦਾ ਫੈਸਲਾ ਕਰ ਲਿਆ ਹੈ। ਇਸ ਸਬੰਧੀ ਪ੍ਰੋਡਿਊਸਰ ਐਡਵੋਕੇਟ ਹਰਪ੍ਰੀਤ ਸਿੰਘ ਜਮਾਲਪੁਰ ਅਤੇ ਡਾਇਰੈਕਟਰ ਬਾਬਾ ਕਮਲ ਨੇ ਕਿਹਾ ਕਿ ਭਾਰਤ ਦੇ ਸੈਂਸਰ ਬੋਰਡ ਦਾ ਵੀ ਭਗਵਾਂਕਰਨ ਹੋ ਚੁੱਕਾ ਹੈ। ਸੈਂਸਰ ਬੋਰਡ ਦੀ ਇਸੇ ਸੋਚ ਕਾਰਨ ਇਸ ਫਿਲਮ ਨੂੰ ਜਾਰੀ ਕਰਨ ਦਾ ਸਰਟੀਫਿਕੇਟ ਨਹੀਂ ਦਿੱਤਾ ਗਿਆ।

ਬਾਕੀ ਸਫ਼ਾ 29 'ਤੇ

# ਬਾਗੀ ਅਕਾਲੀਆਂ ਵੱਲੋਂ ਨਵਾਂ ਸਿਆਸੀ ਦਲ ਬਣਾਉਣ ਦਾ ਐਲਾਨ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਪੰਜਾਬ ਦੀ ਰਾਜਨੀਤੀ ਵਿਚ ਇਕ ਹੋਰ ਅਕਾਲੀ ਦਲ ਬਣਨ ਜਾ ਰਿਹਾ ਹੈ। ਬਾਦਲ ਦਲ ਤੋਂ ਵੱਖ ਹੋਏ ਟਕਸਾਲੀ ਤੇ ਸੀਨੀਅਰ ਅਕਾਲੀ ਆਗੂਆਂ ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ ਅਤੇ ਸੇਵਾ ਸਿੰਘ ਸੇਖਵਾਂ ਨੇ ਨਵਾਂ ਸ਼੍ਰੋਮਣੀ ਅਕਾਲੀ ਦਲ ਬਣਾਉਣ ਦਾ ਐਲਾਨ ਕੀਤਾ ਹੈ। ਇਨ੍ਹਾਂ ਆਗੂਆਂ ਨੂੰ ਪਾਰਟੀ ਦਾ ਵਿਰੋਧ ਕਰਨ ਦੇ ਦੋਸ਼ ਹੇਠ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਵਿੱਚੋਂ ਫਾਰਗ ਕਰ ਦਿੱਤਾ ਗਿਆ ਸੀ।ਸੰਸਦ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ ਦੀ ਰਿਹਾਇਸ਼ 'ਤੇ ਇਕੱਠੇ ਹੋਏ ਇਨ੍ਹਾਂ ਆਗੂਆਂ ਨੇ ਐਲਾਨ ਕੀਤਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਬਰਾਬਰ ਇਕ ਨਵੀਂ ਪਾਰਟੀ ਬਣਾਉਣਗੇ, ਜਿਸ ਨੂੰ ਸੰਨ 1920 ਵਿਚ ਸਥਾਪਤ ਕੀਤੇ ਸ਼੍ਰੋਮਣੀ ਅਕਾਲੀ ਦਲ ਦੇ ਸਿਧਾਂਤਾਂ ਅਤੇ ਪਰੰਪਰਾਵਾਂ ਅਨੁਸਾਰ ਚਲਾਇਆ ਜਾਵੇਗਾ।



ਬਾਕੀ ਸਫ਼ਾ 29 'ਤੇ



















ਬੁੱਕ ਰਿਲੀਜ਼ ਸਮਾਰੋਹ
ਲੇਖਕ ਸ. ਰਾਮ ਸਿੰਘ ਦੀਆਂ ਲਿਖੀਆਂ ਦੋ ਕਿਤਾਬਾਂ
''ਗੁਰਬਾਣੀ ਵਿਚਾਰ ਲੇਖ''
''ਆਨੰਦ ਸਾਹਿਬ ਦਾ ਗੁਹਜ''
ਦੀ ਘੁੰਡ ਚੁਕਾਈ
ਗੁਰਬਾਣੀ ਵੀਚਾਰ ਲੇਖ
ਰਾਮ ਸਿੰਘ ਕੈਲੀਫੋਰਨੀਆ
ਆਨੰਦ ਸਾਹਿਬ ਦਾ ਗੁਹਜ
ਰਾਮ ਸਿੰਘ ਕੈਲੀਫੋਰਨੀਆ
9 ਦਸੰਬਰ 2018, ਦਿਨ ਐਤਵਾਰ
ਸਮਾਂ : ਸ਼ਾਮ 03:00 ਤੋਂ 05:30 ਵਜੇ ਤਕ
ਸਥਾਨ
ਰਾਜਾ ਸਵੀਟਸ
1275 ਵਿੰਟਨ ਐਵੇਨਿਊ,
ਹੇਵਰਡ, ਕੈਲੀਫੋਰਨੀਆ
ਕਿਤਾਬ ''ਗੁਰਬਾਣੀ ਵਿਚਾਰ ਲੇਖ'' ਵਿਚ ਗੁਰਬਾਣੀ ਦੀ ਰੌਸ਼ਨੀ ਵਿਚ ਵੱਖ-ਵੱਖ ਵਿਸ਼ਿਆਂ ਉਤੇ ਲੇਖ ਹਨ। ਕਿਤਾਬ ''ਆਨੰਦ ਸਾਹਿਬ ਦਾ ਗੁਹਜ'' ਵਿਚ ਇਕ ਸਿੱਖ ਦੇ ਜੀਵਨ ਵਿਚ ਆਨੰਦ ਦੀ ਸਥਿਤੀ ਬਾਰੇ ਦੱਸਿਆ ਗਿਆ ਹੈ।
ਹੋਰ ਜਾਣਕਾਰੀ ਲਈ ਸੰਪਰਕ ਕਰੋ : 408-667-3116
ਲੇਖਕ ਸ. ਰਾਮ ਸਿੰਘ


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300

# ਲੇਖਕ ਰਾਮ ਸਿੰਘ ਦੀਆਂ ਲਿਖੀਆਂ ਕਿਤਾਬਾਂ ਦਾ ਰਿਲੀਜ਼ ਸਮਾਰੋਹ 9 ਦਸੰਬਰ ਨੂੰ

**ਹੇਵਰਡ/ਬਿਊਰੋ ਨਿਊਜ਼ :**
ਉਘੇ ਲੇਖਕ ਸ. ਰਾਮ ਸਿੰਘ ਦੀਆਂ ਲਿਖੀਆਂ ਦੋ ਕਿਤਾਬਾਂ, "ਗੁਰਬਾਣੀ ਵਿਚਾਰ ਲੇਖ" ਅਤੇ "ਆਨੰਦ ਸਾਹਿਬ ਦਾ ਗੁਹਜ" ਦੀ ਘੁੰਡ ਚੁਕਾਈ ਰਾਜਾ ਸਵੀਟਸ, 1275 ਵਿੰਟਨ ਐਵੇਨਿਊ, ਹੇਵਰਡ ਵਿਖੇ ਦਿਨ ਐਤਵਾਰ, 9 ਦਸੰਬਰ 2018 ਨੂੰ ਸ਼ਾਮੀਂ 03:00-05:30 ਵਜੇ ਤਕ ਹੋ ਰਹੀ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਸ. ਰਾਮ ਸਿੰਘ ਨੇ ਦੱਸਿਆ ਕਿ ਬੁੱਕ-ਰਿਲੀਜ਼ ਸਮਾਰੋਹ ਵਿਚ ਦੋਵੇਂ ਕਿਤਾਬਾਂ ਦੀ ਰਿਲੀਜ਼ ਕਰਨ ਦੀ ਰਸਮ ਦੇ ਨਾਲ-ਨਾਲ ਵੱਖ-ਵੱਖ ਵਿਦਵਾਨਾਂ ਤੇ ਵਕਤਿਆਂ ਵੱਲੋਂ ਇਨ੍ਹਾਂ ਉਤੇ ਵਿਚਾਰ-ਚਰਚਾ ਵੀ ਕੀਤੀ









ਜਾਵੇਗੀ। ਆਪਣੀਆਂ ਕਿਤਾਬਾਂ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਲੇਖਕ ਸ. ਰਾਮ ਸਿੰਘ ਨੇ ਦੱਸਿਆ ਕਿ ਕਿਤਾਬ "ਗੁਰਬਾਣੀ ਵਿਚਾਰ ਲੇਖ" ਵਿਚ ਗੁਰਬਾਣੀ ਦੀ ਰੌਸ਼ਨੀ ਵਿਚ ਸਾਡੇ ਰੋਜ਼ਾਨਾ ਜੀਵਨ ਵਿਚ ਮਹੱਤਤਾ ਰੱਖਣ ਵਾਲੇ ਵੱਖ-ਵੱਖ ਵਿਸ਼ਿਆਂ ਉਤੇ ਲੇਖ ਦਰਜ ਹਨ। ਇਸੇ ਤਰ੍ਹਾਂ ਕਿਤਾਬ "ਆਨੰਦ ਸਾਹਿਬ ਦਾ ਗੁਹਜ" ਵਿਚ ਇਕ ਸਿੱਖ ਦੇ ਜੀਵਨ ਵਿਚ ਆਨੰਦ ਦੀ ਸਥਿਤੀ ਬਾਰੇ ਦੱਸਿਆ ਗਿਆ ਹੈ। ਇਸ ਕਿਤਾਬ ਵਿਚ ਅਧਿਆਤਮਕ ਗਿਆਨ, ਮਨ, ਅਨੁਭਵੀ ਅਨੰਦ, ਸੱਚੀ ਭਗਤੀ, ਮਾਇਆ, ਕਰਮ ਅਤੇ ਸੱਚੀ ਭਜਨ-ਬੰਦਗੀ ਆਦਿ ਦੀ ਲੋੜ ਬਾਰੇ ਵਿਸਥਾਰ ਨਾਲ ਦੱਸਿਆ ਗਿਆ ਹੈ।
ਇਸ ਸਮਾਰੋਹ ਵਿਚ ਪਹੁੰਚਣ ਲਈ ਸਾਰੇ ਪੁਸਤਕ ਪ੍ਰੇਮੀਆਂ ਤੇ ਗਿਆਨ ਅਭਿਲਾਸ਼ੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ। ਹੋਰ ਜਾਣਕਾਰੀ ਲਈ ਫੋਨ ਨੰਬਰ 408-667-3116 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਫਰਾਂਸ 'ਚ ਪ੍ਰਦਰਸ਼ਨਕਾਰੀਆਂ ਮੂਹਰੇ ਝੁਕੀ ਸਰਕਾਰ, ਤੇਲ ਤੋਂ ਟੈਕਸ ਵਾਪਿਸ

**ਪੈਰਿਸ/ਬਿਊਰੋ ਨਿਊਜ਼ :** ਫਰਾਂਸ ਸਰਕਾਰ ਨੇ ਤੇਲ 'ਤੇ ਟੈਕਸ ਵਧਾਉਣ ਦਾ ਫੈਸਲਾ ਵਾਪਸ ਲੈਣ ਦਾ ਐਲਾਨ ਕਰ ਦਿੱਤਾ ਹੈ। ਇਹ ਫੈਸਲਾ ਫਰਾਂਸ 'ਚ ਤੇਲ ਦੀਆਂ ਵਧੀਆਂ ਕੀਮਤਾਂ ਤੋਂ ਬਾਅਦ ਹੋ ਰਹੇ ਹਿੰਸਕ ਪ੍ਰਦਰਸ਼ਨ ਤੋਂ ਬਾਅਦ ਲਿਆ ਗਿਆ ਹੈ। ਮਹਿੰਗੇ ਡੀਜ਼ਲ-ਪੈਟਰੋਲ ਲਈ ਲੋਕ ਫਰਾਂਸ ਦੇ ਰਾਸ਼ਟਰਪਤੀ ਇਮੈਨੁਏਲ ਦੇ ਅਸਤੀਫੇ ਦੀ ਮੰਗ ਕਰ ਰਹੇ ਸੀ।ਫਰਾਂਸ ਦੇ ਸਥਾਨਕ ਮੀਡੀਆ ਨੇ ਇਹ ਜਾਣਕਾਰੀ ਦਿੱਤੀ ਹੈ। ਫਰਾਂਸ ਦੇ ਪ੍ਰਧਾਨ ਮੰਤਰੀ ਨੇ ਤੇਲ ਟੈਕਸ ਵਧਾਉਣ 'ਤੇ ਪ੍ਰਦਰਸ਼ਨ ਕਰ ਰਹੇ ਲੋਕਾਂ ਨਾਲ ਮੁਲਾਕਾਤ ਕਰਨੀ ਸੀ ਪਰ ਪ੍ਰਦਰਸ਼ਨਕਾਰੀਆਂ ਨੇ ਉਨ੍ਹਾਂ ਨੂੰ ਮਿਲਣ ਤੋਂ ਮਨ੍ਹਾ ਕਰ ਦਿੱਤਾ ਸੀ। ਜ਼ਿਕਰਯੋਗ ਹੈ ਕਿ ਪੈਟਰੋਲ-ਡੀਜ਼ਲ 'ਤੇ ਟੈਕਸ ਦੀਆਂ ਉੱਚੀਆਂ ਦਰਾਂ ਕਾਰਨ ਫਰਾਂਸ 'ਚ ਨਵੰਬਰ ਤੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਪ੍ਰਦਰਸ਼ਨ ਹੋ ਰਹੇ ਹਨ। ਪਰ ਪਿਛਲੇ ਕੁਝ ਦਿਨਾਂ ਤੋਂ ਪ੍ਰਦਰਸ਼ਨਾਂ ਨੇ ਹਿੰਸਕ ਰੂਪ ਅਖਤਿਆਰ ਕਰ ਲਿਆ ਸੀ। ਇਸ ਤੋਂ ਬਾਅਦ ਸਰਕਾਰ ਨੂੰ ਆਪਣਾ ਫੈਸਲਾ ਵਾਪਸ ਲੈਣਾ ਪਿਆ।

# 'ਆਇਰਨ ਮੈਨ' ਦਾ ਖ਼ਿਤਾਬ ਜਿੱਤਣ ਵਾਲੇ ਗੁਰਸਿੱਖ ਨੌਜਵਾਨ ਦਾ ਸਨਮਾਨ

**ਅੰਮ੍ਰਿਤਸਰ/ਬਿਊਰੋ ਨਿਊਜ਼ :**
'ਆਇਰਨ ਮੈਨ' ਦਾ ਖ਼ਿਤਾਬ ਜਿੱਤਣ ਵਾਲੇ ਪੰਜਾਬ ਦੇ ਅੰਮ੍ਰਿਤਸਰ ਵਾਸੀ ਗੁਰਸਿੱਖ ਨੌਜਵਾਨ ਸੁਖਰੀਤ ਸਿੰਘ (26 ਸਾਲ) ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ। ਉਸ ਨੇ ਇਹ ਖਿਤਾਬ ਅਮਰੀਕਾ ਤੇ ਫਲੋਰੀਡਾ ਸੂਬੇ ਵਿਚ ਵਰਲਡ ਟ੍ਰਾਇਥਲੌਨ ਕਾਰਪੋਰੇਸ਼ਨ ਵਲੋਂ ਕਰਵਾਏ ਗਏ ਮੁਕਾਬਲੇ 'ਚ ਜਿੱਤਿਆ ਹੈ।
ਸੁਖਰੀਤ ਸਿੰਘ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਅਤੇ ਨਰਿੰਦਰ ਸਿੰਘ ਦਾ ਬੇਟਾ ਹੈ। ਦਿੱਲੀ ਯੂਨੀਵਰਸਿਟੀ ਤੋਂ ਬੀ.ਕਾਮ ਆਨਰਜ਼ ਕਰਨ ਤੋਂ ਬਾਅਦ ਸੁਖਰੀਤ ਆਪਣਾ ਕਾਰੋਬਾਰ ਕਰ ਰਿਹਾ ਹੈ। ਇਸ ਮੁਕਾਬਲੇ ਲਈ ਉਸ ਨੇ ਵਿਸ਼ੇਸ਼ ਸਿਖ਼ਲਾਈ ਪ੍ਰਾਪਤ ਕੀਤੀ ਹੈ। ਮੁਕਾਬਲੇ ਦੌਰਾਨ ਤੈਰਨ, ਸਾਈਕਲ ਦੌੜ ਤੇ ਬਾਅਦ ਵਿਚ ਲੰਮੀ ਦੌੜ ਹੁੰਦੀ ਹੈ। ਇਸ ਮੁਕਾਬਲੇ ਲਈ 25 ਸੌ ਤੋਂ ਵੱਧ ਖਿਡਾਰੀ ਮੈਦਾਨ ਵਿਚ ਸਨ ਤੇ ਇਸ ਨੂੰ ਕਾਫ਼ੀ ਅਹਿਮੀਅਤ ਦਿੱਤੀ ਜਾਂਦੀ ਹੈ। ਸੁਖਰੀਤ ਨੇ ਦੱਸਿਆ ਕਿ



ਉਸ ਨੇ ਚਾਰ ਕਿਲੋਮੀਟਰ ਤੈਰਾਕੀ ਕੀਤੀ, 180 ਕਿਲੋਮੀਟਰ ਸਾਈਕਲ ਚਲਾਇਆ ਅਤੇ ਮੁੜ 42 ਕਿਲੋਮੀਟਰ ਦੌੜ ਲਾਈ। ਮੁਕਾਬਲੇ ਵਿਚ ਉਹ ਪੰਜਾਬ ਤੋਂ ਇਕੱਲਾ ਗੁਰਸਿੱਖ ਨੌਜਵਾਨ ਸੀ, ਜਿਸ ਨੂੰ ਇਹ ਐਵਾਰਡ ਪ੍ਰਾਪਤ ਹੋਇਆ ਹੈ। ਸੁਖਰੀਤ ਦੀ ਮਾਂ ਬੀਬੀ ਕਿਰਨਜੋਤ ਕੌਰ ਉੱਘੇ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਦੀ ਰਿਸ਼ਤੇ ਵਿਚ ਦੋਹਤੀ ਲਗਦੀ ਹੈ। ਇਸ ਨੌਜਵਾਨ ਨੂੰ ਐਸਜੀਪੀਸੀ ਦੇ ਸੂਚਨਾ ਕੇਂਦਰ ਵਿਚ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਸਿਰੋਪਾਓ, ਲੋਈ, ਹਰਿਮੰਦਰ ਸਾਹਿਬ ਦਾ ਮਾਡਲ ਅਤੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ, ਮੈਨੇਜਰ ਮੁਖਤਾਰ ਸਿੰਘ, ਹਰਭਜਨ ਸਿੰਘ ਵਕਤਾ ਤੇ ਹੋਰ ਕਮੇਟੀ ਅਧਿਕਾਰੀ ਹਾਜ਼ਰ ਸਨ।

## ਨੈਣਦੀਪ ਸਿੰਘ ਫਰਿਜਨੋ ਸਕੂਲ ਡਿਸਟ੍ਰਿਕਟ-7 ਦੀ ਫਸਵੀਂ ਚੋਣ ਵਿਚ ਜੇਤੂ

**ਫਰਿਜਨੋ/ਬਿਊਰੋ ਨਿਊਜ਼ :** ਫਰਿਜਨੋ ਸਕੂਲ ਡਿਸਟ੍ਰਿਕਟ-7 ਦੀ ਫਸਵੀਂ ਚੋਣ ਵਿਚ ਨੈਣਦੀਪ ਸਿੰਘ ਨੇ ਰਾਮਾ ਡਾਵਰ ਨੂੰ 108 ਵੋਟਾਂ ਨਾਲ ਹਰਾ ਕੇ ਜਿੱਤ ਪ੍ਰਾਪਤ ਕਰ ਲਈ ਹੈ। ਯਾਦ ਰਹੇ ਕਿ ਰਾਮਾ ਡਾਵਰ ਨੂੰ ਹਰਾਉਣਾ ਕੋਈ ਸੌਖਾ ਕੰਮ ਨਹੀਂ ਸੀ। ਇਹ ਉਹੀ ਸ਼ਖਸ਼ ਹੈ, ਜਿਸ ਨੇ ਇਕ ਵਾਰ ਫਰਿਜਨੋ ਵਿਚ ਸਿੱਖ ਨਸਲਕੁਸ਼ੀ ਦਾ ਮਤਾ ਪਾਸ ਨਹੀਂ ਸੀ ਹੋਣ ਦਿੱਤਾ ਪਰ ਜੈਕਾਰਾ ਜਥੇਬੰਦੀ ਦੇ ਡਾਇਰੈਕਟਰ ਨੈਣਦੀਪ ਸਿੰਘ ਨੇ ਲੋਕਲ ਸਿੱਖਾਂ ਨੂੰ ਨਾਲ ਲੈ ਕੇ ਇਹ ਮੁੱਦਾ ਚੁੱਕਿਆ ਅਤੇ ਫਰਿਜਨੋ ਸਿਟੀ ਨੂੰ ਮਤਾ ਦੁਬਾਰਾ ਪਾਸ ਕਰਨਾ ਪਿਆ ਸੀ। ਰਾਮਾ ਡਾਵਰ ਸਿੱਖਾਂ ਦੀਆਂ ਵੋਟਾਂ ਲੈ ਕੇ ਚੋਣਾਂ ਜਿੱਤਦਾ ਆ ਰਿਹਾ ਸੀ ਅਤੇ ਕਥਿਤ ਤੌਰ 'ਤੇ ਭਾਰਤੀ ਕੌਂਸਲੇਟ ਨਾਲ ਮਿਲਕੇ ਸਿੱਖ ਵਿਰੋਧੀ ਕੰਮ ਵੀ ਕਰਦਾ ਰਹਿੰਦਾ ਸੀ। ਇਸ ਵਾਰ ਸਿੱਖ ਭਾਈਚਾਰੇ ਨੇ ਨੈਣਦੀਪ ਸਿੰਘ ਨੂੰ ਉਸ ਦੇ ਖਿਲਾਫ ਮੈਦਾਨ ਵਿਚ ਉਤਾਰਿਆ ਸੀ, ਜਿਸ ਨੂੰ ਬਹੁਤ ਹੀ ਫਸਵੀਂ ਟੱਕਰ ਤੋਂ ਬਾਅਦ ਜੇਤੂ ਕਰਾਰ ਦਿੱਤਾ ਗਿਆ ਹੈ। ਰਾਮਾ ਡਾਵਰ ਦਾ ਉਸ ਵੇਲੇ ਵੀ ਭਾਈਚਾਰੇ ਵਿਚ ਵਿਰੋਧ ਹੋਇਆ ਸੀ, ਜਦੋਂ ਇਸ ਨੇ ਬੁਖਲਾ ਕੇ ਨੈਣਦੀਪ ਵਿਰੁੱਧ ਨੈਗੇਟਿਵ ਕੰਪੇਨ ਸ਼ੁਰੂ ਕਰ ਦਿੱਤੀ ਸੀ। ਇਸ ਮੁਹਿੰਮ ਵਿਚ ਪੰਜਾਬੀ ਪੱਤਰਕਾਰ ਮਹਿੰਦਰ ਕੰਡਾ ਨੇ ਵੀ ਉਸ ਦਾ ਸਾਥ ਦਿੱਤਾ ਸੀ ਪਰ ਆਖਿਰ ਤਮਾਮ ਕੋਸ਼ਿਸ਼ਾਂ ਤੋਂ ਬਾਅਦ ਉਨ੍ਹਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ।






## ਲੋਕਾਂ ਵੱਲੋਂ ਮਰਹੂਮ ਜੌਰਜ ਬੁਸ਼ ਦੇ ਬੁੱਤ ’ਤੇ ਫੁੱਲ ਚੜ੍ਹਾ ਕੇ ਸ਼ਰਧਾਂਜਲੀ ਭੇਟ

**ਹਿਊਸਟਨ/ਬਿਊਰੋ ਨਿਊਜ਼ :** ਸਾਬਕਾ ਰਾਸ਼ਟਰਪਤੀ ਜੌਰਜ ਐਚ. ਡਬਲਯੂ. ਬੁਸ਼ ਦਾ 94 ਸਾਲ ਦੀ ਉਮਰ ਵਿਚ ਦੇਹਾਂਤ ਹੋਣ ਤੋਂ ਬਾਅਦ ਉਨ੍ਹਾਂ ਨੂੰ ਦੇਸ਼ ਭਰ ਵਿਚ ਸ਼ਰਧਾਂਜ਼ਲੀ ਦਿੱਤੀ ਜਾ ਰਹੀ ਹੈ। ਉਹ ਅਮਰੀਕਾ ਦੇ 41ਵੇਂ ਰਾਸ਼ਟਰਪਤੀ ਰਹੇ ਸਨ। ਜੌਰਜ ਡਬਲਿਊ ਬੁਸ਼ ਦੀ ਦੇਹ ਨੂੰ ਵਾਸ਼ਿੰਗਟਨ ਵਿਚ ਨੈਸ਼ਨਲ ਕੈਥੇਡਰਲ ਵਿਚ ਅੰਤਿਮ ਸੰਸਕਾਰ ਸਬੰਧੀ ਸਰਕਾਰੀ ਸਨਮਾਨ ਦਿੱਤਾ ਜਾਵੇਗਾ ਅਤੇ ਵੀਰਵਾਰ ਨੂੰ ਟੈਕਸਾਸ ਵਿਚ ਦਫ਼ਨਾਇਆ ਜਾਵੇਗਾ। ਜੌਰਜ ਡਬਲਿਊ ਬੁਸ਼ ਦੀ ਮੌਤ ਦਾ ਐਲਾਨ, ਉਨ੍ਹਾਂ ਦੇ ਪੁੱਤਰ ਜੌਰਜ ਬੁਸ਼ ਜੂਨੀਅਰ, ਜੋ ਖੁਦ ਵੀ ਅਮਰੀਕਾ ਦੇ 43ਵੇਂ ਰਾਸ਼ਟਰਪਤੀ ਰਹੇ ਹਨ, ਨੇ ਆਪਣੇ ਪਰਿਵਾਰ ਨਾਲ ਇਕ ਸਾਂਝੇ ਬਿਆਨ ਰਾਹੀਂ ਕੀਤਾ।

ਰਾਸ਼ਟਰਪਤੀ ਡੋਨਲਡ ਟਰੰਪ ਨੇ ਉਨ੍ਹਾਂ ਨੂੰ ਸ਼ਰਧਾਂਜ਼ਲੀ ਭੇਟ ਕਰਦਿਆਂ ਸੀਤ ਯੁੱਧ ਦੇ ਜ਼ਮਾਨੇ ਵਿਚ ਬੁਸ਼ ਦੀ ਲੀਡਰਸ਼ਿਪ ਦੀ ਸ਼ਲਾਘਾ ਕੀਤੀ ਹੈ।

ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਬੁਸ਼ ਪਾਰਕਿਨਸਨ ਦੀ ਬਿਮਾਰੀ ਤੋਂ ਪੀੜਤ ਸਨ ਜਿਸ ਕਰ ਕੇ ਉਹ ਕਈ ਸਾਲਾਂ ਤੋਂ ਵੀਲ੍ਹ ਚੇਅਰ ‘ਤੇ ਹੀ ਸਨ। ਲੰਘੀ 23 ਅਪਰੈਲ ਨੂੰ ਖ਼ੂਨ ਦੀ ਇਨਫੈਕਸ਼ਨ ਕਾਰਨ ਉਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਾਉਣਾ ਪਿਆ ਸੀ। ਮਈ ਵਿਚ ਘੱਟ ਬਲੱਡ ਪ੍ਰੈਸ਼ਰ ਤੇ ਥਕਾਵਟ ਕਾਰਨ ਉਨ੍ਹਾਂ ਨੂੰ ਦੁਬਾਰਾ ਹਸਪਤਾਲ ਦਾਖ਼ਲ ਹੋਣਾ ਪਿਆ ਸੀ। ਅੱਠ ਮਹੀਨੇ ਪਹਿਲਾਂ ਉਨ੍ਹਾਂ ਦੀ ਪਤਨੀ ਬਾਰਬਰਾ ਬੁਸ਼ ਦਾ 73 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ ਸੀ। ਲੜਾਕੂ ਪਾਇਲਟ ਤੇ ਸੀਆਈਏ ਦੇ ਮੁਖੀ ਦੀਆਂ ਸੇਵਾਵਾਂ ਦੇਣ ਤੋਂ ਬਾਅਦ ਉਹ 8 ਨਵੰਬਰ 1988 ਨੂੰ ਅਮਰੀਕਾ ਦੇ ਰਾਸ਼ਟਰਪਤੀ ਚੁਣੇ ਗਏ ਸਨ ਤੇ 20 ਜਨਵਰੀ 1993 ਤਕ ਅਹੁਦੇ ‘ਤੇ ਰਹੇ ਸਨ। ਉਨ੍ਹਾਂ ਦੇ ਕਾਰਜਕਾਲ ਦੌਰਾਨ ਆਲਮੀ ਪੱਧਰ ‘ਤੇ ਮਨੁੱਖੀ ਆਜ਼ਾਦੀ ਦੀ ਲਹਿਰ ਫੈਲੀ, ਸੋਵੀਅਤ ਸੰਘ ਢਹਿ ਢੇਰੀ ਹੋ ਗਿਆ ਤੇ ਇਸ ਦੇ ਨਾਲ ਹੀ ਸੀਤ ਯੁੱਧ ਖਤਮ ਹੋ ਗਿਆ, ਬਰਲਿਨ ਦੀ ਕੰਧ ਢਹਿ ਗਈ ਤੇ ਜਰਮਨੀ ਦਾ ਏਕੀਕਰਨ ਹੋਇਆ।

# ਮਹਾਰਾਸ਼ਟਰ : ਪੁਲਿਸ ਲਾਠੀਚਾਰਜ ਵਿਚ ਬਜ਼ੁਰਗ ਸਿੱਖ ਦੀ ਮੌਤ

### * ਪ੍ਰਸ਼ਾਸਨ ਨੇ ਸਿਕਲੀਗਰ ਸਿੱਖਾਂ ਦੇ ਘਰ ਢਾਹੇ
### * ਗੁਰਦੁਆਰਾ ਸਾਹਿਬ ਨੂੰ ਵੀ ਨਹੀਂ ਬਖਸ਼ਿਆ



**ਨਾਂਦੇੜ/ਬਿਊਰੋ ਨਿਊਜ਼ :** ਮਹਾਰਾਸ਼ਟਰ ਦੇ ਜ਼ਿਲ੍ਹਾ ਪ੍ਰਭਾਨੀ ਦੇ ਪਿੰਡ ਬਲਸਾ ਵਿਚ ਪੁਲੀਸ ਵੱਲੋਂ ਸਿਕਲੀਗਰ ਸਿੱਖਾਂ ਦੇ ਘਰ ਤੋੜੇ ਗਏ ਹਨ ਅਤੇ ਇਸ ਮੌਕੇ ਕੀਤੇ ਗਏ ਲਾਠੀਚਾਰਜ ਵਿਚ ਇਕ ਸਿੱਖ ਦੀ ਮੌਤ ਹੋਣ ਦੀ ਖਬਰ ਹੈ। ਗੁਰਦੁਆਰਾ ਸਾਹਿਬ ਦੇ ਨਿਸ਼ਾਨ ਸਾਹਿਬ ਨੂੰ ਨੁਕਸਾਨ ਪਹੁੰਚਾਉਣ ਦੀ ਘਟਨਾ ਸਬੰਧੀ ਵੀ ਪਤਾ ਲੱਗਾ ਹੈ। ਮਿਲੀ ਜਾਣਕਾਰੀ ਅਨੁਸਾਰ ਹਜ਼ੂਰ ਸਾਹਿਬ (ਨੰਦੇੜ) ਸ਼ਹਿਰ ਤੋਂ 70 ਕਿਲੋਮੀਟਰ ਦੂਰ ਸਥਿਤ ਪਰਭਣੀ ਜ਼ਿਲ੍ਹੇ ਅਧੀਨ ਬੋਸਲਾ ਪਿੰਡ ‘ਚ ਪੁਲਿਸ ਵਲੋਂ ਅਚਨਚੇਤ ਸਿੱਖਾਂ ਉਤੇ ਕੀਤੇ ਅਣਮਨੁੱਖੀ ਲਾਠੀਚਾਰਜ ਨਾਲ ਇਕ 80 ਸਾਲਾ ਸਿਕਲੀਗਰ ਸਿੱਖ ਬਜ਼ੁਰਗ ਸੱਤਾ ਸਿੰਘ ਦੀ ਮੌਤ ਹੋ ਗਈ ਹੈ। ਪਰਭਾਣੀ ਸ਼ਹਿਰ ਨਾਲ ਲਗਦੇ ਪਿੰਗਲੀ ਇਲਾਕੇ ‘ਚ ਬੋਸਲਾ ਗ੍ਰਾਮ ਪੰਚਾਇਤ ‘ਚ ਨਹਿਰ ਕਿਨਾਰੇ ਸਿੰਚਾਈ ਵਿਭਾਗ ਦੀ ਸਰਕਾਰੀ ਜ਼ਮੀਨ ‘ਤੋਂ ਪੁਲਿਸ ਅਤੇ ਪ੍ਰਸ਼ਾਸਨ ਵਲੋਂ ਕਬਜ਼ਾ ਹਟਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਸੀ। ਉਸ ਖ਼ੇਤਰ ‘ਚ ਪਿਛਲੇ 30 ਸਾਲਾਂ ਤੋਂ ਸਿਕਲੀਗਰ ਸਮਾਜ ਦੇ ਲਗਪਗ 30 ਮਕਾਨ ਸਨ ਤੇ ਇਕ ਗੁਰਦੁਆਰਾ ਵੀ ਸੀ। ਇੱਥੋਂ ਦੇ ਨਿਵਾਸੀ ਲਗਾਤਾਰ 30 ਸਾਲਾਂ ਤੋਂ ਸਰਕਾਰ ਨੂੰ ਟੈਕਸ ਵੀ ਭਰ ਰਹੇ ਹਨ।

ਪੁਲਿਸ ਨੇ ਅਚਾਨਕ ਆ ਕੇ ਬੁਲਡੋਜ਼ਰ ਦੀ ਮਦਦ ਨਾਲ ਮਕਾਨ ਢਾਹੁਣੇ ਸ਼ੁਰੂ ਕਰ ਦਿੱਤੇ। ਜਦੋਂ ਹੀ ਬੁਲਡੋਜ਼ਰ ਗੁਰਦੁਆਰਾ ਸਾਹਿਬ ਵੱਲ ਵਧਿਆ ਤਾਂ ਸਿਕਲੀਗਰ ਸਿੱਖਾਂ ਨੇ ਇਸ ਦਾ ਭਾਰੀ ਵਿਰੋਧ ਕੀਤਾ। ਸੱਤਾ ਸਿੰਘ ਨਾਂਅ ਦੇ ਸਿਕਲੀਗਰ ਸਿੱਖ ਨੇ ਗੁਰਦੁਆਰੇ ਦੇ ਨਿਸ਼ਾਨ ਸਾਹਿਬ ਨੂੰ ਘੁੱਟ ਕੇ ਫੜ ਲਿਆ ਤੇ ਬੇਨਤੀ ਕੀਤੀ ਕਿ ਇਸ ਪਵਿੱਤਰ ਨਿਸ਼ਾਨ ਨੂੰ ਨਾ ਤੋੜਿਆ ਜਾਵੇ। ਪੁਲਿਸ ਨੇ ਸੱਤਾ ਸਿੰਘ ‘ਤੇ ਬੇਤਹਾਸ਼ਾ ਲਾਠੀਆਂ ਵਰਾਉਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਦੀ ਮਦਦ ਲਈ ਆਏ ਲੋਕਾਂ ‘ਤੇ ਵੀ ਪੁਲਿਸ ਨੇ ਲਾਠੀਚਾਰਜ ਕੀਤਾ ਤੇ ਔਰਤਾਂ ਨੂੰ ਵੀ ਨਹੀਂ ਬਖ਼ਸ਼ਿਆ। (**ਬਾਕੀ ਸਫ਼ਾ 28 ’ਤੇ**)

# ਕੌਮ ਦੇ ਰੌਸ਼ਨ ਭਵਿੱਖ ਲਈ ਸਿਧਾਂਤਕ ਏਕਤਾ ਜ਼ਰੂਰੀ : ਸ਼ਿਰੋਮਣੀ ਅਕਾਲੀ ਦਲ ਅੰਮ੍ਰਿਤਸਰ (ਯੂਕੇ)

**ਲੰਡਨ/ਬਿਊਰੋ ਨਿਊਜ਼ :**

ਸ਼ਿਰੋਮਣੀ ਅਕਾਲੀ ਦਲ ਅੰਮ੍ਰਿਤਸਰ (ਯੂਕੇ) ਦੇ ਪ੍ਰੈਸ ਸਕੱਤਰ ਸ. ਜਗਤਾਰ ਸਿੰਘ ਵਿਰਕ ਨੇ ਪਾਰਟੀ ਬਿਆਨ ਜਾਰੀ ਕਰਦੇ ਹੋਏ ਕਿਹਾ ਹੈ ਕਿ ਜੋ ਬਰਗਾੜੀ ਮੋਰਚੇ ਤੋਂ ਇਕ ਵਾਰੀ ਫਿਰ ਕੌਮੀ ਏਕਤਾ ਦੀ ਗੱਲ ਚੱਲੀ ਹੈ, ਇਸ ਦਾ ਅਸੀਂ ਸਵਾਗਤ ਕਰਦੇ ਹਾਂ। ਕਿਸੇ ਵੀ ਕੌਮ ਵਿੱਚ ਪੂਰਨ ਰੂਪ ਵਿੱਚ ਏਕਤਾ ਕਦੇ ਨਹੀਂ ਹੁੰਦੀਂ, ਕੌਮ ਦੇ ਰੌਸ਼ਨ ਭਵਿੱਖ ਲਈ ਸਿਰਫ ਸਿਧਾਂਤਕ ਏਕਤਾ ਦੀ ਜ਼ਰੂਰਤ ਹੈ। ਉਨ੍ਹਾਂ ਅੱਗੇ ਕਿਹਾ ਕਿ ਸਿੱਖ ਕੌਮ ਵਿੱਚ ਰਾਜਨੀਤਕ ਤੌਰ ‘ਤੇ ਮੁੱਖ ਰੂਪ ਵਿੱਚ ਤਿੰਨ ਤਰ੍ਹਾਂ ਦੀ ਵਿਚਾਰਧਾਰਾ ਵੇਖੀ ਜਾ ਸਕਦੀ ਹੈ। ਪਹਿਲੀ ਕੌਮੀ ਤੌਰ ‘ਤੇ ਸਿੱਖਾਂ ਦੀ ਕੋਈ ਮੰਗ ਨਹੀਂ ਹੈ ਅਤੇ ਇੰਡੀਆ ਦੇ ਮੌਜੂਦਾ ਸਿਆਸੀ ਢਾਂਚੇ ਵਿੱਚ ਸਿੱਖ ਪੂਰੀ ਤਰ੍ਹਾਂ ਸਤੁੰਸ਼ਟ ਹਨ। ਦੂਜੀ ਸਿੱਖ ਕੌਮ ਦੇ ਕੁਝ ਮਸਲੇ ਹਨ ਜੋ ਭਾਰਤ ਵਿੱਚ ਰਹਿੰਦੇ ਹੋਏ ਹੱਲ ਹੋ ਸਕਦੇ ਹਨ। ਤੀਜਾ ਸਿੱਖ ਕੌਮ ਨੂੰ ਪੂਰਨ ਪ੍ਰਭੂਸੱਤਾ ਸੰਪੰਨ ਦੇਸ਼ ਖ਼ਾਲਿਸਤਾਨ ਦੀ ਜ਼ਰੂਰਤ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਏਕਤਾ ਦੇ ਨਾਂ ਹੇਠ ਇਨ੍ਹਾਂ ਤਿੰਨਾਂ ਵਿਚਾਰਧਾਰਾਵਾਂ ਨੂੰ ਰਲਗੱਡ ਕਰਨ ਨਾਲ ਉਸਾਰੂ ਸਿੱਟਿਆਂ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਜੂਨ 1984 ਵਿੱਚ ਵਾਪਰੇ ਘੱਲੂਘਾਰੇ ਤੋਂ ਬਾਅਦ ਜਿੰਨੀ ਵਾਰੀ ਵੀ ਏਕਤਾ ਕਰਵਾਈ ਗਈ, ਸ਼ਾਇਦ ਕੁਝ ਸਮੇਂ ਬਾਦ ਉਸ ਦੇ ਟੁੱਟ ਜਾਣ ਦਾ ਮੁੱਖ ਕਾਰਨ ਇਹ ਹੀ ਰਿਹਾ ਹੈ।

ਉਨ੍ਹਾਂ ਕਿਹਾ ਕਿ ਵੀਹਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਬਚਨ ਕੀਤੇ ਸਨ ਕਿ ‘ ਜੇ ਭਾਰਤੀ ਫੌਜ ਦਰਬਾਰ ਸਾਹਿਬ ਵਿੱਚ ਦਾਖ਼ਲ ਹੋਈ ਤਾਂ ਖ਼ਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ।’ ਸੰਨ 1986 ਦੇ ਸਰਬੱਤ ਖ਼ਾਲਸਾ ਸਮਾਗਮ ਨੇ ਵੀ ਇਸ ਨੂੰ ਪ੍ਰਵਾਨਗੀ ਦਿੱਤੀ ਹੋਈ ਹੈ ਅਤੇ ਕੌਮ ਇਸ ਮਿਸ਼ਨ ਦੀ ਪੂਰਤੀ ਲਈ ਸੰਘਰਸ਼ ਕਰਦੀ ਆ ਰਹੀ ਹੈ ਤੇ ਪ੍ਰਾਪਤੀ ਤੱਕ ਕਰਦੀ ਰਹੇਗੀ। ਅਸੀਂ ਸਰਬੱਤ ਖ਼ਾਲਸਾ ਵੱਲੋਂ ਨਿਯੁਕਤ ਜਥੇਦਾਰ ਸਾਹਿਬਾਨ ਨੂੰ ਬੇਨਤੀ ਕਰਨੀ ਚਹੁੰਦੇ ਹਾਂ ਕਿ ਇਸ ਸੋਚ ਨੂੰ ਸਮਰਪਿਤ ਸਿੱਖਾਂ ਵਿੱਚ ਏਕਤਾ ਕਰਵਾਉਣ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਯੂਕੇ) ਹਮੇਸ਼ਾ ਦੀ ਤਰ੍ਹਾਂ ਇੰਗਲੈਂਡ ਦੇ ਕਨੂੰਨਾਂ ਦੀ ਪਾਲਣਾ ਕਰਦੇ ਹੋਏ ਡੈਮੋਕ੍ਰੇਟਿਕ ਢੰਗ ਨਾਲ ਇਸ ਸੋਚ ਦੇ ਧਾਰਨੀ ਆਗੂਆਂ ਅਤੇ ਜਥੇਬੰਦੀਆਂ ਦੀ ਸਮਰੱਥਾ ਅਨੁਸਾਰ ਮੱਦਦ ਕਰਦਾ ਰਹੇਗਾ ।ਸਮੇਂ ਅਤੇ ਹਲਾਤ ਦੇ ਮੁਤਾਬਕ ਇਹ ਅਕਾਲੀ ਦਲ ਦੂਜੀਆਂ ਵਿਚਾਰਧਾਰਾਵਾਂ ਦੀਆਂ ਪਾਰਟੀਆਂ ਨਾਲ ਘੱਟੋ-ਘੱਟ ਸਾਂਝੇ ਪ੍ਰੋਗਰਾਮ ਤਹਿਤ ਸਮਝੌਤਾ ਜਾਂ ਸੀਟ ਵੰਡ ਕਰ ਸਕਦਾ ਹੈ। ਉਮੀਦ ਕਰਦੇ ਹਾਂ ਕਿ ਜਥੇਦਾਰ ਸਹਿਬਾਨ, ਕੌਮੀ ਆਗੂ ਅਤੇ ਸਿੱਖ ਕੌਮ ਸਾਡੇ ਨਾਲ ਸਹਿਮਤ ਹੁੰਦੇ ਹੋਏ ਇਸ ਬੇਨਤੀ ਨੂੰ ਪ੍ਰਵਾਨ ਕਰੇਗੀ।


WHITE HAWK TRUCKING INC

Need Drivers & Owner Operators

Dedicated Load (ਪੱਕੇ ਲੋਡ)
Immediate Payment Option
West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

Call for more Info:

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

# ਜੱਗੀ ਜੌਹਲ ਦੀ ਭਾਰਤ 'ਚ ਨਜ਼ਰਬੰਦੀ ਦੇ ਮਾਮਲੇ 'ਤੇ ਬਰਤਾਨਵੀ ਪਾਰਲੀਮੈਂਟ ਵਿਚ ਹੋਈ ਬਹਿਸ

**ਲੰਡਨ/ਬਿਊਰੋ ਨਿਊਜ਼ :** ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੱਗੀ ਜੌਹਲ ਦੀ ਭਾਰਤ ਵਿਚ ਨਜ਼ਰਬੰਦੀ ਦੇ ਮਾਮਲੇ 'ਤੇ ਬਰਤਾਨਵੀ ਪਾਰਲੀਮੈਂਟ ਵਿਚ ਬਹਿਸ ਹੋਈ ਹੈ। ਇਥੋਂ ਦੇ ਦੋਵੇਂ ਸਿੱਖ ਸਾਂਸਦਾਂ ਸਮੇਤ 15 ਦੇ ਕਰੀਬ ਵੱਖ-ਵੱਖ ਪਾਰਟੀਆਂ ਦੇ ਸਾਂਸਦ ਇਸ ਮੁੱਦੇ ਉਤੇ ਬੋਲੇ ਅਤੇ ਚਿੰਤਾ ਜ਼ਾਹਿਰ ਕੀਤੀ ਕਿ ਇਕ ਸਾਲ ਬੀਤ ਜਾਣ ਦੇ ਬਾਵਜੂਦ ਜੱਗੀ ਜੌਹਲ ਖ਼ਿਲਾਫ਼ ਨਾ ਤਾਂ ਕੋਈ ਠੋਸ ਸਬੂਤ ਪੇਸ਼ ਕੀਤਾ ਗਿਆ ਹੈ ਅਤੇ ਨਾ ਹੀ ਉਸ ਖ਼ਿਲਾਫ਼ ਮੁਕੱਦਮਾ ਚੱਲਿਆ ਹੈ। ਸੰਸਦ ਮੈਂਬਰਾਂ ਨੇ ਦਬਾਅ ਪਾਇਆ ਕਿ ਵਿਦੇਸ਼ ਮੰਤਰੀ ਨੂੰ ਨਿੱਜੀ ਤੌਰ 'ਤੇ ਜੱਗੀ ਜੌਹਲ ਦੇ ਪਰਿਵਾਰ ਨਾਲ ਮੁਲਾਕਾਤ ਕਰਕੇ ਮਾਮਲੇ ਤੋਂ ਜਾਣੂ ਹੋਣਾ ਚਾਹੀਦਾ ਹੈ ਅਤੇ ਭਾਰਤ ਸਰਕਾਰ 'ਤੇ ਜੱਗੀ ਜੌਹਲ ਦੀ ਰਿਹਾਈ ਲਈ ਗੱਲਬਾਤ ਕਰਨੀ ਚਾਹੀਦੀ ਹੈ। ਭਾਰਤ 'ਚ ਨਜ਼ਰਬੰਦ ਜਗਤਾਰ ਸਿੰਘ ਜੱਗੀ ਜੌਹਲ ਬਾਰੇ ਸੰਸਦ ਵਿਚ ਹੋਈ ਬਹਿਸ 'ਚ ਸਕਾਟਲੈਂਡ ਦੇ ਸੰਸਦ ਮੈਂਬਰ ਮਾਰਟਿਨ ਡੌਚਰਟੇ ਹਿਊਜ਼ ਨੇ ਕਿਹਾ ਹੈ ਕਿ ਜੱਗੀ ਜੌਹਲ ਦੇ ਮਾਮਲੇ 'ਚ



ਬਰਤਾਨੀਆ ਸਰਕਾਰ ਅਤੇ ਭਾਰਤ ਸਥਿਤ ਬ੍ਰਿਟਿਸ਼ ਹਾਈ-ਕਮਿਸ਼ਨਰ ਦਾ ਰੋਲ ਨਾਂਹ ਪੱਖੀ ਰਿਹਾ ਹੈ। ਬਹਿਸ ਦੌਰਾਨ ਮੰਤਰੀ ਮਾਰਕ ਫੀਲਡ ਨੇ ਕਿਹਾ ਕਿ ਅਜਿਹੀ ਬਹਿਸ ਮੌਕੇ ਅਕਸਰ ਇੱਕ ਜਾਂ ਦੋ ਸੰਸਦ ਮੈਂਬਰ ਹੁੰਦੇ ਹਨ ਪਰ ਇਸ ਮਾਮਲੇ 'ਚ ਬੋਲਣ ਵਾਲੇ 15 ਦੇ ਕਰੀਬ ਸੰਸਦ ਮੈਂਬਰ ਸਨ, ਜਿਸ ਕਰਕੇ ਮਾਮਲੇ ਦੀ ਗੰਭੀਰਤਾ ਦਾ ਪਤਾ ਲੱਗਦਾ ਹੈ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ਨੂੰ ਵਿਦੇਸ਼ ਮੰਤਰੀ ਤੱਕ ਜ਼ਰੂਰ ਪਹੁੰਚਾਉਣਗੇ।

# ਸ਼੍ਰੋਮਣੀ ਕਮੇਟੀ ਚੋਣਾਂ ਹੋਰ ਲਮਕਣ ਦੇ ਆਸਾਰ ਵਧੇ

**ਚੰਡੀਗੜ੍ਹ/ਬਿਊਰੋ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਅਜੇ ਹੋਰ ਲਮਕਣ ਦੇ ਅਸਾਰ ਬਣ ਗਏ ਹਨ। ਹਾਲਾਂਕਿ ਚੀਫ਼ ਗੁਰਦੁਆਰਾ ਚੋਣ ਕਮਿਸ਼ਨਰ ਅਗਸਤ ਮਹੀਨੇ 'ਚ ਨਿਯੁਕਤ ਕਰ ਦਿੱਤਾ ਗਿਆ ਸੀ ਪਰ ਨਿਯੁਕਤ ਕੀਤੇ ਜਸਟਿਸ ਦਰਸ਼ਨ ਸਿੰਘ ਨੇ ਹਰਿਆਣਾ ਸਰਕਾਰ ਵਿਚ ਇਕ ਹੋਰ ਅਹੁਦਾ ਪ੍ਰਵਾਨ ਕਰ ਲਿਆ ਹੈ, ਜਿਸ ਨਾਲ ਚੀਫ਼ ਕਮਿਸ਼ਨਰ ਦਾ ਅਹੁਦਾ ਖ਼ਾਲੀ ਰਹਿ ਗਿਆ। ਚੀਫ਼ ਕਮਿਸ਼ਨਰ ਵਲੋਂ ਹੀ ਚੋਣਾਂ ਦਾ ਪ੍ਰਬੰਧ ਕੀਤਾ ਜਾਣਾ ਹੈ ਪਰ ਇਸ ਅਹੁਦੇ ਦੇ ਖ਼ਾਲੀ ਰਹਿਣ ਨਾਲ ਅਜੇ ਚੋਣ ਹੋਣ ਦੇ ਕੋਈ ਅਸਾਰ ਨਹੀਂ ਦਿਖ ਰਹੇ। ਅਹੁਦਾ ਭਰਨ ਲਈ ਹੁਣ ਕੇਂਦਰ ਸਰਕਾਰ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੂੰ ਇਕ ਪੱਤਰ ਭੇਜ ਕੇ ਸੇਵਾ-ਮੁਕਤ ਜੱਜਾਂ ਦੇ ਨਾਵਾਂ ਦਾ ਪੈਨਲ ਭੇਜਣ ਦੀ ਬੇਨਤੀ ਕੀਤੀ ਹੈ ਤਾਂ ਜੋ ਇਨ੍ਹਾਂ ਵਿਚੋਂ ਕਿਸੇ ਨੂੰ ਚੀਫ਼ ਗੁਰਦੁਆਰਾ ਚੋਣ ਕਮਿਸ਼ਨਰ ਲਗਾਇਆ ਜਾ ਸਕੇ। ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਦੀ ਮੰਗ ਕਰਦੀ ਪਟੀਸ਼ਨ ਦੀ ਸੁਣਵਾਈ ਦੌਰਾਨ ਕੇਂਦਰ ਸਰਕਾਰ ਦੇ ਵਕੀਲ ਧੀਰਜ ਜੈਨ ਨੇ ਹੀ ਮੁੱਖ ਕਮਿਸ਼ਨਰ ਦਾ ਅਹੁਦਾ ਖ਼ਾਲੀ ਰਹਿਣ ਦੀ ਜਾਣਕਾਰੀ ਹਾਈਕੋਰਟ ਨੂੰ ਦਿੱਤੀ ਹੈ ਤੇ ਕਿਹਾ ਗਿਆ ਹੈ ਕਿ ਕੇਂਦਰ ਸਰਕਾਰ ਵਲੋਂ ਨਾਵਾਂ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ। ਉਂਜ ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਵਿਚ ਪਹਿਲਾਂ ਹੀ ਸੁਣਵਾਈ ਅੱਗੇ ਪਾਉਣ ਦੀ ਬੇਨਤੀ ਕੀਤੀ ਹੋਈ ਸੀ ਤੇ ਇਨ੍ਹਾਂ ਹਾਲਾਤ ਕਾਰਨ ਹਾਈਕੋਰਟ ਨੇ ਸੁਣਵਾਈ ਅੱਗੇ ਪਾ ਦਿੱਤੀ ਹੈ। ਹੁਣ ਇਸ ਕੇਸ ਦੀ ਅਗਲੀ ਸੁਣਵਾਈ 21 ਜਨਵਰੀ ਨੂੰ ਹੋਵੇਗੀ ।

# ਕੇਂਦਰੀ ਜਾਂਚ ਏਜੰਸੀਆਂ ਦੇ ਨਿਸ਼ਾਨੇ 'ਤੇ ਹੈ ਜਥੇਦਾਰ ਦਾਦੂਵਾਲ

## *ਛੇ ਸਾਲਾਂ ਦੌਰਾਨ ਖਾਤੇ 'ਚ ਆਏ ਰੁਪਏ ਦੀ ਹੋ ਰਹੀ ਹੈ ਜਾਂਚ*

**ਫਰੀਦਕੋਟ/ਬਿਊਰੋ ਨਿਊਜ਼ :** ਬਰਗਾੜੀ ਵਿਚ ਲੱਗੇ ਇਨਸਾਫ ਮੋਰਚੇ ਦੀ ਅਗਵਾਈ ਕਰਨ ਵਾਲਿਆਂ ਵਿਚ ਅਹਿਮ ਭੂਮਿਕਾ ਨਿਭਾਅ ਰਹੇ ਮੁਤਵਾਜ਼ੀ ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਕੇਂਦਰੀ ਜਾਂਚ ਏਜੰਸੀਆਂ ਦੇ ਨਿਸ਼ਾਨੇ 'ਤੇ ਹਨ। ਜਥੇਦਾਰ ਦਾਦੂਵਾਲ ਦੇ ਬੈਂਕ ਖਾਤਿਆਂ ਵਿਚ ਪਿਛਲੇ 6 ਸਾਲਾਂ ਦੌਰਾਨ 20 ਕਰੋੜ ਰੁਪਏ ਦਾ ਲੈਣ-ਦੇਣ ਹੋਇਆ ਦੱਸਿਆ ਜਾਂਦਾ ਹੈ। ਏਜੰਸੀਆਂ ਨੂੰ ਸ਼ੱਕ ਹੈ ਕਿ ਇਹ ਪੈਸਾ ਸ਼ੱਕੀ ਸਰੋਤਾਂ ਤੋਂ ਆਇਆ ਹੈ ਤੇ ਉਹ ਮਨੀ-ਲਾਂਡਰਿੰਗ ਦੇ ਕੋਣ ਤੋਂ ਵੀ ਜਾਂਚ ਕਰ ਰਹੀਆਂ ਹਨ। ਮਿਲੀ ਜਾਣਕਾਰੀ ਅਨੁਸਾਰ ਜਥੇਦਾਰ ਦਾਦੂਵਾਲ ਦੇ ਬੈਂਕ ਅਕਾਊਂਟ ਵਿਚ ਕਿਸੇ ਵਿਦੇਸ਼ੀ ਜ਼ਮੀਨ ਦੀ ਵਿੱਕਰੀ ਤੋਂ ਵੱਡੀ ਰਕਮ ਜਮਾਂ ਹੋਈ ਹੈ। ਇਨਕਮ ਟੈਕਸ ਵਿਭਾਗ ਨੇ ਇਸ ਸਬੰਧ ਵਿਚ ਅਕਤੂਬਰ ਮਹੀਨੇ ਦੇ ਆਖਿਰ ਵਿਚ ਬਲਜੀਤ ਸਿੰਘ ਦਾਦੂਵਾਲ ਨੂੰ ਨੋਟਿਸ ਵੀ ਜਾਰੀ ਕੀਤਾ ਸੀ। ਇਨਕਮ ਟੈਕਸ ਵਿਭਾਗ ਨੇ ਜਥੇਦਾਰ ਤੋਂ ਇਸ ਵੱਡੀ ਰਕਮ ਦੇ ਲੈਣ-ਦੇਣ ਦਾ ਵੇਰਵਾ ਪੁੱਛਿਆ ਹੈ। ਜਥੇਦਾਰ ਦਾਦੂਵਾਲ ਨੇ ਕਿਹਾ ਕਿ ਉਨਾਂ ਨੂੰ ਬਹੁਤ ਸਾਰੀ ਰਕਮ ਬਾਹਰੋਂ ਡੋਨੇਸ਼ਨ ਰਾਹੀਂ ਆਈ ਹੋਈ ਹੈ। 2017-18 ਵਿਚ



ਜਥੇਦਾਰ ਦਾਦੂਵਾਲ ਨੇ ਆਪਣੀ ਸਾਲਾਨਾ ਕਮਾਈ 6.13 ਲੱਖ ਸ਼ੋਅ ਕੀਤੀ ਹੋਈ ਹੈ, ਜਿਸ ਵਿਚੋਂ 5.50 ਲੱਖ ਬਿਜਨਸ ਤੋਂ ਕਮਾਏ ਹੋਏ ਦੱਸੇ ਹਨ।

**ਸਿਮਰਨਜੀਤ ਸਿੰਘ ਮਾਨ ਦਾ ਕਹਿਣਾ :** 20 ਕਰੋੜ ਵਾਲੇ ਮਾਮਲੇ ਵਿਚ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਇਸ ਬਾਰੇ ਜਥੇਦਾਰ ਦਾਦੂਵਾਲ ਨੂੰ ਚਾਹੀਦਾ ਹੈ ਕਿ ਉਹ ਕੌਮ ਨੂੰ ਇਸ ਬਾਰੇ ਸਪੱਸ਼ਟ ਕਰ ਦੇਣ। ਸ. ਮਾਨ ਨੇ ਦਾਅਵਾ ਕੀਤਾ ਹੈ ਕਿ ਬਰਗਾੜੀ ਵਾਲੇ ਮੋਰਚੇ ਵਿਚ ਇਕ ਵੀ ਪੈਸਾ ਖਰਚ ਨਹੀਂ ਹੋਇਆ ਹੈ ਤੇ ਉੱਥੇ ਸੰਗਤਾਂ ਦੀ ਸੇਵਾ ਨਾਲ ਹੀ ਲੰਗਰ ਚੱਲ ਰਹੇ ਨੇ।

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਮਾਨਸਾ ਅਦਾਲਤ ਵਲੋਂ ਬਰੀ

**ਮਾਨਸਾ/ਬਿਊਰੋ ਨਿਊਜ਼ :** ਸਥਾਨਕ ਵਧੀਕ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਦੀ ਅਦਾਲਤ ਨੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ ਏਕੇ-47 ਦੇ 10 ਕਾਰਤੂਸ ਬਰਾਮਦ ਹੋਣ ਦੇ ਮਾਮਲੇ ਵਿਚੋਂ ਬਾ-ਇੱਜ਼ਤ ਬਰੀ ਕਰਨ ਦਾ ਹੁਕਮ ਸੁਣਾਇਆ ਹੈ। ਜ਼ਿਕਰਯੋਗ ਹੈ ਕਿ 27 ਅਗਸਤ 2014 ਨੂੰ ਪਿੰਡ ਖਿਆਲਾ ਕਲਾਂ ਨਜ਼ਦੀਕ ਗੱਡੀ ਵਿਚੋਂ ਏਕੇ-47 ਦੇ 10 ਕਾਰਤੂਸ ਬਰਾਮਦ ਕਰ ਕੇ ਸਦਰ ਥਾਣਾ ਪੁਲਿਸ ਮਾਨਸਾ ਵਲੋਂ ਜਥੇਦਾਰ ਦਾਦੂਵਾਲ ਵਿਰੁੱਧ ਮੁਕੱਦਮਾ ਦਰਜ ਕੀਤਾ ਸੀ। ਕਾਬਲੇਜ਼ਿਕਰ ਹੈ ਕਿ ਉਸ ਵਕਤ ਜਥੇਦਾਰ ਦਾਦੂਵਾਲ ਕਸਬਾ ਭੀਖੀ ਵਿਖੇ ਦਰਜ ਇਕ ਹੋਰ ਮੁਕੱਦਮੇ 'ਚ ਪੁਲਿਸ ਹਿਰਾਸਤ ਸਨ। ਉਨ੍ਹਾਂ ਦੇ ਵਕੀਲ ਹਰਿੰਦਰਪਾਲ ਸਿੰਘ ਟਿਵਾਣਾ ਨੇ ਦੱਸਿਆ ਕਿ ਅਮਰਿੰਦਰਪਾਲ ਸਿੰਘ ਏਸੀਜੇਐਮ. ਦੀ ਅਦਾਲਤ ਨੇ ਉਨ੍ਹਾਂ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਜਥੇਦਾਰ ਦਾਦੂਵਾਲ ਨੂੰ ਬਰੀ ਕਰ ਦਿੱਤਾ ਹੈ।

**ਅਦਾਲਤ ਤੋਂ ਮੈਨੂੰ ਇਨਸਾਫ਼ ਮਿਲਿਆ- ਦਾਦੂਵਾਲ :** ਬਰੀ ਹੋਣ ਉਪਰੰਤ ਜਥੇਦਾਰ ਦਾਦੂਵਾਲ ਨੇ ਅਦਾਲਤ ਦੇ ਫ਼ੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਦਾਲਤ ਨੇ ਉਨ੍ਹਾਂ ਨੂੰ ਇਨਸਾਫ਼ ਦਿੱਤਾ ਹੈ । ਉਨ੍ਹਾਂ ਕਿਹਾ ਕਿ ਮਾਨਸਾ ਪੁਲਿਸ ਵਲੋਂ ਅਕਾਲੀ-ਭਾਜਪਾ ਸਰਕਾਰ ਦੇ ਇਸ਼ਾਰੇ 'ਤੇ ਉਦੋਂ ਝੂਠੇ ਮੁਕੱਦਮੇ ਦਰਜ ਕਰਨੇ ਸ਼ੁਰੂ ਕੀਤੇ ਸਨ ਜਦੋਂ ਉਹ ਡੇਰਾ ਸਿਰਸਾ ਦੇ ਮੁਖੀ ਖ਼ਿਲਾਫ਼ ਆਵਾਜ਼ ਬੁਲੰਦ ਕਰਦੇ ਸਨ ਅਤੇ ਹਰਿਆਣਾ ਸਰਕਾਰ ਵਲੋਂ ਉਨ੍ਹਾਂ ਨੂੰ ਹਰਿਆਣਾ ਸ਼੍ਰੋਮਣੀ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਸੀ।

ਗੌਰਤਲਬ ਹੈ ਕਿ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਬਾਦਲ ਸਰਕਾਰ ਵੇਲੇ ਬਹੁਤ ਸਾਰਾ ਸਮਾਂ ਜੇਲ੍ਹ ਵਿਚ ਵੀ ਬੰਦ ਰਹੇ। ਉਨ੍ਹਾਂ ਨੂੰ 10 ਨਵੰਬਰ 2015 ਵਿਚ ਚੱਬੇ ਦੀ ਧਰਤੀ 'ਤੇ ਹੋਏ ਸਰਬੱਤ ਖ਼ਾਲਸਾ ਸਮਾਗਮ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦਾ ਜਥੇਦਾਰ ਵੀ ਚੁਣਿਆ ਗਿਆ ਹੈ। ਬਾਦਲ ਸਰਕਾਰ ਨੇ ਉਨ੍ਹਾਂ ਉੱਤੇ ਵੱਖ-ਵੱਖ ਧਾਰਾਵਾਂ ਲਗਾ ਕੇ ਜੇਲ੍ਹ ਵਿਚ ਬੰਦ ਰੱਖਿਆ। ਇਨ੍ਹਾਂ ਕੇਸਾਂ ਵਿਚੋਂ ਹੀ ਇਕ ਕੇਸ ਮਾਨਸਾ ਅਦਾਲਤ ਵਿਚ ਚੱਲ ਰਿਹਾ ਸੀ ਜੋ ਜਥੇਦਾਰ ਦਾਦੂਵਾਲ ਦੀ ਨਿਜੀ ਗੱਡੀ ਵਿਚੋਂ ਕਥਿਤ ਤੌਰ 'ਤੇ ਹਥਿਆਰ ਬਰਾਮਦ ਕਰਨ ਦਾ ਸੀ।

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524



PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ .ਐਮ . ਵੀ . ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

## ਅਲਾਸਕਾ ਵਿਚ ਜ਼ਬਰਦਸਤ ਭੂਚਾਲ, ਭਾਰੀ ਨੁਕਸਾਨ



**ਅਲਾਸਕਾ/ਹੁਸਨ ਲੜੋਆ ਬੰਗਾ :** ਅਲਾਸਕਾ ਵਿਚ ਜ਼ਬਰਦਸਤ ਭੂਚਾਲ ਆਉਣ ਕਾਰਨ ਭਾਰੀ ਨੁਕਸਾਨ ਹੋਇਆ ਹੈ। ਭੂਚਾਲ ਇੰਨਾ ਵਿਨਾਸ਼ਕਾਰੀ ਸੀ ਕਿ ਜ਼ਮੀਨ ਵਿਚ ਦਰਾਰਾਂ ਤਕ ਆ ਗਈਆਂ, ਲੋਕ ਇਧਰ ਉਧਰ ਭੱਜਣ ਲੱਗੇ ਅਤੇ ਘਰਾਂ ਵਿਚ ਰੱਖਿਆ ਸਮਾਨ ਇਧਰ-ਉਧਰ ਡਿੱਗਣ ਲੱਗਿਆ। ਸਰਵੇਖਣ ਵਿਚ ਦੱਸਿਆ ਗਿਆ ਕਿ ਭੂਚਾਲ ਦੌਰਾਨ 40 ਤੋਂ ਜ਼ਿਆਦਾ ਵਾਰ ਧਰਤੀ ਹਿੱਲੀ।ਭੂਚਾਲ ਦਾ ਪਹਿਲਾ ਝਟਕਾ ਐਂਕਰੇਜ ਤੋਂ 12 ਕਿਲੋਮੀਟਰ ਉਤਰ ਵਿਚ ਮਹਿਸੂਸ ਕੀਤਾ ਗਿਆ। ਐਂਕਰੇਜ ਅਲਾਸਕਾ ਦਾ ਸਭ ਤੋਂ ਵੱਡਾ ਸ਼ਹਿਰ ਹੈ, ਜਿਸ ਦੀ ਕੁੱਲ ਆਬਾਦੀ ਤਿੰਨ ਲੱਖ ਦੇ ਕਰੀਬ ਹੈ। ਭੂਚਾਲ ਦੇ ਪਹਿਲੇ ਝਟਕੇ ਦੇ ਕੁਝ ਮਿੰਟ ਬਾਅਦ ਹੀ ਹੋਰ ਤੇਜ਼ ਝਟਕੇ ਮਹਿਸੂਸ ਕੀਤੇ ਗਏ। ਇਸ ਤੋਂ ਬਾਅਦ ਬਿਜਲੀ ਗੁੱਲ ਹੋ ਗਈ ਤੇ ਕਰੀਬ 15 ਹਜ਼ਾਰ ਲੋਕਾਂ ਨੇ ਹਨ੍ਹੇਰੇ ਵਿਚ ਰਾਤ ਬਿਤਾਈ। ਭੂਚਾਲ ਨਾਲ ਕਈ ਇਮਾਰਤਾਂ ਅਤੇ ਪੁਲ ਨੁਕਸਾਨੇ ਗਏ ਹਨ।

# ਮਰਹੂਮ ਗੁਰਬਖਸ਼ ਸਿੰਘ ਧਾਲੀਵਾਲ ਦੀ ਬਰਸੀ ਮਨਾਈ





**ਫਰਿਜ਼ਨੋ/ਹਰਜਿੰਦਰ ਢੇਸੀ :** ਮਰਹੂਮ ਗੁਰਬਖਸ਼ ਸਿੰਘ ਧਾਲੀਵਾਲ (ਧੂੜਕੋਟ) ਸਾਬਕਾ ਐਮਐਲਏ ਪੰਜਾਬ ਦੀ ਸਲਾਨਾ ਬਰਸੀ ਹਮੇਸ਼ਾ ਦੀ ਤਰ੍ਹਾਂ ਉਨਾਂ ਦੇ ਬੇਟੇ ਨਵਦੀਪ ਸਿੰਘ ਧਾਲੀਵਾਲ, ਬਲਦੇਵ ਸਿੰਘ ਧਾਲੀਵਾਲ ਅਤੇ ਬਾਕੀ ਪਰਿਵਾਰ ਵੱਲੋਂ ਮਨਾਈ ਗਈ। ਇਸ ਮੌਕੇ ਕੋਈ ਇਕ ਸੌ ਦੇ ਕਰੀਬ ਰਿਸ਼ਤੇਦਾਰ ਅਤੇ ਇਲਾਕੇ ਦੇ ਲੋਕੀਂ ਪਹੁੰਚੇ ਹੋਏ ਸਨ। ਸ. ਗੁਰਬਖਸ਼ ਸਿੰਘ ਪੰਜਾਬ ਵਿਚ ਆਪਣੇ ਨਿਰਸੁਆਰਥ ਅਤੇ ਲੋਕ ਸੇਵਾ ਦੇ ਕੰਮਾਂ ਕਾਰਨ ਹਰਮਨ-ਪਿਆਰੇ ਤਾਂ ਸਨ ਹੀ, ਸਗੋਂ ਉਨ੍ਹਾਂ ਫਰਿਜ਼ਨੋ ਇਲਾਕੇ ਵਿਚ ਰਹਿੰਦਿਆਂ ਵੀ ਥੋੜੇ ਚਿਰ ਵਿਚ ਹੀ ਆਪਣੇ ਪਿਆਰ ਅਤੇ ਮਿਲਾਪੜੇ ਸੁਭਾਅ ਕਾਰਨ ਸਨੇਹੀਆਂ ਅਤੇ ਮਿੱਤਰ ਪਿਆਰਿਆਂ ਦਾ ਵੱਡਾ ਕਾਫਲਾ ਬਣਾਇਆ ਸੀ। ਉਹ ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਦੇ ਸੰਸਥਾਪਕ ਪ੍ਰਧਾਨ ਸਨ, ਜੋ ਸੰਨ 2001 ਤੋਂ ਲੈ ਕੇ ਹਰ ਸਾਲ ਗਦਰੀ ਬਾਬਿਆਂ ਅਤੇ ਹੋਰ ਦੇਸ਼ ਭਗਤਾਂ ਨੂੰ ਸਮਰਪਤ ਮੇਲੇ ਫਰਿਜ਼ਨੋ ਵਿਚ ਕਰਵਾਉਂਦਾ ਹੈ। ਸੰਨ 2005 ਵਿਚ ਗੁਰਬਖਸ਼ ਸਿੰਘ ਹੁਰਾਂ ਦੀ ਮੌਤ ਤੋਂ ਬਾਅਦ ਵੀ ਉਨਾਂ ਦੀਆਂ ਪਾਈਆਂ ਲੀਹਾਂ 'ਤੇ ਚਲਦਿਆ ਫੋਰਮ ਦੇਸ਼ ਭਗਤਾਂ ਦੀ ਯਾਦ ਵਿਚ ਸਲਾਨਾ ਮੇਲੇ ਅਤੇ ਹੋਰ ਸਮਾਗਮ ਕਰਵਾਉਂਦਾ ਆ ਰਿਹਾ ਹੈ, ਜਿਸ ਵਿਚ ਨਵੀਂ ਪੀੜ੍ਹੀ ਦੇ ਬੱਚਿਆਂ ਅਤੇ ਨੌਜੁਆਨਾਂ ਨੂੰ ਉਸਾਰੂ ਸੇਧ ਦੇਣ ਲਈ ਤਰ੍ਹਾਂ-ਤਰ੍ਹਾਂ ਦੀਆਂ ਸਮਾਜਕ ਸਰਗਰਮੀਆਂ ਵਿਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ, ਤਾਂ ਕਿ ਉਨਾਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਿਆ ਜਾ ਸਕੇ। ਬਰਸੀ ਸਮਾਗਮ ਢਾਈ ਘੰਟੇ ਤਕ ਚੱਲਿਆ, ਜਿਸ ਦੀ ਸ਼ੁਰੂਆਤ ਯਮਲਾ ਜੱਟ ਫਾਉਂਡੇਸ਼ਨ ਦੇ ਬਾਨੀ ਰਾਜ ਬਰਾੜ ਨੇ ਦੋ ਗੀਤ ਸੁਣਾ ਕੀ ਕੀਤੀ। ਹਰਿੰਦਰ ਮੰਢਾਲੀ ਨੇ ਇਕ ਕਵਿਤਾ 'ਜਦ ਦਿਨ ਦੀ ਉਮਰ ਹੰਢਾ ਕੇ ਮੈਂ' ਤਰੰਨਮ ਵਿਚ ਸੁਣਾਈ। ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਦੇ ਸਰਪਰਸਤ ਸ. ਗੁਰਦੀਪ ਸਿੰਘ ਅਣਖੀ ਨੇ ਗੁਰਬਖਸ਼ ਸਿੰਘ ਨਾਲ ਬਿਤਾਏ ਸਾਲਾਂ ਨੂੰ ਯਾਦ ਕਰਦਿਆਂ ਉਨਾਂ ਦੀ ਨੇਕ ਨੀਅਤੀ ਨਾਲ ਅਗਵਾਈ ਕਰਨ ਦੀ ਕਾਬਲੀਅਤ ਦੀ ਸਰਾਹਨਾ ਕੀਤੀ। ਸ. ਪਿਸ਼ੌਰਾ ਸਿੰਘ ਢਿੱਲੋਂ ਨੇ ਕੈਲੀਫੋਰਨੀਆ ਅਤੇ ਖਾਸ ਕਰ ਫਰਿਜ਼ਨੋ ਕਾਉਂਟੀ ਦੇ ਸਕੂਲਾਂ ਦੇ ਸਲੇਬਸ ਵਿਚ ਸਿੱਖ ਭਾਈਚਾਰੇ ਦੇ ਇਤਿਹਾਸ, ਕਲਚਰ ਅਤੇ ਰਵਾਇਤਾਂ ਸ਼ਾਮਲ ਕਰਵਾਉਣ ਲਈ ਉਨਾਂ ਵਲੋਂ ਲਗਾਤਾਰ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਬਾਰੇ ਦੱਸਿਆ। ਉਨਾਂ ਨੇ ਗਦਰੀ ਬਾਬਿਆਂ ਦੀ ਯਾਦ ਵਿਚ ਇਕ ਭਾਵਪੂਰਤ ਕਵਿਤਾ ਤਰੰਨਮ ਵਿਚ ਸੁਣਾਈ। ਸ. ਪਰਗਟ ਸਿੰਘ ਧਾਲੀਵਾਲ ਨੇ ਆਪਣੇ ਭਾਸ਼ਣ ਵਿਚ ਨਫਰਤ ਫੈਲਾਉਣ ਦੀਆਂ ਸ਼ਾਜਿਸ਼ਾਂ ਤੋਂ ਸਾਵਧਾਨ ਰਹਿਣ ਲਈ ਕਿਹਾ। ਉਨਾਂ ਨੇ ਗੁਰਬਖਸ਼ ਸਿੰਘ ਦੇ ਲੋਕ ਅਰਪਤ ਜੀਵਨ ਦੀਆਂ ਕਈ ਰੌਚਕ ਝਲਕਾਂ ਵੀ ਸਾਂਝੀਆਂ ਕੀਤੀਆਂ।

ਸ. ਹਰਨੇਕ ਸਿੰਘ ਨੇ ਦੋ ਭਾਵਪੂਰਤ ਕਵਿਤਾਵਾਂ ਸੁਣਾ ਕੇ ਲੋਕਾਂ ਨੂੰ ਗੁਰਬਖਸ਼ ਸਿੰਘ ਦੀ ਸੋਚ ਨਾਲ ਜੁੜਨ ਲਈ ਕਿਹਾ। ਡਾ. ਅਰਜਨ ਸਿੰਘ ਜੋਸ਼ਨ, ਸ. ਕਰਮ ਸਿੰਘ ਮਾਨ, ਸ. ਹਰਨਾਮ ਸਿੰਘ ਪਨੂੰ ਨੇ ਵੀ ਗੁਰਬਖਸ਼ ਸਿੰਘ ਨਾਲ ਪੁਰਾਣੀ ਪਰਿਵਾਰਿਕ ਸਾਂਝ ਦਾ ਜ਼ਿਕਰ ਕੀਤਾ। ਸਟੇਜ ਦੀ ਕਾਰਵਾਈ ਸੁਰਿੰਦਰ ਸਿੰਘ ਮੰਢਾਲੀ ਨੇ ਨਿਭਾਈ। ਪਰਿਵਾਰ ਵਲੋਂ ਚਾਹ-ਪਾਣੀ ਅਤੇ ਰੋਟੀ ਦਾ ਲੰਗਰ ਵਰਤਾਇਆ ਗਿਆ।

## ਦਸਤਾਵੇਜ਼ਾਂ ਬਗੈਰ ਰਹਿਣ ਵਾਲੇ ਪਰਵਾਸੀਆਂ ਦੀ ਗਿਣਤੀ 'ਚ ਕਮੀ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ :**

ਅਮਰੀਕਾ ਵਿਚ ਬਗੈਰ ਦਸਤਾਵੇਜ਼ਾਂ ਦੇ ਰਹਿ ਰਹੇ ਪਰਵਾਸੀਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਕਮੀ ਆਈ ਹੈ। ਹੁਣ ਅਜਿਹੇ ਪਰਵਾਸੀਆਂ ਦੀ ਗਿਣਤੀ ਘੱਟ ਕੇ ਸਿਰਫ 1 ਕਰੋੜ 7 ਲੱਖ ਰਹਿ ਗਈ ਹੈ। ਇਹ ਗੱਲ ਪਿਊ ਰਿਸਰਚ ਸੈਂਟਰ ਦੇ ਇੱਕ ਅਧਿਐਨ ਵਿਚ ਸਾਹਮਣੇ ਆਈ ਹੈ।

ਅਧਿਐਨ ਰਿਪੋਰਟ ਮੁਤਾਬਕ ਦੋ ਤਿਹਾਈ ਪਰਵਾਸੀ ਦਸ ਸਾਲ ਤੋਂ ਵੀ ਜ਼ਿਆਦਾ ਸਮੇਂ ਤੋਂ ਅਮਰੀਕਾ ਵਿਚ ਬਗੈਰ ਦਸਤਾਵੇਜ਼ਾਂ ਦੇ ਰਹਿ ਰਹੇ ਹਨ। ਇਸ ਗਿਣਤੀ ਵਿਚ ਸਾਲ 2007 ਦੇ ਬਾਅਦ ਤੋਂ ਲਗਾਤਾਰ ਵਾਧਾ ਹੋ ਰਿਹਾ ਸੀ ਪਰ ਹੁਣ ਇਸ ਵਿਚ ਭਾਰੀ ਕਮੀ ਦੇਖਣ ਨੂੰ ਮਿਲੀ ਹੈ। ਗੌਰਤਲਬ ਹੈ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਸੰਨ 2016 ਤੋਂ ਰਾਸ਼ਟਰਪਤੀ ਚੋਣ ਪ੍ਰਚਾਰ ਸਮੇਂ ਤੋਂ ਹੀ ਗੈਰ-ਕਾਨੂੰਨੀ ਪਰਵਾਸ ਨੂੰ ਵੱਡਾ ਮੁੱਦਾ ਦੱਸਦੇ ਆ ਰਹੇ ਹਨ। ਉਨ੍ਹਾਂ ਦੋਸ਼ ਲਗਾਇਆ ਸੀ ਕਿ ਮੈਕਸੀਕੋ ਡਰੱਗ ਤਸਕਰਾਂ, ਅਪਰਾਧੀਆਂ ਅਤੇ ਬਲਾਤਕਾਰੀਆਂ ਨੂੰ ਉਤਰੀ ਸਰਹੱਦ ਵੱਲ ਭੇਜ ਰਿਹਾ ਹੈ। ਇਸ ਸਾਲ 2004 ਤੋਂ ਬਾਅਦ ਮੈਕਸੀਕੋ ਦੇ ਪਰਵਾਸੀਆਂ ਦੀ ਗਿਣਤੀ ਵਿਚ ਹੁਣ ਤਕ ਦੀ ਸਭ ਤੋਂ ਵੱਡੀ ਗਿਰਾਵਟ ਮੰਨੀ ਜਾ ਰਹੀ ਹੈ। ਸਾਲ 2016 ਦੇ ਸਰਕਾਰੀ ਅੰਕੜਿਆਂ 'ਤੇ ਅਧਾਰਤ ਅਧਿਐਨ ਮੁਤਾਬਕ ਅਮਰੀਕਾ ਵਿਚ ਸਾਲ 2007 ਵਿਚ ਅਜਿਹੇ ਪਰਵਾਸੀਆਂ ਦੀ ਗਿਣਤੀ 1 ਕਰੋੜ 22 ਲੱਖ ਦੇ ਨਾਲ ਟੌਪ 'ਤੇ ਸੀ।

ਸਾਲ 2007 ਅਤੇ 2016 ਦੇ ਵਿਚਕਾਰ ਅਮਰੀਕਾ ਵਿਚ ਮੈਕਸੀਕੋ ਦੇ ਗੈਰ-ਕਾਨੂੰਨੀ ਪਰਵਾਸੀਆਂ ਦੀ ਗਿਣਤੀ ਵਿਚ 15 ਲੱਖ ਦੀ ਕਮੀ ਆਈ ਹੈ। ਇਸ ਦੇ ਬਾਵਜੂਦ ਹੁਣ ਵੀ ਅਮਰੀਕਾ ਵਿਚ ਮੈਕਸੀਕੋ ਦੇ ਗੈਰ-ਕਾਨੂੰਨੀ ਪਰਵਾਸੀਆਂ ਦੀ ਗਿਣਤੀ, ਕੁੱਲ ਪਰਵਾਸੀਆਂ ਦੀ ਗਿਣਤੀ  ਦੀ ਅੱਧੀ ਹੈ। ਸੰਨ 2016 ਤਕ ਮੈਕਸੀਕੋ ਦੇ ਕਰੀਬ 54 ਲੱਖ ਗੈਰ-ਕਾਨੂੰਨੀ ਪਰਵਾਸੀ ਅਮਰੀਕਾ ਵਿਚ ਰਹਿ ਰਹੇ ਸਨ।


CIS CALIFORNIA IMMIGRATION SERVICES
(Registered & Bonded)

> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> STUDENT VISA
> RELIGIOUS VISA
> U.K. VISA
> CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਗੁਰੂ ਨਾਨਕ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਦੇ ਮੱਦੇਨਜ਼ਰ ਡੇਰਾ ਬਾਬਾ ਨਾਨਕ ਵਿਕਾਸ ਅਥਾਰਿਟੀ ਬਣਾਉਣ ਨੂੰ ਹਰੀ ਝੰਡੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਜ਼ਾਰਤ ਨੇ ਅਹਿਮ ਫ਼ੈਸਲੇ ਕਰਦਿਆਂ ਕਰਤਾਰਪੁਰ ਸਾਹਿਬ ਗੁਰਦੁਆਰੇ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਡੇਰਾ ਬਾਬਾ ਨਾਨਕ ਵਿਕਾਸ ਅਥਾਰਿਟੀ ਬਣਾਉਣ ਦਾ ਫੈਸਲਾ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ ਡੇਰਾ ਬਾਬਾ ਨਾਨਕ ਤੇ ਇਸ ਦੇ ਆਲੇ-ਦੁਆਲੇ ਦੇ ਵਿਕਾਸ ਤੇ ਸੁੰਦਰੀਕਰਨ ਲਈ ਡੇਰਾ ਬਾਬਾ ਨਾਨਕ ਵਿਕਾਸ ਅਥਾਰਟੀ ਸਥਾਪਤ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ। ਇਹ ਕਦਮ ਸ਼ਰਧਾਲੂਆਂ ਨੂੰ ਸਹੂਲਤਾਂ ਦੇਣ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ।



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ ਦੀ ਝਲਕ।

ਕਰਤਾਰਪੁਰ ਲਾਂਘੇ ਨੂੰ ਖੋਲ੍ਹਣ ਦਾ ਵਿਸ਼ੇਸ਼ ਮਤੇ ਰਾਹੀਂ ਸਵਾਗਤ ਕੀਤਾ ਗਿਆ ਹੈ ਤੇ ਇਸ ਨੂੰ ਇਤਿਹਾਸਕ ਕਦਮ ਦੱਸਿਆ ਗਿਆ। ਵਜ਼ਾਰਤ ਨੇ ਮੰਨਿਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀਆਂ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਲਾਂਘਾ ਖੋਲ੍ਹਣ ਦੇ ਫ਼ੈਸਲੇ ਨੂੰ ਬੂਰ ਪਿਆ ਹੈ ਪਰ ਇਸ 'ਚ ਕੈਬਨਿਟ ਮੰਤਰੀ ਸਿੱਧੂ ਦੇ ਯਤਨਾਂ ਦਾ ਜ਼ਿਕਰ ਨਹੀਂ ਕੀਤਾ ਗਿਆ। ਇਸ ਦੇ ਨਾਲ ਹੀ ਹਲਵਾਰਾ ਫੌਜੀ ਅੱਡੇ ਦੇ ਨਾਲ ਕੌਮਾਂਤਰੀ ਹਵਾਈ ਅੱਡਾ ਸਥਾਪਤ ਕਰਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਵਜ਼ਾਰਤ ਨੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਬਾਰੇ ਕੋਈ ਚਰਚਾ ਨਹੀਂ ਕੀਤੀ ਕਿਉਂਕਿ ਪੰਜਾਬ ਪ੍ਰਦੇਸ਼ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬਾਰੇ ਸਿੱਧੂ ਵੱਲੋਂ ਦਿੱਤੇ ਬਿਆਨ ਤੋਂ ਬਾਅਦ ਪੈਦਾ ਹੋਏ ਵਿਵਾਦ ਨੂੰ ਹੱਲ ਕਰਨ ਲਈ ਦਖਲ ਦਿੱਤਾ ਸੀ ਤੇ ਇਸ ਸਬੰਧੀ ਕੈਬਨਿਟ ਮੰਤਰੀ ਨੇ ਟਵੀਟ ਕਰਕੇ ਕਹਿ ਦਿੱਤਾ ਸੀ ਕਿ ਕੈਪਟਨ ਉਨ੍ਹਾਂ ਦੇ ਪਿਤਾ ਸਮਾਨ ਹਨ ਤੇ ਉਹ ਕੈਪਟਨ ਨੂੰ ਮਿਲ ਕੇ ਇਸ ਮਾਮਲੇ ਨੂੰ ਖੁਦ ਹੀ ਹੱਲ ਕਰ ਲੈਣਗੇ।

ਵਜ਼ਾਰਤ ਨੇ ਉਦਯੋਗਿਕ ਅਤੇ ਆਰਥਿਕ ਗਤੀਵਿਧੀਆਂ ਨੂੰ ਹੋਰ ਹੁਲਾਰਾ ਦੇਣ ਲਈ ਜ਼ਿਲ੍ਹਾ ਲੁਧਿਆਣਾ ਦੇ ਇੰਡੀਅਨ ਏਅਰ ਫੋਰਸ ਸਟੇਸ਼ਨ ਹਲਵਾਰਾ 'ਚ ਨਵਾਂ ਅੰਤਰਰਾਸ਼ਟਰੀ ਸਿਵਲ ਹਵਾਈ ਟਰਮੀਨਲ ਸਥਾਪਤ ਕਰਨ ਲਈ ਏਅਰਪੋਰਟਸ ਅਥਾਰਟੀ ਆਫ ਇੰਡੀਆ (ਏਏਆਈ) ਨਾਲ ਸਮਝੌਤਾ ਸਹੀਬੰਦ (ਐਮਓਯੂ) ਕਰਨ ਲਈ ਹਰੀ ਝੰਡੀ ਦੇ ਦਿੱਤੀ ਹੈ। ਇਸ ਸਿਵਲ ਟਰਮੀਨਲ ਦਾ ਨਿਰਮਾਣ ਏਅਰਪੋਰਟਸ ਅਥਾਰਟੀ ਆਫ਼ ਇੰਡੀਆ ਅਤੇ ਪੰਜਾਬ ਸਰਕਾਰ ਵੱਲੋਂ ਸਾਂਝੇ ਤੌਰ ਕੀਤਾ ਜਾਵੇਗਾ। ਇਸ ਪ੍ਰਾਜੈਕਟ 'ਚ 51 ਫੀਸਦ ਹਿੱਸੇਦਾਰੀ ਏਅਰਪੋਰਟਸ ਅਥਾਰਟੀ ਆਫ ਇੰਡੀਆ ਅਤੇ 49 ਫੀਸਦ ਹਿੱਸੇਦਾਰੀ ਪੰਜਾਬ ਸਰਕਾਰ ਦੀ ਗਰੇਟਰ ਲੁਧਿਆਣਾ ਡਿਵੈਲਪਮੈਂਟ ਅਥਾਰਟੀ (ਗਲਾਡਾ) ਦੀ ਹੋਵੇਗੀ। ਪੰਜਾਬ ਸਰਕਾਰ ਵੱਲੋਂ 135.54 ਏਕੜ ਜ਼ਮੀਨ ਦਿੱਤੀ ਜਾਵੇਗੀ।

## ਪਾਕਿਸਤਾਨ ਨੇ ਕਰਤਾਰਪੁਰ ਬਾਰਡਰ 'ਤੇ ਇਮੀਗ੍ਰੇਸ਼ਨ ਕੇਂਦਰ ਖੋਲ੍ਹਿਆ

**ਲਾਹੌਰ/ਬਿਊਰੋ ਨਿਊਜ਼ :** ਪਾਕਿਸਤਾਨੀ ਮੀਡੀਆ 'ਡਾਅਨ ਨਿਊਜ਼' ਦੀ ਖਬਰ ਮੁਤਾਬਕ ਪਾਕਿਸਤਾਨ ਨੇ ਕਰਤਾਰਪੁਰ ਬਾਰਡਰ ਉਤੇ ਇਮੀਗ੍ਰੇਸ਼ਨ ਕੇਂਦਰ ਖੋਲ੍ਹ ਦਿੱਤਾ ਹੈ। ਸਿੱਖ ਸ਼ਰਧਾਲੂਆਂ ਲਈ ਉਤਸ਼ਾਹਜਨਕ ਇਸ ਇਤਿਹਾਸਕ ਲਾਂਘੇ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਪਾਕਿਸਤਾਨ ਸਰਕਾਰ ਦਾ ਇਹ ਅਗਲਾ ਵੱਡਾ ਕਦਮ ਮੰਨਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਇਹ ਲਾਂਘਾ ਖੁੱਲ੍ਹਣ ਨਾਲ ਸਿੱਖ ਸ਼ਰਧਾਲੂਆਂ ਵੱਲੋਂ ਪਾਕਿਸਤਾਨ ਵਿਚ ਸਥਿਤ ਆਪਣੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਦੀਦਾਰ ਕਰਨ ਦੀ ਚਿਰੋਕਣੀ ਮੰਗ ਪੂਰੀ ਹੋ ਜਾਵੇਗੀ। 'ਡਾਅਨ ਨਿਊਜ਼' ਨੂੰ ਇਸ ਬਾਰੇ ਦੱਸਦਿਆਂ ਫੈੱਡਰਲ ਇਨਵੈਸਟੀਗੇਸ਼ਨ ਏਜੰਸੀ (ਐੱਫਆਈਏ) ਦੇ ਡਿਪਟੀ ਡਾਇਰੈਕਟਰ (ਪੰਜਾਬ) ਮੁਫਖ਼ਰ ਅਦੀਲ ਨੇ ਕਿਹਾ ਕਿ, 'ਬਾਰਡਰ ਪਾਰ ਕਰਨਾ ਦਹਿਸ਼ਤਗਰਦਾਂ, ਮਨੁੱਖੀ ਤਸਕਰੀ ਕਰਨ ਵਾਲਿਆਂ ਅਤੇ ਨਸ਼ਾ ਤਸਕਰਾਂ ਲਈ ਆਸਾਨ ਹੋ ਸਕਦਾ ਹੈ, ਇਸ ਲਈ ਸਰਹੱਦ ਦੇ ਦੋਵੇਂ ਪਾਸਿਆਂ 'ਤੇ ਸਥਿਤੀ ਉਤੇ ਕੰਟਰੋਲ ਰੱਖਣ ਲਈ ਮਜ਼ਬੂਤ ਢਾਂਚੇ ਦੀ ਲੋੜ ਸੀ। ਉਨ੍ਹਾਂ ਦੱਸਿਆ ਕਿ, 'ਕਰਤਾਰਪੁਰ ਲਾਂਘਾ ਖੋਲ੍ਹਣ ਦੇ ਸਬੰਧ 'ਚ ਐੱਫਆਈਏ ਨੇ ਨਾਰੋਵਾਲ (ਲਾਹੌਰ ਤੋਂ 120 ਕਿਲੋਮੀਟਰ ਦੂਰ) ਵਿਚ ਕਰਤਾਰਪੁਰ ਬਾਰਡਰ 'ਤੇ ਇਮੀਗ੍ਰੇਸ਼ਨ ਕੇਂਦਰ ਖੋਲ੍ਹ ਦਿੱਤਾ ਹੈ। ਉਨ੍ਹਾਂ ਦੱਸਿਆ ਕਿ, 'ਐੱਫਆਈਏ ਦੇ ਅਧਿਕਾਰੀ ਸਿੱਖ ਸ਼ਰਧਾਲੂਆਂ ਦੇ ਦਸਤਾਵੇਜ਼ਾਂ ਦੀ ਜਾਂਚ ਕਰਨਗੇ ਅਤੇ ਬਾਇਓਮੀਟਰਿਕ ਪ੍ਰਣਾਲੀ ਰਾਹੀਂ ਉਨ੍ਹਾਂ ਦੀ ਸ਼ਨਾਖਤ ਕਰਨਗੇ। ਵੀਜ਼ਾ ਪ੍ਰਾਪਤ ਸਿੱਖ ਸ਼ਰਧਾਲੂਆਂ ਨੂੰ ਸ਼ਹਿਰ ਵਿਚ ਪ੍ਰਵੇਸ਼ ਕਰਨ ਦੀ ਆਗਿਆ ਹੋਵੇਗੀ ਜਦਕਿ ਪਰਮਿਟ ਹਾਸਲ ਸ਼ਰਧਾਲੂਆਂ ਨੂੰ ਸਿਰਫ ਗੁਰਦੁਆਰਾ ਦਰਬਾਰ ਸਾਹਿਬ ਜਾਣ ਦੀ ਆਗਿਆ ਹੋਵੇਗੀ।'



## ਪੰਜਾਬ ਵਿਧਾਨ ਸਭਾ ਦਾ ਸਰਦ ਰੁੱਤ ਸੈਸ਼ਨ 13 ਦਸੰਬਰ ਤੋਂ

**ਚੰਡੀਗੜ੍ਹ/ਬਿਊਰੋ ਨਿਊਜ਼ :**

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਹੋਈ ਵਜ਼ਾਰਤ ਦੀ ਮੀਟਿੰਗ ਵਿਚ 13 ਤੋਂ 15 ਦਸੰਬਰ ਤੱਕ ਵਿਧਾਨ ਸਭਾ ਦਾ ਸਰਦ ਰੁੱਤ ਇਜਲਾਸ ਸੱਦਣ ਦਾ ਫ਼ੈਸਲਾ ਕੀਤਾ ਗਿਆ ਹੈ। ਇਜਲਾਸ 13 ਦਸੰਬਰ ਨੂੰ ਬਾਅਦ ਦੁਪਹਿਰ ਸ਼ੁਰੂ ਹੋਵੇਗਾ। 14 ਦਸੰਬਰ ਨੂੰ ਸਵੇਰੇ ਅਤੇ ਸ਼ਾਮ ਦੇ ਸੈਸ਼ਨਾਂ ਦੌਰਾਨ ਵਿਧਾਨਕ ਕੰਮ-ਕਾਜ ਹੋਵੇਗਾ। 15 ਦਸੰਬਰ ਨੂੰ ਪ੍ਰਸਤਾਵਿਤ ਵਿਧਾਨਕ ਕੰਮ-ਕਾਜ ਤੋਂ ਬਾਅਦ ਸਦਨ ਅਣਮਿੱਥੇ ਸਮੇਂ ਲਈ ਉਠਾ ਦਿੱਤਾ ਜਾਵੇਗਾ।

## ਦਸਮ ਪਿਤਾ ਦੇ ਪ੍ਰਕਾਸ਼ ਦਿਹਾੜੇ 'ਤੇ ਪੰਜ-ਤਖ਼ਤਾਂ ਦੀ ਯਾਤਰਾ ਵਾਸਤੇ ਚੱਲੇਗੀ ਵਿਸ਼ੇਸ਼ ਰੇਲਗੱਡੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਆਈਆਰਟੀਸੀ. ਉਤਰੀ ਰੇਲਵੇ ਦੇ ਗਰੁੱਪ ਜਨਰਲ ਮੈਨੇਜਰ ਸ. ਗੁਰਿੰਦਰ ਮੋਹਨ ਸਿੰਘ ਨੇ ਦੱਸਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਭਾਰਤੀ ਰੇਲਵੇ ਵਲੋਂ ਪੰਜਾਂ ਤਖ਼ਤਾਂ ਦੀ ਯਾਤਰਾ ਵਾਸਤੇ 12 ਕੋਚ ਦੀ ਵਿਸ਼ੇਸ਼ ਰੇਲ-ਗੱਡੀ ਚਲਾਈ ਜਾ ਰਹੀ ਹੈ। ਇਸ ਰਾਹੀਂ 800 ਮੁਸਾਫਰ ਸਫ਼ਰ ਕਰ ਸਕਦੇ ਹਨ। ਇਨ੍ਹਾਂ ਮੁਸਾਫਰਾਂ ਨੂੰ 10 ਦਿਨਾਂ ਵਿਚ ਪੰਜਾਂ ਤਖ਼ਤਾਂ ਦੀ ਯਾਤਰਾ ਕਰਵਾਈ ਜਾਵੇਗੀ। ਇਸ 'ਚ ਸਫਰ ਲਈ ਤੀਜੇ ਦਰਜੇ ਦੀ ਏ ਸੀ ਟਿਕਟ ਸਾਢੇ ਪੰਦਰਾਂ ਹਜ਼ਾਰ ਰੁਪਏ ਦੀ ਹੋਵੇਗੀ।



ਮੁਸਾਫਰਾਂ ਨੂੰ ਖਾਣ ਪੀਣ ਦੇ ਨਾਲ-ਨਾਲ ਤਖ਼ਤਾਂ ਦੇ ਦਰਸ਼ਨਾਂ ਵਾਸਤੇ ਆਉਣ-ਜਾਣ ਲਈ ਗੱਡੀਆਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਹ ਗੱਡੀ ਦਿੱਲੀ ਤੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ (ਨਾਂਦੇੜ), ਪਟਨਾ ਸਾਹਿਬ (ਬਿਹਾਰ), ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਆਨੰਦਪੁਰ ਸਾਹਿਬ), ਸ੍ਰੀ ਅਕਾਲ ਤਖ਼ਤ ਸਾਹਿਬ (ਅੰਮ੍ਰਿਤਸਰ), ਤਖ਼ਤ ਦਮਦਮਾ ਸਾਹਿਬ (ਤਲਵੰਡੀ ਸਾਬੋ) ਤੋਂ ਹੋ ਕੇ ਵਾਪਸ ਦਿੱਲੀ ਪੁੱਜੇਗੀ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਸਿੱਖ ਕਤਲੇਆਮ ਦੇ 89 ਜਣਿਆਂ ਵਿਚੋਂ 70 ਦੋਸ਼ੀਆਂ ਦੀ ਸਜ਼ਾ ਬਰਕਰਾਰ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੈਸ਼ਨ ਅਦਾਲਤ ਦੇ ਇਕ ਫ਼ੈਸਲੇ ਖ਼ਿਲਾਫ਼ ਦਾਖ਼ਲ ਕੀਤੀਆਂ ਅਰਜ਼ੀਆਂ ਨੂੰ ਰੱਦ ਕਰਦਿਆਂ ਦਿੱਲੀ ਹਾਈ ਕੋਰਟ ਨੇ 1984 ਦੇ ਸਿੱਖ ਕਤਲੇਆਮ ਦੇ ਮਾਮਲੇ ਵਿਚ ਟਰਾਇਲ ਕੋਰਟ ਵੱਲੋਂ ਦੋਸ਼ੀ ਠਹਿਰਾਏ ਗਏ 89 ਜਣਿਆਂ ਵਿਚੋਂ 70 ਦੀ ਸਜ਼ਾ ਨੂੰ ਬਰਕਰਾਰ ਰੱਖਿਆ ਹੈ। ਬਾਕੀ 19 ਦੋਸ਼ੀਆਂ ਵਿਚੋਂ 16 ਦੀ ਕੇਸ ਦੀ ਸੁਣਵਾਈ ਦੌਰਾਨ ਮੌਤ ਹੋ ਗਈ ਸੀ ਤੇ ਤਿੰਨ ਹੋਰਾਂ ਦੀ ਅਰਜ਼ੀ ਅਦਾਲਤ ਨੇ ਭਗੌੜੇ ਹੋਣ ਕਾਰਨ ਪਹਿਲਾਂ ਹੀ ਖ਼ਾਰਜ ਕਰ ਦਿੱਤੀ ਸੀ। ਇਨ੍ਹਾਂ ਨੂੰ ਦੰਗਾ ਕਰਨ, ਘਰ ਜਲਾਉਣ ਤੇ ਕਰਫ਼ਿਊ ਭੰਗ ਕਰਨ ਦੇ ਦੋਸ਼ਾਂ ਹੇਠ ਸਜ਼ਾ ਸੁਣਾਈ ਗਈ ਸੀ। ਇਹ ਸਾਰੇ ਹੁਣ ਪੰਜ ਸਾਲ ਹੋਰ ਜੇਲ੍ਹ ਵਿਚ ਬਿਤਾਉਣਗੇ।

ਜਸਟਿਸ ਆਰ.ਕੇ. ਗੌਬਾ ਨੇ ਫ਼ੈਸਲਾ ਸੁਣਾਉਂਦਿਆਂ ਟਿੱਪਣੀ ਕੀਤੀ ਕਿ ਜੁਰਮ ਨੂੰ 34 ਵਰ੍ਹੇ ਬੀਤ ਗਏ ਹਨ ਤੇ ਪੀੜਤ ਅਜੇ ਵੀ ਨਿਆਂ ਤੇ ਕੇਸ ਖ਼ਤਮ ਹੋਣ ਦੀ ਉਡੀਕ ਕਰ ਰਹੇ ਹਨ। ਕੀ ਇਹ ਹੈ ਸਮਰੱਥ ਤੇ ਪ੍ਰਭਾਵੀ ਅਪਰਾਧਕ ਨਿਆਂ ਢਾਂਚਾ ? ਜੱਜ ਨੇ ਕਿਹਾ ਕਿ ਇਹ ਬੇਹੱਦ ਅਫ਼ਸੋਸ ਦੀ ਗੱਲ ਹੈ ਕਿ ਫ਼ਿਰਕੂ ਦੰਗਿਆਂ ਨਾਲ ਪ੍ਰਭਾਵੀ ਢੰਗ ਨਾਲ ਨਜਿੱਠਣ ਲਈ ਨਿਆਂ ਪ੍ਰਣਾਲੀ ਵਿਚ ਕੋਈ ਜ਼ਿਕਰਯੋਗ ਸੁਧਾਰ ਹੀ ਨਹੀਂ ਕੀਤਾ ਗਿਆ।

ਜਸਟਿਸ ਗੌਬਾ ਵੱਲੋਂ ਰੱਦ ਕੀਤੀਆਂ ਗਈਆਂ ਅਰਜ਼ੀਆਂ ਦੋਸ਼ੀਆਂ ਨੇ 27 ਅਗਸਤ, 1996 ਦੇ ਸੈਸ਼ਨ ਅਦਾਲਤ ਦੇ ਇਕ ਫ਼ੈਸਲੇ ਖ਼ਿਲਾਫ਼ ਦਾਖ਼ਲ ਕੀਤੀਆਂ ਸਨ। ਅਦਾਲਤ ਨੇ ਉਸ ਵੇਲੇ ਕੁੱਲ 94 ਮੁਲਜ਼ਮਾਂ ਵਿਚੋਂ 5 ਨੂੰ ਬਰੀ ਕਰ ਦਿੱਤਾ ਸੀ। 89 ਦੋਸ਼ੀਆਂ ਵਿਚੋਂ ਕੁਝ ਦੀ ਸੁਣਵਾਈ ਦੌਰਾਨ ਮੌਤ ਹੋ ਚੁੱਕੀ ਹੈ। ਇਹ ਮਾਮਲਾ ਦਿੱਲੀ ਦੇ ਤ੍ਰਿਲੋਕਪੁਰੀ ਇਲਾਕੇ ਨਾਲ ਸਬੰਧਤ ਹੈ। ਅਦਾਲਤ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ 'ਵੱਡੀਆਂ ਮੱਛੀਆਂ' ਅਜੇ ਵੀ ਆਜ਼ਾਦ ਹਨ।

ਅਣਪਛਾਤੀਆਂ ਲਾਸ਼ਾਂ ਬਾਰੇ ਕੇਸਾਂ ਦਾ ਪਤਾ ਲਾਉਣ ਦਾ ਸੁਝਾਅ : ਦਿੱਲੀ ਹਾਈ ਕੋਰਟ ਨੇ ਪੁਲੀਸ ਨੂੰ 1984 ਸਿੱਖ ਦੰਗਾ ਪੀੜਤਾਂ ਦੀਆਂ 22 ਅਣਪਛਾਤੀਆਂ ਦੇਹਾਂ ਨਾਲ ਸਬੰਧਤ ਦਰਜ ਕਿਸੇ ਵੀ ਤਰ੍ਹਾਂ ਦੇ ਕੇਸ ਦਾ ਪਤਾ ਲਾਉਣ ਦਾ ਸੁਝਾਅ ਦਿੱਤਾ ਹੈ। ਅਦਾਲਤ ਨੇ ਨਾਲ ਹੀ ਕਿਹਾ ਕਿ ਸਬੂਤਾਂ ਦੀ ਦੁਬਾਰਾ ਜਾਂਚ ਕੀਤੀ ਜਾਣੀ ਚਾਹੀਦੀ ਹੈ ਤੇ ਕਾਨੂੰਨ ਮੁਤਾਬਕ ਅਗਲੇਰੀ ਕਾਰਵਾਈ ਕੀਤੀ ਜਾਵੇ। ਜਸਟਿਸ ਆਰ.ਕੇ. ਗੌਬਾ ਨੇ ਪੁਲੀਸ ਨੂੰ ਇਹ ਸੁਝਾਅ ਸਿੱਖ ਕਤਲੇਆਮ ਨਾਲ ਸਬੰਧਤ 22 ਸਾਲ ਪੁਰਾਣੀਆਂ ਅਪੀਲਾਂ ਦਾ ਨਿਬੇੜਾ ਕਰਨ ਮੌਕੇ ਦਿੱਤਾ। ਉਨ੍ਹਾਂ ਕਿਹਾ ਕਿ 2 ਤੇ 3 ਨਵੰਬਰ 1984 ਦੀ ਦਰਮਿਆਨੀ ਰਾਤ ਨੂੰ ਬਰਾਮਦ ਹੋਈਆਂ 95 ਵਿਚੋਂ 73 ਲਾਸ਼ਾਂ ਦੇ ਮਾਮਲੇ ਨੂੰ ਹੀ ਇਸਤਗਾਸਾ ਪੱਖ ਨੇ ਸੁਣਵਾਈ ਦੌਰਾਨ ਰੱਖਿਆ ਹੈ, ਜਦਕਿ 22 ਲਾਸ਼ਾਂ ਸਬੰਧੀ ਕਿਸੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋਈ।




## ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਵੱਲੋਂ ਬਰਤਾਨੀਆ 'ਚ ਕਿਰਪਾਨ ਬਾਰੇ ਬਿੱਲ ਦਾ ਸਵਾਗਤ

### *ਕਰਤਾਰਪੁਰ ਲਾਂਘੇ ਬਾਰੇ ਹੋਈ ਪਹਿਲਕਦਮੀ 'ਤੇ ਵੀ ਖ਼ੁਸ਼ੀ ਦਾ ਇਜ਼ਹਾਰ*

**ਲੰਡਨ/ਬਿਊਰੋ ਨਿਊਜ਼ :** ਬਰਤਾਨੀਆਂ ਵਿੱਚ ਆਜ਼ਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਤਿ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸਾਂਝੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਵੱਲੋਂ ਬਰਤਾਨੀਆ ਦੀ ਸਰਕਾਰ ਦੇ ਵੱਡੀ ਕਿਰਪਾਨ ਨੂੰ ਪਾਬੰਦੀਸ਼ੁਦਾ ਹਥਿਆਰਾਂ ਦੀ ਸੂਚੀ ਵਿੱਚੋਂ ਬਾਹਰ ਰੱਖੇ ਜਾਣ ਦੇ ਫੈਸਲੇ ਦਾ ਹਾਰਦਿਕ ਸਵਾਗਤ ਕੀਤਾ ਗਿਆ ਹੈ। ਮੈਂਬਰ ਪਾਰਲੀਮੈਂਟ ਬੀਬੀ ਪ੍ਰੀਤ ਕੌਰ ਗਿੱਲ, ਸਿੱਖ ਨੈੱਟਵਰਕ, ਸਿੱਖ ਫੈਡਰੇਸ਼ਨ ਯੂਕੇ ਸਮੇਤ ਇਸ ਸਬੰਧੀ ਸਾਰਥਕ ਉਪਰਾਲਾ ਕਰਨ ਵਾਲੀਆਂ ਸਮੁੱਚੀਆਂ ਸੰਸਥਾਵਾਂ ਅਤੇ ਅਦਾਰਿਆਂ ਦਾ ਤਹਿ ਦਿਲੋਂ (**ਬਾਕੀ ਸਫ਼ਾ 28 'ਤੇ**)

## ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਉਮਰ ਕੈਦ ਜਾਂ ਫਾਂਸੀ ਦੀ ਸਜ਼ਾ ਹੋਵੇ : ਦਮਦਮੀ ਟਕਸਾਲ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਹੈ ਕਿ '84 ਦੀ ਸਿੱਖ ਨਸਲਕੁਸ਼ੀ ਭਾਰਤੀ ਨਿਜ਼ਾਮ ਅਤੇ ਕਾਂਗਰਸ ਪਾਰਟੀ ਦੇ ਮੱਥੇ ਉਤੇ ਕਲੰਕ ਹੈ।ਇਹ ਦਾਗ਼ ਸਿੱਖ ਕੌਮ ਨੂੰ ਇਨਸਾਫ਼ ਦਿਤੇ ਬਿਨਾ ਧੋਤਾ ਨਹੀਂ ਜਾ ਸਕਦਾ।ਦਿੱਲੀ ਹਾਈ ਕੋਰਟ ਵਲੋਂ ਨਵੰਬਰ '84 ਦੀ ਸਿੱਖ ਨਸਲਕੁਸ਼ੀ ਨਾਲ ਸਬੰਧਤ 88 ਦੋਸ਼ੀਆਂ ਨੂੰ ਸੁਣਾਈ ਗਈ 5-5 ਸਾਲ ਦੀ ਸਜ਼ਾ ਬਰਕਰਾਰ ਰੱਖਣ ਦੇ ਫ਼ੈਸਲੇ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਮੰਗ ਕੀਤੀ ਕਿ ਮਨੁੱਖਤਾ ਦਾ ਘਾਣ ਕਰਨ ਵਾਲੇ ਇਨ੍ਹਾਂ ਦੋਸ਼ੀਆਂ ਨੂੰ ਉਮਰ ਕੈਦ ਜਾਂ ਫਾਂਸੀ ਦੀ ਸਜ਼ਾ ਦੇਣੀ ਬਣਦੀ ਸੀ। ਉਨ੍ਹਾਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਦੋਸ਼ੀਆਂ ਦੇ ਚਿਹਰੇ ਬੇਨਕਾਬ ਕਰਨ ਦੀ ਥਾਂ ਉਨ੍ਹਾਂ ਨੂੰ ਪਨਾਹ ਦੇਣ ਲਈ ਆੜੇ ਹੱਥੀਂ ਲਿਆ। ਜਗਦੀਸ਼ ਟਾਈਟਲਰ, ਸੱਜਣ ਕੁਮਾਰ, ਕਮਲ ਨਾਥ ਸਮੇਤ ਤਮਾਮ ਦੋਸ਼ੀਆਂ ਨੂੰ ਵੱਡੇ ਸਰਕਾਰੀ ਅਤੇ ਪਾਰਟੀ ਅਹੁਦਿਆਂ ਨਾਲ ਨਿਵਾਜਿਆ। ਉਨ੍ਹਾਂ ਕਾਂਗਰਸ ਦੀ ਸੱਤਾ ਦੌਰਾਨ ਦੋਸ਼ੀਆਂ ਨੂੰ ਕਲੀਨ ਚਿੱਟ ਦਿਵਾਉਣ ਲਈ ਸੀਬੀਆਈ. 'ਤੇ ਦਬਾਅ ਪਾਉਣ ਦਾ ਦੋਸ਼ ਵੀ ਲਾਇਆ ਹੈ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਘੁੰਮ ਚਰਖੜਿਆ ਵੇ ਤੇਰੀ ਕੱਤਣ ਵਾਲੀ ਜੀਵੇ

## ਕਰਤਾਰਪੁਰ ਲਾਂਘੇ ਬਾਰੇ ਮਨੂਵਾਦੀ ਮੀਡੀਆ ਤੇ ਲੀਡਰਾਂ ਦੇ ਪਰਦੂਸ਼ਿਤ ਵਿਚਾਰ ਤੇ ਸਿਆਸਤ

- **ਗੋਪਾਲ ਸਿੰਘ ਚਾਵਲਾ ਨਾਲ ਸਿੱਧੂ ਦੀ ਤਸਵੀਰ ਖਿਚਣ ਕਰਕੇ ਬਾਦਲ ਦਲ ਭੜਕਿਆ, ਲੌਂਗੋਵਾਲ ਦੀ ਤਸਵੀਰ ਤੇ ਚੁੱਪ**
- **ਸਿੱਧੂ ਪਾਕਿਸਤਾਨ ਦਾ ਏਜੰਟ, ਪਾਕਿ ਤੋਂ ਚੋਣ ਲੜੇ-ਬਾਦਲ ਦਲ**
- **ਨਵਜੋਤ ਸਿੰਘ ਸਿੱਧੂ ਨੇ ਦੋਹਾਂ ਪੰਜਾਬਾਂ ਦਾ ਦਿਲ ਜਿੱਤਿਆ**
- **ਬਾਦਲ-ਕੈਪਟਨ ਸ਼ੋਸ਼ਲ ਮੀਡੀਆ ਦੇ ਨਿਸ਼ਾਨੇ ’ਤੇ**



**ਪ੍ਰੋ. ਬਲਵਿੰਦਰਪਾਲ ਸਿੰਘ**
(ਮੋਬ. 98157-00916)

ਕਰਤਾਰਪੁਰ ਲਾਂਘਾ ਖੋਲ੍ਹੇ ਜਾਣ ਦੇ ਐਲਾਨ ਨਾਲ ਸਿੱਖਾਂ ਦੀ 70 ਸਾਲ ਤੋਂ ਹੁੰਦੀ ਆ ਰਹੀ ਅਰਦਾਸ ਪ੍ਰਵਾਨ ਚੜ੍ਹੀ ਹੈ। ਇਸ ਵਿਚ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ, ਪਾਕਿ ਪ੍ਰਧਾਨ ਮੰਤਰੀ ਇਮਰਾਨ ਖਾਨ, ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵੱਡਾ ਰੋਲ ਹੈ। ਇਸ ਤੋਂ ਵੀ ਵੱਡਾ ਰੋਲ ਕੁਲਦੀਪ ਸਿੰਘ ਵਡਾਲਾ ਤੇ ਪਰਵਾਸੀ ਖਾਲਸਾ ਜੀ ਦਾ ਹੈ, ਜਿਹਨਾਂ ਲੰਬਾ ਸੰਘਰਸ਼ ਲੜਿਆ ਤੇ ਪੰਜਾਬੀ ਭਾਈਚਾਰੇ ਵਿਚ ਚੇਤਨਾ ਪੈਦਾ ਕੀਤੀ। ਪਾਕਿ ਗੁਰਧਾਮਾਂ ਦੀ ਕਾਰ ਸੇਵਾ ਵਿਚ ਪਰਵਾਸੀ ਖਾਲਸਾ ਜੀ ਦਾ ਅਹਿਮ ਰੋਲ ਹੈ। ਭਾਰਤ ਤੇ ਪਾਕਿਸਤਾਨ ਵਿਚ ਦੋਵੇਂ ਪਾਸੇ ਨਫ਼ਰਤ ਦੀਆਂ ਗਰਮ ਹਵਾਵਾਂ ਚੱਲ ਰਹੀਆਂ ਸਨ ਪਰ ਜਦੋਂ ਅਸੀ ਇਨਕਲਾਬੀ ਗੁਰੂ ਬਾਬੇ ਨਾਨਕ ਸਾਹਿਬ ਜੀ ਦਾ 550 ਸਾਲਾ ਪ੍ਰਕਾਸ਼ ਉਤਸਵ ਮਨਾਉਣ ਜਾ ਰਹੇ ਹਾਂ ਤਾਂ ਅਚਾਨਕ ਗੁਰੂ ਦੀ ਸੋਚ ਨੇ ਗਰਮ ਪਾਗਲ ਹਵਾਵਾਂ ਨੂੰ ਇਨਸਾਨੀਅਤ ਦਾ ਸੁਨੇਹਾ ਦਿੱਤਾ। ਹਕੂਮਤਾਂ ਨੇ ਵੀ ਹਾਮੀ ਭਰ ਦਿੱਤੀ ਹੈ ਅਤੇ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਸ਼ੁਰੂਆਤ ਹੋ ਗਈ। ਗੁਰੂ ਨਾਨਕ ਹੀ ਸੱਚੀ ਪਾਤਸ਼ਾਹੀ ਹੈ , ਜੋ ਸਰਬੱਤ ਦੇ ਭਲੇ ਤੇ ਨਫਰਤਾਂ ਤਿਆਗਣ ਦਾ ਸੁਨੇਹਾ ਦਿੰਦੇ ਹਨ ਪਰ ਮਨੂਵਾਦੀ ਮੀਡੀਆ, ਮਨੂਵਾਦੀ ਲੀਡਰ, ਗੁਰੂ ਨਾਨਕ ਦੇ ਸਿਧਾਂਤ ਤੇ ਪਾਤਸ਼ਾਹੀ ਦੇ ਵਿਰੋਧੀ ਖੁੱਲੇ ਲਾਂਘੇ ਤੋਂ ਖੁਸ਼ ਨਹੀਂ ਹਨ। ਉਹ ਭਗਵੀਆਂ ਸੋਚਾਂ ਦੀਆਂ ਕਠਪੁਤਲੀਆਂ ਹਨ।

**ਘੁੰਮ ਵੇ ਚਰਖੜਿਆ ਤੇਰੀ ਕੱਤਣ ਵਾਲੀ ਜੀਵੇ :** ਬਾਦਲਕੇ ਚਰਖੇ ਹਨ, ਜਿਹਨਾਂ ਨੂੰ ਵਰਨ ਆਸ਼ਰਮ ਵਾਲੇ ਨਾਗਪੁਰ ਤੋਂ ਘੁਮਾ ਰਹੇ ਤੇ ਚਲਾ ਰਹੇ ਹਨ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਪਤਨੀ ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਸਿੱਧੂ ਨੂੰ ਪਾਕਿਸਤਾਨ ਦਾ ਏਜੰਟ ਕਰਾਰ ਦਿੱਤਾ ਹੈ। ਹਰਸਿਮਰਤ ਨੇ ਕਿਹਾ ਕਿ ਸਿੱਧੂ ਨੇ ਉਸ ਦੇਸ਼ ਵਿਚ ਤਿੰਨ ਦਿਨ ਬਿਤਾਏ ਹਨ ਤੇ ਉਹਨਾਂ ਦੀ ਖਾਲਿਸਤਾਨੀ ਗੋਪਾਲ ਸਿੰਘ ਚਾਵਲਾ ਨਾਲ ਇਕ ਫੋਟੋ ਵੀ ਸਾਹਮਣੇ ਆਈ ਹੈ। ਉਹਨਾਂ ਨੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਤੋਂ ਇਸ ਮਾਮਲੇ ਵਿਚ ਸਫਾਈ ਮੰਗੀ ਹੈ। ਪੰਜਾਬ ਦੇ ਸਾਬਕਾ ਉਪ ਮੁੱਖ-ਮੰਤਰੀ ਸੁਖਬੀਰ ਬਾਦਲ ਨੇ ਕਿਹਾ ਕਿ ਸਿੱਧੂ ਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਨਸ਼ਾ ਪਾਕਿਸਤਾਨ ਭੇਜ ਰਿਹਾ ਹੈ। ਸਾਡੇ ਇੱਥੇ ਅੱਤਵਾਦੀ ਹਮਲੇ ਪਾਕਿਸਤਾਨ ਕਰ ਰਿਹਾ ਹੈ।

**ਲੌਂਗੋਵਾਲ ਨਾਲ ਚਾਵਲਾ ਦੀ ਤਸਵੀਰ ’ਤੇ ਬਾਦਲਕੇ ਚੁੱਪ :** ਉਧਰ ਗੋਪਾਲ ਸਿੰਘ ਚਾਵਲਾ ਦੀ ਫੋਟੋ ਅਕਾਲੀ ਦਲ ਦੇ ਆਗੂ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਨਾਲ ਵਾਇਰਲ ਹੋ ਰਹੀ ਹੈ , ਜਿਸ ਬਾਰੇ ਅਕਾਲੀ ਦਲ ਦਾ ਕੋਈ ਬਿਆਨ ਨਹੀਂ ਆਇਆ ਹੈ। ਬਾਦਲਕੇ ਮੀਸਨੀ ਚੁਪ ਧਾਰਨ ਕਰੀ ਫਿਰਦੇ ਹਨ। ਸਿੱਧੂ ਨਾਲ ਪਾਕਿਸਤਾਨ ਵਿਚ ਤਸਵੀਰ ’ਤੇ ਸਵਾਲ ਚੁੱਕਣ ਵਾਲਾ ਸ਼੍ਰੋਮਣੀ ਅਕਾਲੀ ਦਲ ਬਾਦਲ ਆਪ ਹੀ ਘਿਰਦਾ ਨਜ਼ਰ ਆ ਰਿਹਾ ਹੈ। ਲੌਂਗੋਵਾਲ ਦੀ ਗੋਪਾਲ ਸਿੰਘ ਚਾਵਲਾ ਨਾਲ ਸੈਲਫ਼ੀ ਲੈਂਦੇ ਦੀ ਇਕ ਤਸਵੀਰ ਤੋਂ ਇਲਾਵਾ ਇਕ ਤਸਵੀਰ ਵਿਚ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੇ ਹਰਦੀਪ ਸਿੰਘ ਪੁਰੀ ਵੀ ਗੋਪਾਲ ਚਾਵਲਾ ਨਾਲ ਖੜ੍ਹੇ ਵਿਖਾਈ ਦੇ ਰਹੇ ਹਨ। ਸਿੱਧੂ ਨਾਲ ਚਾਵਲਾ ਦੀ ਤਸਵੀਰ ਨੂੰ ਅਕਾਲੀ ਦਲ ਬਾਦਲ ਵੱਡਾ ਮੁੱਦਾ ਬਣਾ ਰਿਹਾ ਸੀ ਤੇ ਸਿੱਧੂ ਨੂੰ ਕੈਬਨਿਟ ਤੋਂ ਬਾਹਰ ਕਰਨ ਦੀ ਮੰਗ ਕੀਤੀ ਜਾ ਰਹੀ ਸੀ ਪਰ ਹੁਣ ਅਕਾਲੀ ਆਗੂਆਂ ਦੀਆਂ ਤਸਵੀਰਾਂ ਸਾਹਮਣੇ ਆਉਣ ਪਿੱਛੋਂ ਬਾਦਲਾਂ ਨੂੰ ਜਵਾਬ ਦੇਣਾ ਔਖਾ ਹੋ ਗਿਆ ਹੈ।

**ਮਨੂਵਾਦੀ ਮੀਡੀਆ ਕਰ ਰਿਹਾ ਏ ਨਫਰਤੀ ਪ੍ਰਚਾਰ :** ਮਨੂਵਾਦੀ ਮੀਡੀਆ ਪਰਦੂਸ਼ਿਤ ਤੇ ਨਫਰਤੀ ਸਟੋਰੀਆਂ ਪੇਸ਼ ਕਰ ਰਿਹਾ ਕਿ ਇਹ ਲਾਂਘਾ ਅੱਤਵਾਦ ਤੇ ਨਸ਼ਿਆਂ ਦਾ ਕੇਂਦਰ ਬਣੇਗਾ। ਅਸਲ ਵਿਚ ਇਹਨਾਂ ਨਫਰਤ ਫੈਲਾਉਣ ਵਾਲੇ ਭ੍ਰਿਸ਼ਟ ਤੇ ਸਮਾਜ ਦਾ ਉਜਾੜਾ ਕਰਨ ਵਾਲੇ ਮਨੂ ਤਿਲਕਧਾਰੀਆਂ ਨੂੰ ਗੁਰੂ ਨਾਨਕ ਜੀ ਪਸੰਦ ਨਹੀਂ। ਬਾਦਲਕੇ ਇਸੇ ਕਤਾਰ ਵਿਚ ਖੜ੍ਹੇ ਹਨ। ਜਿਉਂ-ਜਿਉਂ ਸਿੱਧੂ ਤੇ ਗੁਰੂ ਨਾਨਕ ਘਰ ਦੇ ਵਿਰੋਧੀਆਂ ਤੇ ਫੁਕਰੇ ਪੱਤਰਕਾਰਾਂ ਵਲੋਂ ਜ਼ਹਿਰੀਲੇ ਤੀਰ ਛੱਡੇ ਜਾਣਗੇ, ਸਿੱਧੂ ਪੰਜਾਬ ਦਾ ਸਿਆਸੀ ਹੀਰੋ ਬਣਦਾ ਜਾਵੇਗਾ। ਨਫਰਤਾਂ ਪੰਜਾਬੀ ਪਸੰਦ ਨਹੀਂ ਕਰਦੇ। ਫੇਕ ਨਿਊਜ਼ ਪੰਜਾਬੀਆਂ ਨੂੰ ਪਸੰਦ ਨਹੀਂ। ਉੱਜੜੇ ਪੁੱਜੜੇ ਪੰਜਾਬ ਦਾ ਇਲਾਜ ਦੋਹਾਂ ਦੇਸ਼ਾਂ ਦੀ ਸਾਂਝ ਹੈ। ਵਪਾਰਕ ਸਾਂਝ ਹੈ। ਸਭਿਆਚਾਰਕ ਸਾਂਝ ਹੈ। ਵਾਹਘਾ ਬਾਰਡਰ ਖੁੱਲੇ। ਅੱਤਵਾਦ ਦਾ ਇਲਾਜ ਦੋਵੇਂ ਦੇਸ਼ ਲੱਭਣ।

**ਸ਼ੋਸ਼ਲ ਮੀਡੀਆ ਸਿੱਧੂ ਦੇ ਹੱਕ ਵਿਚ :** ਕਰਨਲ ਪ੍ਰਤਾਪ ਸਿੰਘ ਪਵਾਰ ਆਖਦੇ ਹਨ ਕਿ ਬੀਬੀ ਹਰਸਿਮਰਤ ਕੌਰ ਤਾਂ ਓਥੇ ਗੁਰਬਾਣੀ ਵੀ ਗਲਤ ਬੋਲ ਕੇ ਗਈ ਹੈ ਜਿਸ ਕਾਰਨ ਗੁਰਬਾਣੀ ਦੀ ਬੇਅਦਬੀ ਹੋਈ ਹੈ। ਅਗਰ ਉਸ ਨੂੰ ਗੁਰਬਾਣੀ ਨਹੀਂ ਆਉਂਦੀ ਤਾਂ ਕੀ ਲੋੜ ਸੀ ਗੁਰਬਾਣੀ ਦੀਆਂ ਉਦਾਹਰਣਾਂ ਦੇਣ ਦੀ।

ਬੂਟਾ ਸਿੰਘ ਆਖਦੇ ਹਨ ਕਿ ਇਸ ਕਾਰਜ ਵਿਚ ਡਾਈਸਪੋਰਾ ਸਿੱਖਾ ਦਾ ਵੀ ਬੁਹਤ ਵੱਡਾ ਯੋਗਦਾਨ ਹੈ। ਬਾਹਰਲੇ ਸਿੱਖ ਪਾਕਿਸਤਾਨ ਦੀ ਹਕੂਮਤ ਨਾਲ ਇਸ ਕਾਰਜ ਲਈ ਰਾਬਤੇ ਵਿਚ ਰਹੇ ਹਨ।

ਕੰਵਰਜੀਤ ਸਿੰਘ ਆਖਦੇ ਹਨ ਕਿ ਜਿਥੇ ਸਾਰੇ ਸਿੱਖ ਜਗਤ ਨੇ ਲਾਂਘੇ ਦੇ ਖੁੱਲਣ ਦਾ ਸਵਾਗਤ ਕੀਤਾ, ਖੁਸ਼ੀ ਮਨਾਈ ਹੈ. ਓਥੇ ਸਭ ਤੋਂ ਜ਼ਿਆਦਾ ਤਕਲੀਫ ਬਾਦਲ ਪਰਿਵਾਰ ਨੂੰ ਹੋਈ ਹੈ..। ਅੱਜ ਤਕ ਇਸ ਪਰਿਵਾਰ ਨੇ ਇਕ ਵੀ ਅੱਖਰ ਖੁਸ਼ੀ ਦਾ ਨਹੀਂ ਕਿਹਾ.। ਸਭ ਤੋਂ ਵੱਡੀ ਤਕਲੀਫ ਉਸ ਵੇਲੇ ਹੋਈ ਜਦੋਂ ਇਮਰਾਨ ਖਾਨ ਨੇ ਸਾਰਾ ਕਰੈਡਿਟ ਸਿੱਧੂ ਨੂੰ ਦਿੱਤਾ। ਸਾਹਮਣੇ ਬੈਠੀ ਹਰਸਿਮਰਤ ਕੌਰ ਦਾ ਚੇਹਰਾ ਦੇਖਣ ਵਾਲਾ ਸੀ..। ਬਾਦਲ ਪਰਿਵਾਰ ਦਾ ਵਤੀਰਾ ਤਾਂ ਮਨੂਵਾਦੀਆਂ ਤੋਂ ਵੀ ਘਟੀਆ ਅਤੇ ਸਿੱਖਾਂ ਨਾਲ ਦੁਸ਼ਮਣੀ ਭਰਿਆ ਹੈ.। ਇਸ ਪਰਿਵਾਰ ਨੂੰ ਲਾਂਘਾ ਖੁੱਲ੍ਹਣ ਦੀ ਸਭ ਤੋਂ ਜ਼ਿਆਦਾ ਤਕਲੀਫ ਹੈ।

ਜਗਵੰਤ ਸਿੰਘ ਮੱਲੀ ਲਿਖਦੇ ਹਨ ਕਿ ਖੁੱਲੇ ਲਾਂਘੇ ‘ਤੇ ਸਿੱਧੂ ਬਾਰੇ ਕੈਪਟਨ-ਬਾਦਲ ਇੰਜ ਬਿਆਨ ਦੇ ਰਹੇ ਹਨ, ਜਿਵੇ ਬਜਰੰਗ ਬਿਰਗੇਡ ਤੇ ਸ਼ਿਵ ਸੈਨਾ ਦੇਂਦੀ ਹੋਵੇ।

**ਵਰਲਡ ਸਿੱਖ ਪਾਰਲੀਮੈਂਟ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਦੇ ਫ਼ੈਸਲੇ ਦਾ ਸਵਾਗਤ :** ਵਰਲਡ ਸਿੱਖ ਪਾਰਲੀਮੈਂਟ ਦੇ ਸਿੱਖ ਆਗੂਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਵਾਸਤੇ ਦੋਵੇਂ ਪਾਸੇ ਭਾਰਤ ਅਤੇ ਪਾਕਿਸਤਾਨ ਵਿਚ ਨੀਂਹ ਪੱਥਰ ਰੱਖੇ ਜਾਣ ਦੀ ਕਾਰਵਾਈ ਦੀ ਸ਼ਲਾਘਾ ਕੀਤੀ ਹੈ ਅਤੇ ਇਸ ਨੂੰ ਗੁਰਪੁਰਬ ਮੌਕੇ ਸਿੱਖਾਂ ਲਈ ਇਕ ਵੱਡਾ ਤੋਹਫ਼ਾ ਕਰਾਰ ਦਿੱਤਾ। ਜਥੇਬੰਦੀ ਦੇ ਆਗੂ ਜੋਗਾ ਸਿੰਘ, ਪ੍ਰਿਤਪਾਲ ਸਿੰਘ ਸਵਿਟਜ਼ਰਲੈਂਡ ਅਤੇ ਹਰਵਿੰਦਰ ਸਿੰਘ ਇਸ ਨੀਂਹ ਪੱਥਰ ਸਮਾਗਮ ਵਿਚ ਸ਼ਾਮਲ ਹੋਣ ਲਈ ਪਾਕਿਸਤਾਨ ਪੁੱਜੇ ਹੋਏ ਸਨ। ਸਿੱਖ ਨੁਮਾਇੰਦਿਆਂ ਨੇ ਆਖਿਆ ਕਿ ਪਾਕਿਸਤਾਨ ਸਰਕਾਰ ਵੱਲੋਂ ਕੀਤੀ ਗਈ ਪਹਿਲਕਦਮੀ ਦਾ ਸਿੱਟਾ ਹੈ ਕਿ ਸਿੱਖਾਂ ਦੀ ਚਿਰੋਕਣੀ ਮੰਗ ਪੂਰੀ ਹੋਣ ਜਾ ਰਹੀ ਹੈ।

**ਦੋਵਾਂ ਦੇਸ਼ਾਂ ਵਲੋਂ ਕੀਤੀ ਗਈ ਪਹਿਲ :**

- ਸੰਨ-1522 ਵਿਚ ਕਰਤਾਰਪੁਰ ਸਾਹਿਬ (ਹੁਣ ਪਾਕਿਸਤਾਨ ਵਿਚ) ਵਿਖੇ ਗੁਰੂ ਨਾਨਕ ਦੇਵ ਜੀ ਨੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ। ਬਾਅਦ ਵਿਚ ਉਹ ਇੱਥੇ ਹੀ ਜੋਤੀ ਜੋਤ ਸਮਾ ਗਏ।
- ਫ਼ਰਵਰੀ-1999 ਵਿਚ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਕਰਤਾਰਪੁਰ ਸਾਹਿਬ ਲਾਂਘੇ ਲਈ ਤਜਵੀਜ਼ ਰੱਖੀ ਸੀ, ਜਦ ਉਹ ਪਾਕਿਸਤਾਨ ਨਾਲ ਸ਼ਾਂਤੀ ਦੀ ਪਹਿਲ ਦੇ ਮੱਦੇਨਜ਼ਰ ਬੱਸ ਵਿਚ ਲਾਹੌਰ ਗਏ ਸੀ ।
- ਸੰਨ-2000 ਵਿਚ ਪਾਕਿਸਤਾਨ ਨੇ ਭਾਰਤੀ ਸਰਹੱਦ ਵੱਲ ਦੇ ਪਾਸੇ ਤੋਂ ਪੁਲ ਦੇ ਨਿਰਮਾਣ ਜ਼ਰੀਏ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਬਿਨਾਂ ਵੀਜ਼ੇ ਤੋਂ ਦਰਸ਼ਨ ਕਰਨ ਲਈ ਸਹਿਮਤੀ ਜਤਾਈ ਸੀ।
- ਅਗਸਤ-2018 ਵਿਚ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਸਹੁੰ ਚੁੱਕ ਸਮਾਗਮ ਵਿਚ ਸ਼ਿਰਕਤ ਕੀਤੀ ਸੀ । ਇਸਲਾਮਾਬਾਦ ਤੋਂ ਵਾਪਸੀ ’ਤੇ ਸਿੱਧੂ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਪਾਕਿਸਤਾਨ ਸੈਨਾ ਦੇ ਮੁਖੀ ਕਮਰ ਜਾਵੇਦ ਬਾਜਵਾ ਨੇ ਦੱਸਿਆ ਹੈ ਕਿ ਪਾਕਿਸਤਾਨ ਸਰਕਾਰ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕਰਤਾਰਪੁਰ ਲਾਂਘਾ ਖੋਲ੍ਹੇਗੀ।
- 22 ਨਵੰਬਰ-2018 ਨੂੰ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਸਰਕਾਰ ਦੀ ਕੈਬਨਿਟ ਨੇ ਡੇਰਾ ਬਾਬਾ ਨਾਨਕ ਤੋਂ ਪਾਕਿਸਤਾਨ ਸਰਹੱਦ ਤੱਕ ਕਰਤਾਰਪੁਰ ਲਾਂਘੇ ਲਈ ਪ੍ਰਵਾਨਗੀ ਦੇ ਦਿੱਤੀ ਸੀ।
- 26 ਨਵੰਬਰ-2018 ਨੂੰ ਭਾਰਤ ਦੇ ਉਪ ਰਾਸ਼ਟਰਪਤੀ ਵੈਂਕਈਆ ਨਾਇਡੂ ਨੇ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਮਾਨ ਵਿਖੇ ਡੇਰਾ ਬਾਬਾ ਨਾਨਕ ਤੋਂ ਕੌਮਾਂਤਰੀ ਸਰਹੱਦ ਤੱਕ ਕਰਤਾਰਪੁਰ ਸਾਹਿਬ ਲਾਂਘੇ ਦਾ ਨੀਂਹ ਪੱਥਰ ਰੱਖਿਆ ਸੀ।
- 28 ਨਵੰਬਰ,-2018 ਨੂੰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਪਾਕਿ ਵੱਲ ਦੇ ਪਾਸੇ ਚਾਰ ਕਿਲੋਮੀਟਰ ਲੰਬੇ ਕਰਤਾਰਪੁਰ ਸਾਹਿਬ ਲਾਂਘੇ ਦਾ ਨੀਂਹ ਪੱਥਰ ਰੱਖਿਆ, ਜਿਸ ਨੂੰ ਅਗਲੇ ਸਾਲ ਤੱਕ ਪੂਰਾ ਕੀਤੇ ਜਾਣ ਦੀ ਸੰਭਾਵਨਾ ਹੈ।

## ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਲਈ ਇਮਰਾਨ ਖਾਨ ਦਾ ਧੰਨਵਾਦ

**ਚੰਡੀਗੜ੍ਹ/ਬਿਊਰੋ ਨਿਊਜ਼ :** ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਲਈ ਕੀਤੇ ਗਏ ਯਤਨਾਂ ਖਾਤਰ ਪਾਕਿਸਤਾਨ ਦੇ ਵਜ਼ੀਰ-ਏ-ਆਜ਼ਮ ਇਮਰਾਨ ਖਾਨ ਦਾ ਦਲ ਖ਼ਾਲਸਾ ਤੇ ਪੰਜਾਬੀ ਮਾਂ ਬੋਲੀ ਕਾਰਵਾਈ ਜਥੇਬੰਦੀ ਵੱਲੋਂ ਵਿਸ਼ੇਸ਼ ਧੰਨਵਾਦ ਕਰਦਿਆਂ ਭਵਿੱਖ ਵਿਚ ਇਸ ਸਬੰਧੀ ਹੋਰ ਸਾਰਥਕ ਯਤਨਾਂ ਦੀ ਉਮੀਦ ਰੱਖੀ ਹੈ। ਦੋਵੇਂ ਜਥੇਬੰਦੀਆਂ ਨੇ ਇਨ੍ਹਾਂ ਅਮਨ ਤੇ ਭਾਈਚਾਰਕ ਸਾਂਝ ਦੀਆਂ ਕੋਸ਼ਿਸ਼ਾਂ ਲਈ ਨਵਜੋਤ ਸਿੰਘ ਸਿੱਧੂ ਤੇ ਇਮਰਾਨ ਖਾਨ ਦੀ ਯਾਰੀ ਨੂੰ ਲਹਿੰਦੇ ਤੇ ਚੜ੍ਹਦੇ ਪੰਜਾਬ ਲਈ ਇਕ ਪੁਲ ਕਰਾਰ ਦਿੱਤਾ ਹੈ। ਚੜ੍ਹਦੇ ਪੰਜਾਬ ਦੀ ਧਰਤੀ ਤੋਂ ਡਾਕ ਰਾਹੀਂ ਭੇਜੀ ਚਿੱਠੀ ਵਿਚ ਜਥੇਬੰਦੀਆਂ ਵੱਲੋਂ ਸਭ ਤੋਂ ਪਹਿਲਾਂ ਇਸ ਲਾਂਘੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ ਗਿਆ, ਜਿਸ ਅੱਗੇ ਖ਼ਾਲਸਾ ਪੰਥ ਅਤੇ ਸਿੱਖ ਕੌਮ ਵਰ੍ਹਿਆਂ ਤੋਂ ਅਰਦਾਸ ਕਰ ਰਹੇ ਹਨ। ਇਮਰਾਨ ਖਾਨ ਦਾ ਧੰਨਵਾਦ ਕਰਦਿਆਂ ਤੇ ਵਧਾਈ ਦਿੰਦਿਆਂ ਪੰਜਾਬੀ ਮਾਂ ਬੋਲੀ ਕਾਰਵਾਈ ਜਥੇਬੰਦੀ ਪੰਜਾਬ ਦੇ ਚੇਅਰਮੈਨ ਬਾਬਾ ਹਰਦੀਪ ਸਿੰਘ ਮਹਿਰਾਜ, ਲਖਵੀਰ ਸਿੰਘ ਲੱਖਾ ਸਿਧਾਣਾ, ਬਲਜਿੰਦਰ ਸਿੰਘ ਕੋਟਭਾਰਾ, ਮਨਪ੍ਰੀਤ ਸਿੰਘ ਨਿੱਕਾ ਸਿਧਾਣਾ, ਦਲ ਖ਼ਾਲਸਾ ਦੇ ਕੇਂਦਰੀ ਵਰਕਿੰਗ ਕਮੇਟੀ ਮੈਂਬਰ ਭਾਈ ਗੁਰਵਿੰਦਰ ਸਿੰਘ ਬਠਿੰਡਾ, ਜਿਲ੍ਹਾ ਪ੍ਰਧਾਨ ਭਾਈ ਸੁਰਿੰਦਰ ਸਿੰਘ ਨਥਾਣਾ, ਭਾਈ ਭਗਵਾਨ ਸਿੰਘ ਸੰਧੂ ਖੁਰਦ, ਭਾਈ ਜੀਵਨ ਸਿੰਘ ਮੀਤ ਪ੍ਰਧਾਨ ਦਲ ਖਾਲਸਾ, ਬਲਕਰਨ ਸਿੰਘ ਡੱਬਵਾਲੀ ਜ਼ਿਲ੍ਹਾ ਜਨਰਲ ਸਕੱਤਰ, ਜਗਰੂਪ ਸਿੰਘ ਵਿਦਰੋਹੀ, ਪਰਨਜੀਤ ਸਿੰਘ ਜੱਗੀ ਕੋਟਫੱਤਾ (ਫੈਡਰੇਸ਼ਨ ਆਗੂ) ਅਤੇ ਸੁਖਪਾਲ ਸਿੰਘ ਬਾਬਾ ਪਾਲਾ ਨੇ ਕਿਹਾ ਕਿ ਸਿੱਖਾਂ ਵੱਲੋਂ ‘ਪੰਥ ਨਾਲੋਂ ਵਿਛੋੜੇ ਗੁਰਦੁਆਰਿਆਂ ਦੇ ਖੁੱਲੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ’ **(ਬਾਕੀ ਸਫ਼ਾ 28 ’ਤੇ)**




# ਫ਼ਲਾਂ ਵਾਲੇ ਦਰੱਖ਼ਤ ਨੂੰ ਪੱਥਰ ਵੱਜਦੇ ਹੀ ਹੁੰਦੇ ਨੇ : ਸਿੱਧੂ

## ਗੋਪਾਲ ਚਾਵਲਾ ਨਾਲ ਤਸਵੀਰਾਂ 'ਤੇ ਸਿੱਧੂ ਤੇ ਲੌਂਗੋਵਾਲ ਨੇ ਦਿੱਤੇ 'ਸਪੱਸ਼ਟੀਕਰਨ'

- ***71 ਸਾਲਾਂ ਬਾਅਦ ਨਾਨਕ ਨਾਮ ਲੇਵਾ ਸੰਗਤ ਦੀ ਆਸ ਹਕੀਕਤ ਵਿਚ ਬਦਲੀ***

**ਅੰਮ੍ਰਿਤਸਰ/ਬਿਊਰੋ ਨਿਊਜ਼ :** 71 ਸਾਲ ਬਾਅਦ ਨਾਨਕ ਨਾਮ ਲੇਵਾ ਸੰਗਤ ਦੀ ਅਰਦਾਸ ਸਫ਼ਲ ਹੋਈ ਹੈ। ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਵਾਉਣ ਲਈ ਬੇਸ਼ੱਕ ਹਰ ਦਿਨ ਸੰਗਤ ਅਰਦਾਸ ਕਰਦੀ ਹੈ ਅਤੇ ਸਰਕਾਰੀ ਪੱਧਰ 'ਤੇ ਵੀ ਕਈ ਵਾਰ ਚਾਰਾਜੋਈ ਅਰੰਭ ਹੋਈ ਪਰ ਇਹ ਗੱਲ ਕੋਈ ਝੁਠਲਾ ਨਹੀਂ ਸਕੇਗਾ ਕਿ ਇਸ ਆਸ ਦੇ ਦੀਵੇ ਨੂੰ ਨਵਜੋਤ ਸਿੰਘ ਸਿੱਧੂ ਅਤੇ ਇਮਰਾਨ ਖ਼ਾਨ ਦੀ ਦੋਸਤੀ ਨੇ ਰੌਸ਼ਨ ਕੀਤਾ ਹੈ। ਨਵਜੋਤ ਸਿੰਘ ਸਿੱਧੂ ਨੂੰ ਇਸ ਮਾਮਲੇ ਵਿਚ ਸਿਆਸੀ ਵਿਰੋਧੀਆਂ, ਇੱਥੋਂ ਤੱਕ ਕਿ ਆਪਣੇ ਹੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਤਿੱਖੇ ਵਿਰੋਧ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਇਸ ਦੀ ਪ੍ਰਵਾਹ ਕੀਤੇ ਬਿਨਾਂ ਨਵਜੋਤ ਸਿੰਘ ਸਿੱਧੂ ਵਾਰ-ਵਾਰ ਇਕੋ ਗੱਲ ਕਹਿ ਰਿਹਾ ਹੈ ਕਿ ਬਾਬਾ ਨਾਨਕ ਜੀ ਦੀ ਕਿਰਪਾ ਨਾਲ ਉਸ ਪਾਵਨ ਅਸਥਾਨ ਦੇ ਦਰਸ਼ਨ ਦੀਦਾਰੇ ਸਿੱਖ ਸੰਗਤ ਲਈ ਸੌਖੇ ਹੋ ਜਾਣਗੇ, ਬੇਸ਼ੱਕ ਇਸ ਲਈ ਉਸ ਨੂੰ ਕਿੰਨੇ ਵੀ ਸ਼ਬਦੀ ਨਸ਼ਤਰ ਕਿਉਂ ਨਾ ਝੱਲਣੇ ਪੈਣ। ਗੋਪਾਲ ਸਿੰਘ ਚਾਵਲਾ ਨਾਲ ਤਸਵੀਰ 'ਤੇ ਵਿਵਾਦ ਨੂੰ ਨਵਜੋਤ ਸਿੰਘ ਸਿੱਧੂ ਨੇ ਬੇਲੋੜਾ ਕਰਾਰ ਦਿੱਤਾ ਹੈ।

### ਤਸਵੀਰ ਵਿਵਾਦ ਬਾਰੇ ਕੀ ਆਖਦੇ ਨੇ ਨਵਜੋਤ ਸਿੰਘ ਸਿੱਧੂ

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵਲੋਂ ਕਰਤਾਰਪੁਰ ਸਾਹਿਬ ਲਾਂਘੇ ਦਾ ਨੀਂਹ-ਪੱਥਰ ਰੱਖਣ ਲਈ 28 ਨਵੰਬਰ ਨੂੰ ਹੋਏ ਸਮਾਗਮ ਵਿਚ ਸ਼ਿਰਕਤ ਕਰਨ ਉਪਰੰਤ ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਅਟਾਰੀ-ਵਾਹਗਾ ਸਰਹੱਦ ਰਸਤੇ ਪਾਕਿਸਤਾਨ ਤੋਂ ਵਤਨ ਪਰਤੇ। ਵਤਨ ਪਰਤ ਕੇ ਉਨ੍ਹਾਂ ਆਪਣੀ ਯਾਤਰਾ ਨੂੰ ਆਪਣੀ ਹੀ ਨਿਵੇਕਲੀ ਸ਼ੈਲੀ ਵਿਚ ਬਿਆਨ ਕਰਦਿਆਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਗੋਪਾਲ ਸਿੰਘ ਚਾਵਲਾ ਨਾਲ ਜਾਰੀ ਹੋਈ ਤਸਵੀਰ 'ਤੇ ਗ਼ਲਤ ਰਾਜਨੀਤੀ ਕੀਤੀ ਜਾ ਰਹੀ ਹੈ। ਸ. ਸਿੱਧੂ ਪਾਕਿਸਤਾਨ ਤੋਂ ਆਪਣੇ ਪਰਿਵਾਰ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਲਈ ਵਿਸ਼ੇਸ਼ ਤੋਹਫ਼ਾ ਵੀ ਲੈ ਕੇ ਆਏ। ਸਰਹੱਦ ਤੋਂ ਜ਼ੀਰੋ ਲਾਈਨ ਪਾਰ ਕਰਦਿਆਂ ਰੀਟਰੀਟ ਸੈਰਾਮਨੀ ਵੇਖ ਰਹੇ ਦਰਸ਼ਕਾਂ ਵਲੋਂ ਕੀਤੇ ਜਾ ਰਹੇ ਸਵਾਗਤ ਦਾ ਉਨ੍ਹਾਂ ਨੇ ਆਪਣੇ ਅੰਦਾਜ਼ ਵਿਚ ਹਵਾ ਵਿਚ ਛੱਕਾ ਜੜ ਕੇ ਜਵਾਬ ਦਿੱਤਾ। ਅਟਾਰੀ ਸਰਹੱਦ 'ਤੇ ਗੱਲਬਾਤ ਕਰਦਿਆਂ ਸ. ਸਿੱਧੂ ਨੇ ਕਿਹਾ ਕਿ ਜੋ ਦੁਆਵਾਂ ਆਸਾਂ 12 ਕਰੋੜ ਸੰਗਤ ਦੀਆਂ ਸਨ, ਉਹ ਹਕੀਕਤ ਵਿਚ ਬਦਲੀਆਂ ਹਨ। ਉਨ੍ਹਾਂ ਕਿਹਾ ਕਿ ਕਾਬਲੀਅਤ ਦਾ ਅੰਦਾਜ਼ਾ ਕਾਰਜ ਦੀ ਸੰਪੂਰਨਤਾ ਤੋਂ ਹੀ ਲਗਾਇਆ ਜਾ ਸਕਦਾ ਹੈ। 71 ਸਾਲ ਦਾ ਇੰਤਜ਼ਾਰ ਹਕੀਕਤ ਵਿਚ ਬਦਲਿਆ ਹੈ। ਇਸ ਸਬੰਧੀ ਪੁੱਟਿਆ ਗਿਆ ਪਹਿਲਾ ਹਾਂ-ਪੱਖੀ ਕਦਮ ਹੈ। ਉਨ੍ਹਾਂ ਆਪਣੇ ਹੀ ਅੰਦਾਜ਼ ਵਿਚ ਭਾਰਤ-ਪਾਕਿ ਰਿਸ਼ਤਿਆਂ ਬਾਰੇ ਕਿਹਾ ਕਿ "ਆਓ ਬਲਦੇ ਜੰਗਲ 'ਤੇ ਬਰਸਾਤ ਕਰੀਏ, ਲੰਮੀ ਕਾਲੀ ਰਾਤ ਹੈ, ਪ੍ਰਭਾਤ ਕਰੀਏ। ਗੁਰੂ ਨਾਨਕ ਦੇ ਨਾਂਅ 'ਤੇ ਚੰਗੀ ਸ਼ੁਰੂਆਤ ਕਰੀਏ।" ਉਨ੍ਹਾਂ ਕਿਹਾ ਕਿ ਦੋਵਾਂ ਪੰਜਾਬਾਂ ਦੇ ਦਿਲ ਵਿਚ ਵਿਸ਼ਵਾਸ ਭਰਿਆ ਹੈ ਤੇ ਬਾਬੇ ਗੁਰੂ ਨਾਨਕ ਦੀ ਕਿਰਪਾ ਨਾਲ ਉਹ ਇਸ ਜ਼ਹਿਰ ਨੂੰ ਘੱਟ ਕਰਕੇ ਮੁੜੇ ਹਨ ।ਉਨ੍ਹਾਂ ਕਿਹਾ ਕਿ ਇਮਰਾਨ ਖ਼ਾਨ ਨੇ ਸਾਫ਼ ਕਿਹਾ ਹੈ ਕਿ ਹੁਣ ਜੰਗਾਂ ਨਹੀਂ ਹੋਣਗੀਆਂ। ਗੁਰੂ ਬਾਬੇ ਨਾਨਕ ਦਾ ਦੁਆਰ ਖੁੱਲ੍ਹਣ ਨਾਲ 10 ਹਜ਼ਾਰ ਤੇ 12 ਹਜ਼ਾਰ ਖਿੜਕੀਆਂ ਹੋਰ ਖੁੱਲ੍ਹਣਗੀਆਂ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਤੇ ਫ਼ਿਰੋਜ਼ਪੁਰ ਦੀਆਂ ਸਰਹੱਦਾਂ ਖੁੱਲ੍ਹਣ ਨਾਲ ਦੋਵੇਂ ਪੰਜਾਬ ਖ਼ੁਸ਼ਹਾਲ ਹੋ ਜਾਣਗੇ। ਉਨ੍ਹਾਂ ਕਿਹਾ ਕਿ ਕਰਤਾਰਪੁਰ ਸਾਹਿਬ ਲਾਂਘੇ ਦੇ ਕਾਰਜ ਦੀ ਸ਼ੁਰੂਆਤ ਫ਼ਰਿਸ਼ਤਾ ਬਣ ਕੇ ਆਏ ਵਜ਼ੀਰੇ-ਏ-ਆਜ਼ਮ ਇਮਰਾਨ ਖ਼ਾਨ ਨੇ ਕੀਤੀ ਤੇ ਕਾਰਜ ਸੰਪੂਰਨਤਾ ਵਿਚ ਭਾਰਤ ਦੀ ਸਰਕਾਰ ਨੇ ਪੂਰਾ ਯੋਗਦਾਨ ਦਿੱਤਾ। ਪਾਕਿਸਤਾਨ ਦੇ ਗ਼ਰਮ ਖ਼ਿਆਲੀ ਸਿੱਖ ਆਗੂ ਗੋਪਾਲ ਸਿੰਘ ਚਾਵਲਾ ਨਾਲ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਤਸਵੀਰ ਬਾਰੇ ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਮੈਨੂੰ ਏਨਾ ਪਿਆਰ ਮਿਲਿਆ ਕਿ ਰੋਜ਼ 10 ਹਜ਼ਾਰ ਲੋਕ ਤਸਵੀਰਾਂ ਖਿੱਚਦੇ ਸਨ, ਮੈਨੂੰ ਨਹੀਂ ਪਤਾ ਕਿ ਚਾਵਲਾ ਕੌਣ ਤੇ ਚੀਮਾ ਕੌਣ ਹੈ ? ਤਸਵੀਰ ਵਾਇਰਲ ਹੋਣ 'ਤੇ ਸਿੱਧੂ ਨੇ ਕਿਹਾ ਕਿ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਗੋਬਿੰਦ ਸਿੰਘ ਲਾਗੋਂਵਾਲ ਦੀਆਂ ਤਸਵੀਰਾਂ ਵੀ ਗੋਪਾਲ ਸਿੰਘ ਚਾਵਲਾ ਨਾਲ ਵਾਇਰਲ ਹੋਈਆਂ ਹਨ ਪਰ ਨਿਸ਼ਾਨੇ 'ਤੇ ਇਕੱਲਿਆਂ ਸਿੱਧੂ ਨੂੰ ਹੀ ਕਿਉਂ ਲਿਆ ਜਾ ਰਿਹਾ ਹੈ ? ਸਿੱਧੂ ਨੇ ਕਿਹਾ ਕਿ ਰੋੜੇ ਉਸ ਰੁੱਖ ਨੂੰ ਵੱਜਦੇ ਹਨ ਜਿਸ ਨੂੰ ਮਿੱਠੇ ਅੰਬ ਲੱਗੇ ਹੋਣ। ਉਨ੍ਹਾਂ ਦੱਸਿਆ ਕਿ ਉਹ ਆਪਣੇ ਪਰਿਵਾਰ ਲਈ ਬਾਬੇ ਗੁਰੂ ਨਾਨਕ ਦੇ ਖ਼ੇਤਾਂ ਦੀ ਮਿੱਟੀ ਤੇ ਮਿੱਠੇ ਗੰਨੇ ਲੈ ਕੇ ਆਏ ਹਨ।

### ਚਾਵਲਾ ਨਾਲ ਸਿੱਧੂ ਦੀ ਤਸਵੀਰ ਕੋਈ ਮਸਲਾ ਨਹੀਂ : ਖਹਿਰਾ

ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਖ਼ਾਲਿਸਤਾਨੀ ਪੱਖੀ ਆਗੂ ਗੋਪਾਲ ਸਿੰਘ ਚਾਵਲਾ ਨਾਲ ਵਾਇਰਲ ਹੋਈ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਫੋਟੋ ਬਾਰੇ ਆਖਿਆ ਕਿ ਇਹ ਕੋਈ ਮਸਲਾ ਨਹੀਂ ਹੈ। ਜੇ ਉਨ੍ਹਾਂ ਦੇ ਆਪਸ ਵਿਚ ਕੋਈ ਨਿੱਜੀ ਸਬੰਧ ਹਨ ਤਾਂ ਜਾਂਚ ਦਾ ਵਿਸ਼ਾ ਬਣਦਾ ਹੈ। ਖਹਿਰਾ ਨੇ ਕਿਹਾ ਕਿ ਇਸ ਗੱਲ ਦਾ ਸ਼ੁਕਰ ਮਨਾਉਣਾ ਚਾਹੀਦਾ ਹੈ ਕਿ ਵਰ੍ਹਿਆਂ ਤੋਂ ਉਡੀਕਿਆ ਜਾ ਰਿਹਾ ਕਰਤਾਰਪੁਰ ਲਾਂਘਾ ਖੁੱਲ੍ਹ ਰਿਹਾ ਹੈ। ਖਹਿਰਾ ਇਸ ਮਾਮਲੇ ਦਾ ਸਿਹਰਾ ਕੇਂਦਰ ਸਰਕਾਰ ਨੂੰ ਦੇਣੋਂ ਟਲਦੇ ਨਜ਼ਰ ਆਏ ਤੇ ਉਨ੍ਹਾਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਧੰਨਵਾਦ ਕੀਤਾ।



**ਬੈਂਸ ਵਲੋਂ ਕੈਪਟਨ ਤੇ ਬਾਦਲਾਂ ਦੀ ਆਲੋਚਨਾ ਤੇ ਸਿੱਧੂ ਦੀ ਤਾਰੀਫ :** ਲੋਕ ਇਨਸਾਫ ਪਾਰਟੀ ਦੇ ਸੁਪਰੀਮੋ ਸਿਮਰਜੀਤ ਸਿੰਘ ਬੈਂਸ ਨੇ ਕਰਤਾਪੁਰ ਸਾਹਿਬ ਲਾਂਘੇ ਬਾਰੇ ਬੋਲਦੇ ਹੋਏ ਨਵਜੋਤ ਸਿੰਘ ਸਿੱਧੂ ਤੇ ਇਮਰਾਨ ਖਾਨ ਦਾ ਧੰਨਵਾਦ ਕੀਤਾ ਹੈ । ਬੈਂਸ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਪਾਕਿਸਤਾਨ ਸਰਕਾਰ ਨਾਲ ਰਾਬਤਾ ਕਾਇਮ ਕਰੇ ਤੇ ਕਰਤਾਰਪੁਰ ਗੁਰਦੁਆਰਾ ਸਾਹਿਬ ਦੀ ਜ਼ਮੀਨ ਪਾਕਿਸਤਾਨ ਕੋਲੋਂ ਹਮੇਸ਼ਾਂ ਹਮੇਸ਼ਾਂ ਲਈ ਲੈ ਕੇ ਬਦਲੇ ਵਿੱਚ ਉਸ ਮੁਲਕ ਨੂੰ ਭਾਰਤ ਦੀ ਕਿਸੇ ਹੋਰ ਥਾਂ ਤੋਂ ਜ਼ਮੀਨ ਦੇ ਦਿੱਤੀ ਜਾਵੇ ਤਾਂਕਿ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤ ਨੂੰ ਭਵਿੱਖ ਦੀਆਂ ਦਿੱਕਤਾਂ ਤੋਂ ਸਦਾ ਸਦਾ ਲਈ ਛੁਟਕਾਰਾ ਮਿਲ ਜਾਏ। ਬੈਂਸ ਨੇ ਕਿਹਾ ਕਿ ਜਿੱਥੇ ਉਹ ਇਸ ਲੰਘੇ ਦੇ ਖੁੱਲ੍ਹਣ 'ਤੇ ਸਾਰਿਆਂ ਦਾ ਧੰਨਵਾਦ ਕਰਦੇ ਹਨ, ਉੱਥੇ ਉਹ ਨਾਲ ਹੀ ਇਹ ਅਪੀਲ ਵੀ ਕਰਦੇ ਹਨ ਕਿ ਇਸ ਮਾਮਲੇ 'ਤੇ ਰਾਜਨੀਤੀ ਨਹੀਂ ਹੋਣੀ ਚਾਹੀਦੀ ਜਿਵੇਂ ਕਿ ਕੈਪਟਨ ਅਮਰਿੰਦਰ ਸਿੰਘ ਤੇ ਬਾਦਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਅੱਜ ਬਾਦਲਾਂ ਨੂੰ ਕੋਈ ਪੁੱਛੇ ਕਿ ਪਿਛਲੇ 10 ਸਾਲਾਂ ਦੌਰਾਨ ਉਹ ਇਸ ਮਾਮਲੇ 'ਤੇ ਇੱਕ ਅੱਖਰ ਵੀ ਨਹੀਂ ਬੋਲੇ ਤੇ ਅੱਜ ਬੀਬੀ ਬਾਦਲ ਇਸ ਮਸਲੇ ਤੇ ਤਾਲੂ ਨੂੰ ਜੀਭਾਂ ਲਾ ਲਾ ਕੇ ਭਾਸ਼ਣ ਦੇ ਰਹੀ ਹੈ । ਬੈਂਸ ਨੇ ਕਿਹਾ ਕਿ ਦੂਜੇ ਪਾਸੇ ਸਾਡੇ 56 ਇੰਚ ਵਾਲੇ ਪ੍ਰਧਾਨ ਮੰਤਰੀ ਹੁੱਬ-ਹੁੱਬ ਕੇ ਕਹਿ ਰਹੇ ਨੇ ਕਿ ਅਸੀਂ ਤੁਹਾਨੂੰ ਲਾਂਘਾ ਦੇ ਦਿੱਤਾ, ਲਾਂਘਾ ਦੇ ਦਿੱਤਾ। ਉਨ੍ਹਾਂ ਕਿਹਾ ਕਿ ਉਹ ਧੰਨਵਾਦੀ ਤਾਂ ਹਨ ਪਰ ਗੱਲ ਤਾਂ ਬਣੇ ਜੇਕਰ ਉਹ 3 ਲੱਖ ਕਰੋੜ ਰੁਪਏ ਦੇ ਕਰਜ਼ਾਈ ਹੋ ਚੁੱਕੇ ਪੰਜਾਬ ਦਾ ਕਰਜ਼ਾ ਮਾਫ ਕਰਨ। ਉਹਨਾਂ ਕਿਹਾ ਕਿ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਨਾਲ ਦੋਵਾਂ ਦੇਸ਼ਾਂ ਦੇ ਪੰਜਾਬਾਂ ਨੂੰ ਹੀ ਫਾਇਦਾ ਹੋਵੇਗਾ।

### ਚਾਵਲਾ ਨਾਲ ਮੇਰਾ ਕੋਈ ਵਾਸਤਾ ਨਹੀਂ : ਲੌਂਗੋਵਾਲ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਪਾਕਿਸਤਾਨ ਤੋਂ ਵਤਨ ਵਾਪਸੀ ਮੌਕੇ ਅਟਾਰੀ ਸਰਹੱਦ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਕਰਤਾਰਪੁਰ ਲਾਂਘੇ ਦੇ ਨੀਂਹ ਪੱਥਰ ਸਮਾਗਮ ਵਿਚ ਸ਼ਾਮਲ ਹੋਣਾ ਉਨ੍ਹਾਂ ਦੀ ਖ਼ੁਸ਼ਕਿਸਮਤੀ ਹੈ। ਉਨ੍ਹਾਂ ਕਿਹਾ ਕਿ ਕਰਤਾਰਪੁਰ ਲਾਂਘਾ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਨੂੰ ਮਜ਼ਬੂਤ ਕਰੇਗਾ



ਤੇ ਉਨ੍ਹਾਂ ਦੀ ਅਰਦਾਸ ਹੈ ਕਿ ਅਮਨ ਦਾ ਇਹ ਲਾਂਘਾ ਛੇਤੀ ਖੁੱਲ੍ਹੇ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਗੋਪਾਲ ਸਿੰਘ ਚਾਵਲਾ ਨਾਲ ਉਨ੍ਹਾਂ ਦਾ ਕੋਈ ਵਾਸਤਾ ਨਹੀਂ ਹੈ ਅਤੇ ਉਹ ਨੀਂਹ ਪੱਥਰ ਸਮਾਗਮ ਮੌਕੇ ਪਾਕਿਸਤਾਨ ਸਰਕਾਰ ਵੱਲੋਂ ਦਿੱਤੇ ਸਥਾਨ 'ਤੇ ਹੀ ਬੈਠੇ ਸਨ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਤਾਰਾ ਸਿੰਘ ਅਤੇ ਹੋਰ ਅਹੁਦੇਦਾਰਾਂ ਨੇ ਸ਼੍ਰੋਮਣੀ ਕਮੇਟੀ ਨੂੰ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਦੀ ਰੂਪ-ਰੇਖਾ ਉਲੀਕਣ ਸਬੰਧੀ ਜਨਵਰੀ-2019 ਵਿਚ ਮੁੜ ਪਾਕਿਸਤਾਨ ਆਉਣ ਦਾ ਸੱਦਾ ਦਿੱਤਾ ਹੈ। ਇਸ ਤੋਂ ਇਲਾਵਾ ਔਕਾਫ਼ ਬੋਰਡ ਦੇ ਸਕੱਤਰ ਜਨਾਬ ਤਾਰਿਕ ਵਜ਼ੀਰ ਖਾਨ ਤੇ ਵਧੀਕ ਸਕੱਤਰ ਇਮਰਾਨ ਗੋਂਦਲ ਤੇ ਫਰਾਜ਼ ਅੱਬਾਸ ਨਾਲ ਵੀ 550ਵੇਂ ਪ੍ਰਕਾਸ਼ ਪੁਰਬ ਸਬੰਧੀ ਗੱਲਬਾਤ ਕੀਤੀ ਹੈ। ਭਾਈ ਲੌਂਗੋਵਾਲ ਨੇ ਕਿਹਾ ਕਿ ਪਾਕਿਸਤਾਨ ਦੀ ਅਗਲੀ ਫੇਰੀ ਦੌਰਾਨ ਸ਼੍ਰੋਮਣੀ ਕਮੇਟੀ ਤੇ ਪਾਕਿਸਤਾਨ ਕਮੇਟੀ ਇੱਕ ਸਾਂਝੀ ਸ਼ਤਾਬਦੀ ਕਮੇਟੀ ਵੀ ਬਣਾਈ ਜਾਵੇਗੀ।

**ਬਾਦਲਕਿਆਂ ਵੱਲੋਂ ਸਿੱਧੂ ਦੀ ਵਿਰੋਧਤਾ :** ਅਕਾਲੀ ਦਲ ਵੱਲੋਂ ਸਿੱਧੂ ਨੂੰ ਪੰਜਾਬ ਮੰਤਰੀ ਮੰਡਲ ਵਿਚੋਂ ਬਾਹਰ ਕਰਨ ਦੀ ਮੰਗ ਕੀਤੀ ਗਈ ਹੈ। ਅਕਾਲੀ ਦਲ ਦੇ ਬੁਲਾਰੇ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਹੈ, 'ਗੋਪਾਲ ਸਿੰਘ ਚਾਵਲਾ ਨਾਲ ਸਿੱਧੂ ਦੀ ਜਿਹੜੀ ਤਸਵੀਰ ਸਾਹਮਣੇ ਆਈ ਹੈ। ਉਸ ਨਾਲ ਦੇਸ਼ ਦੇ ਲੋਕ ਸ਼ਰਮਿੰਦਗੀ ਮਹਿਸੂਸ ਕਰ ਰਹੇ ਹਨ।' ਸਿਰਸਾ ਨੇ ਦੋਸ਼ ਲਗਾਇਆ ਕਿ ਜਿਵੇਂ ਸਿੱਧੂ ਬਾਲੀਵੁੱਡ ਵਿੱਚ ਪੈਸਿਆਂ ਲਈ ਕੰਮ ਕਰਦੇ ਸੀ ਉਸੇ ਤਰਜ਼ ਉੱਤੇ ਉਹ ਪਾਕਿਸਤਾਨ ਤੋਂ ਪੈਸੇ ਲੈ ਕੇ ਉਸ ਲਈ ਕੰਮ ਕਰ ਰਿਹਾ ਹੈ।

### ਪੱਤਰਕਾਰ ਨਾਲ ਉਲਝੇ ਸਿਰਸਾ

ਗੋਪਾਲ ਸਿੰਘ ਚਾਵਲਾ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨਾਲ ਬੈਠਣ ਬਾਰੇ ਪੁੱਛੇ ਸਵਾਲ ਬਾਰੇ ਅਕਾਲੀ ਆਗੂ ਮਨਜਿੰਦਰ ਸਿੰਘ ਸਿਰਸਾ ਭੜਕ ਗਏ ਤੇ ਪੱਤਰਕਾਰ ਤੋਂ ਮਾਈਕ ਖੋਹਣ ਦੀ ਕੋਸ਼ਿਸ਼ ਕੀਤੀ। ਸਿਰਸਾ ਨੂੰ ਜਦੋਂ ਪੁੱਛਿਆ ਗਿਆ ਕਿ ਉਹ ਨਵਜੋਤ ਸਿੰਘ ਸਿੱਧੂ ਦੀਆਂ ਚਾਵਲਾ ਨਾਲ ਤਸਵੀਰਾਂ ਦਾ ਰੌਲਾ ਪਾ ਰਹੇ ਹਨ, ਜਦ ਕਿ ਲੌਂਗੋਵਾਲ ਨੇ ਵੀ ਚਾਵਲਾ ਨਾਲ ਤਸਵੀਰਾਂ ਖਿਚਵਾਈਆਂ ਸਨ ਤਾਂ ਇਸ ਉਤੇ ਸਿਰਸਾ ਭੜਕ ਗਏ ਤੇ ਪੱਤਰਕਾਰ ਨੂੰ ਹੀ ਪੁੱਠੇ-ਸਿੱਧੇ ਸਵਾਲ ਪੁੱਛਣ ਲੱਗ ਗਏ। ਜਦੋਂ ਸਿਰਸਾ ਹਰ ਗੱਲ ਉਤੇ ਲਾਜਵਾਬ ਹੋ ਗਏ ਤਾਂ ਜਵਾਬ ਦੇਣ ਦੀ ਥਾਂ ਗੱਲਬਾਤ ਵਿਚਾਲੇ ਛੱਡ ਕੇ ਭੱਜ ਗਏ। ਪੱਤਰਕਾਰ ਨੇ ਸਵਾਲ ਕੀਤਾ ਕਿ ਕੀ ਲੌਂਗੋਵਾਲ ਤੋਂ ਸਪਸ਼ਟੀਕਰਨ ਮੰਗਿਆ ਜਾਵੇਗਾ ਤਾਂ ਸਿਰਸਾ ਨੇ ਕਿਹਾ ਲੌਂਗੋਵਾਲ ਨੇ ਆਪ ਆਖਿਆ ਹੈ ਕਿ ਜਾਣ ਬੁੱਝ ਕੇ ਚਾਵਲਾ ਨੂੰ ਉਸ ਕੋਲ ਬਿਠਾ ਦਿੱਤਾ ਗਿਆ। ਜਦੋਂ ਸਿਰਸਾ ਨੂੰ ਪੁੱਛਿਆ ਗਿਆ ਕਿ ਲੌਂਗੋਵਾਲ ਆਪਣੀ ਸੀਟ ਛੱਡ ਕੇ ਹੋਰ ਵੀ ਕਿਤੇ ਬੈਠ ਸਕਦੇ ਸਨ, ਤਾਂ ਸਿਰਸਾ ਨੇ ਕਿਹਾ ਕਿ ਕੀ ਉਹ ਪ੍ਰਧਾਨ ਮੰਤਰੀ ਨਾਲ ਜਾ ਕੇ ਬੈਠ ਜਾਂਦੇ ? ਇਸ ਤੋਂ ਬਾਅਦ ਸਿਰਸਾ ਗਰਮ ਹੋ ਗਏ ਤੇ ਜਵਾਬ ਦੇਣ ਦੀ ਥਾਂ ਭੱਜ ਗਏ। ਕੁਝ ਦੇਰ ਬਾਅਦ ਵਾਪਸ ਆਏ ਤੇ ਮਾਈਕ ਫੜ ਕੇ ਆਖਣ ਲੱਗੇ ਕੇ ਤੁਹਾਡੇ ਚੈਨਲ ਵਾਲੇ ਜਾਣ ਬੁੱਝ ਕੇ ਅਜਿਹੇ ਸਵਾਲ ਪੁੱਛ ਰਹੇ ਹਨ।



# ਆਖਰ ਹੈ ਕੌਣ ਗੋਪਾਲ ਸਿੰਘ ਚਾਵਲਾ

**ਸ੍ਰੀ ਨਨਕਾਣਾ ਸਾਹਿਬ/ਬਿਊਰੋ ਨਿਊਜ਼ :** ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੇ ਨੀਂਹ ਪੱਥਰ ਵਾਲੇ ਸਮਾਗਮ ਵਿੱਚ ਗੋਪਾਲ ਸਿੰਘ ਚਾਵਲਾ ਦੀ ਸ਼ਿਰਕਤ ਦੇ ਕੀ ਮਾਅਨੇ ਹਨ ? ਭਾਰਤ ਵਿੱਚ ਬਾਕੀ ਸਭ ਕੁਝ ਛੱਡ ਕੇ ਸਿਰਫ ਇਸੇ ਉੱਤੇ ਹੀ ਚਰਚਾ ਹੋ ਰਹੀ ਹੈ। ਆਖਰ ਹੈ ਕੌਣ ਗੋਪਾਲ ਸਿੰਘ ਚਾਵਲਾ ? ਉਨ੍ਹਾਂ ਦੇ ਫੇਸਬੁੱਕ ਖਾਤੇ ਮੁਤਾਬਕ ਉਹ ਨਨਕਾਣਾ ਸਾਹਿਬ ਦੇ ਵਾਸੀ ਹਨ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੇ ਜਨਰਲ ਸਕੱਤਰ ਹਨ। ਗੋਪਾਲ ਸਿੰਘ ਚਾਵਲਾ ਨੇ ਕਿਹਾ ਹੈ, "ਮੈਂ ਆਪਣੇ ਮੁਲਕ ਦੇ ਫੌਜ ਮੁਖੀ ਨਾਲ ਮਿਲਿਆ ਹਾਂ, ਮੈਂ ਕਿਸੇ ਇਸਰਾਇਲ ਜਾਂ ਇੰਡੀਆ ਦੇ ਫੌਜੀ ਨੂੰ ਤਾਂ ਨਹੀਂ ਮਿਲਿਆ।" ਉਹ ਦਾਅਵਾ ਕਰ ਰਹੇ ਹਨ ਕਿ ਉਹ ਪਾਕਿਸਤਾਨ ਵਿੱਚ ਵਿਛੜੇ ਭੈਣ-ਭਰਾਵਾਂ ਦੇ ਮੇਲ ਲਈ ਪੰਜਾਬੀ ਸਿੱਖ ਸੰਗਤ ਰਾਹੀਂ ਹਰ ਉਪਰਾਲਾ ਕਰਨਗੇ। ਉਹ ਤਨਜ਼ ਕਸਦੇ ਹਨ ਕਿ ਭਾਰਤ 'ਚ ਕਿਸੇ ਦਾ ਸਿਰ ਦੁਖੇ ਤਾਂ ਆਂਹਦੇ ਨੇ ਚਾਵਲੇ ਨੇ ਜਾਂ ਆਈਐਸਆਈ ਨੇ ਹਵਾ ਘੱਲੀ ਏ, ਖਾਲਿਸਤਾਨ ਤਾਂ 'ਓਸ ਪਾਸੇ' ਹੀ ਬਣੇਗਾ।

ਗੋਪਾਲ ਸਿੰਘ ਚਾਵਲਾ ਮੁਤਾਬਕ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕੀ ਕਮੇਟੀ ਨੇ ਲਗਾਤਾਰ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਵਕਾਲਤ ਕੀਤੀ ਹੈ ਅਤੇ ਇਸ ਸਮਾਗਮ ਵਿੱਚ ਉਨ੍ਹਾਂ ਦੀ ਭਾਈਵਾਲੀ ਸੁਭਾਵਿਕ ਹੈ। ਡੇਰਾ ਬਾਬਾ ਨਾਨਕ ਵਿੱਚ ਨੀਂਹ ਪੱਥਰ ਰੱਖਣ ਵਾਲੇ ਸਮਾਗਮ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਸ਼ਾਮਿਲ ਹੋਏ ਸਨ। ਇਸ ਤਰ੍ਹਾਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹਮਰੁਤਬਾ ਇੱਕ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹਮਰੁਤਬਾ ਤਨਜੀਮ ਹੈ ਅਤੇ ਦੂਜੇ ਪਾਸੇ ਕਰਤਾਰਪੁਰ ਸਾਹਿਬ ਵਿੱਚ ਗੁਰਦੁਆਰੇ ਦੀ ਇੰਤਜਾਮੀਆ ਹੈ। ਇਸ ਲਿਹਾਜ ਨਾਲ ਉਹ ਸਮੁੱਚੇ ਸਮਾਗਮ ਦੇ ਮੇਜ਼ਬਾਨ ਸੀ ਅਤੇ ਗੋਪਾਲ ਸਿੰਘ ਚਾਵਲਾ ਇਸ ਦੇ ਨੁਮਾਇੰਦੇ ਸਨ।

ਸਿੱਧੂ ਨਾਲ ਮੁਲਾਕਾਤ ਦਾ ਕੀ ਬਣਿਆ ਸਬੱਬ ? : ਉਹ ਨਵਜੋਤ ਸਿੰਘ ਸਿੱਧੂ ਨਾਲ ਮੁਲਾਕਾਤ ਬਾਬਤ ਦੱਸਦੇ ਹਨ, ਕਿ "ਮੈਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਅਤੇ ਪੰਜਾਬੀ ਸਿੱਖ ਸੰਗਤ ਦੇ ਚੇਅਰਮੈਨ ਵਜੋਂ ਆਪਣੇ ਮੁਲਕ ਵਿੱਚ ਆਏ ਨਵਜੋਤ ਸਿੰਘ ਸਿੱਧੂ ਦੇ ਸੁਆਗਤ ਲਈ ਗਿਆ ਸਾਂ ਅਤੇ ਉੱਥੇ ਤਸਵੀਰ ਖਿਚਵਾਈ ਸੀ। ਇਸੇ ਨਾਤੇ ਮੇਰੀਆਂ ਬਾਕੀ ਮਹਿਮਾਨਾਂ ਨਾਲ ਵੀ ਤਸਵੀਰਾਂ ਖਿੱਚੀਆਂ ਗਈਆਂ ਸਨ।"

ਉਨ੍ਹਾਂ ਦੀ ਫੇਸਬੁੱਕ ਉੱਤੇ ਹੀ ਪਾਕਿਸਤਾਨੀ ਟੈਲੀਵਿਜ਼ਨ ਪੀਟੀਵੀ ਦੀ 54ਵੀਂ ਵਰੇਗੰਢ ਮੌਕੇ ਨਨਕਾਣਾ ਸਾਹਿਬ ਵਿੱਚ ਹੋਏ ਸਮਾਗਮ ਦੀ ਰਿਪੋਰਟ ਹੈ ਜਿਸ ਵਿੱਚ ਗੋਪਾਲ ਸਿੰਘ ਚਾਵਲਾ ਨੇ ਮਜ਼ਹਬੀ ਘੱਟ-ਗਿਣਤੀਆਂ ਦੇ ਨੁਮਾਇੰਦਿਆਂ ਨਾਲ ਸਿੱਖ ਬਰਾਬਰੀ ਦੇ ਨੁਮਾਇੰਦੇ ਵਜੋਂ ਸ਼ਿਰਕਤ ਕੀਤੀ ਸੀ। ਇੱਕ ਵੀਡੀਓ ਵਿੱਚ ਉਹ ਗੁਰਦੁਆਰਾ ਨਨਕਾਣਾ ਸਾਹਿਬ ਤੋਂ ਬੋਲ ਰਹੇ ਹਨ ਕਿ ਪਾਕਿਸਤਾਨ ਵਿੱਚ ਸਿੱਖਾਂ ਦੀ ਮੁਕੱਦਸ ਥਾਂ ਉੱਤੇ ਹਰ ਕਿਸੇ ਨੂੰ ਆਪਣੀ ਗੱਲ ਕਹਿਣ ਦਾ ਹੱਕ ਹੈ। ਉਹ ਦਾਅਵਾ ਕਰਦੇ ਹਨ, "ਜਿੰਨੀ ਗੁਰਸਿੱਖਾਂ ਨੂੰ ਆਜ਼ਾਦੀ ਪਾਕਿਸਤਾਨ ਵਿੱਚ ਹੈ, ਉਹ ਦੁਨੀਆ ਵਿੱਚ ਹੋਰ ਕਿਤੇ ਨਹੀਂ ਹੈ। ਜੇ ਹਿੰਦੋਸਤਾਨ ਨੇ ਇਸੇ ਮਾਮਲੇ ਵਿੱਚ ਸਾਡੇ ਨਾਲ ਜ਼ਿੱਦ ਕਰਨੀ ਹੈ ਤਾਂ ਇਸੇ ਤਰ੍ਹਾਂ ਦੀ ਆਜ਼ਾਦੀ ਸਿੱਖਾਂ ਨੂੰ ਉੱਥੇ ਦੇ ਦੇਵੇ।" ਇਸ ਤੋਂ ਬਾਅਦ ਉਹ ਕੁਝ ਚੋਣਵੀਆਂ ਘਟਨਾਵਾਂ ਦੇ ਹਵਾਲੇ ਨਾਲ ਹਿੰਦੋਸਤਾਨ ਵਿੱਚ ਸਿੱਖਾਂ ਖ਼ਿਲਾਫ਼ ਹੁੰਦੇ ਜ਼ੁਲਮ ਦੀ ਗੱਲ ਕਰਦਾ ਹੋਇਆ ਸਾਰੇ ਮਸਲਿਆਂ ਦੇ ਹੱਲ ਵਜੋਂ ਆਜ਼ਾਦ ਖਾਲਿਸਤਾਨ ਦੀ ਮੰਗ ਕਰਦਾ ਹੈ। ਲੋੜ ਪੈਣ ਉੱਤੇ 'ਸਿਰ ਵਾਰਨ' ਦਾ ਵਾਅਦਾ ਕਰਦਾ ਹੈ। ਉਹ ਅਕਾਲ ਤਖ਼ਤ ਸਾਹਿਬ ਨੂੰ ਯਰਗਮਾਲ ਬਣਾ ਲਏ ਜਾਣ ਦੀ ਬਾਤ ਪਾਉਂਦਾ ਹੋਇਆ ਸਿੱਖ ਮਸਲਿਆਂ ਵਿੱਚ ਆਰਐੱਸਐੱਸ. ਅਤੇ ਰਾਅ (ਰੀਸਰਚ ਐਂਡ ਅਨੈਲੇਸਿਸ ਵਿੰਗ) ਦੀ ਦਖ਼ਲਅੰਦਾਜ਼ੀ ਬਾਰੇ ਗੱਲ ਕਰਦਾ ਹੈ। ਇਸ ਤਕਰੀਰ ਦੇ ਅੰਤ ਵਿੱਚ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਜਗਤਾਰ ਸਿੰਘ ਹਵਾਰਾ ਨੂੰ ਮੰਨਣ ਦਾ ਮਤਾ ਪਾਸ ਕਰਵਾਉਂਦਾ ਹੈ ਅਤੇ ਖਾਲਿਸਤਾਨ ਦੇ ਨਾਅਰੇ ਲਗਵਾਉਂਦਾ ਹੈ। ਇਹ ਵੀਡੀਓ 25 ਨਵੰਬਰ ਨੂੰ ਪੋਸਟ ਕੀਤਾ ਗਿਆ ਹੈ। ਇਸੇ ਮੰਚ ਤੋਂ ਇੱਕ ਦਿਨ ਪਹਿਲਾਂ ਪਾਕਿਸਤਾਨ ਦੇ ਮਜ਼ਹਬੀ ਮਾਮਲਿਆਂ ਦੇ ਕੇਂਦਰੀ ਮੰਤਰੀ ਪੀਰ ਨੂਰ ਹੱਕ ਕਾਦਰੀ ਤਕਰੀਰ ਕਰ ਕੇ ਗਏ ਸਨ ਅਤੇ ਗੋਪਾਲ ਸਿੰਘ ਚਾਵਲਾ ਉਨ੍ਹਾਂ ਦੇ ਪਿੱਛੇ ਖੜ੍ਹੇ ਹਨ। ਫੇਸਬੁੱਕ ਉੱਤੇ ਸਾਂਝੇ ਕੀਤੇ ਗਏ ਵੀਡੀਓ ਵਿਚ ਪੀਰ ਨੂਰ ਹੱਕ ਕਾਦਰੀ ਨੇ ਇਸ ਮੌਕੇ ਉੱਤੇ ਗੁਰੂ ਨਾਨਕ ਦਾ 550ਵਾਂ ਜਨਮ ਸਾਲ ਪਾਕਿਸਤਾਨ ਵਿੱਚ ਸ਼ਾਨ-ਓ-ਸ਼ੌਕਤ ਨਾਲ ਮਨਾਉਣ ਦਾ ਐਲਾਨ ਕੀਤਾ ਸੀ।

ਖੈਬਰ ਪਖਤੂਨ ਦੇ ਵਾਸੀ ਸਨ ਚਾਵਲਾ ਦੇ ਪੁਰਖੇ : ਗੋਪਾਲ ਸਿੰਘ ਚਾਵਲਾ ਦੇ ਪੁਰਖ਼ੇ ਸਰਹੱਦੀ ਸੂਬੇ (ਖੈਬਰ ਪਖ਼ਤੂਨਖਵਾ) ਦੇ ਰਹਿਣ ਵਾਲੇ ਸਨ ਜਿੱਥੇ ਉਨ੍ਹਾਂ ਦਾ ਪਿੰਡ ਤੋਰਾਬੜੀ, ਜ਼ਿਲਾ ਕੁਹਾਟ ਅਤੇ ਤਹਿਸੀਲ ਹੰਗੂ ਸੀ। ਉਨ੍ਹਾਂ ਦੇ ਜ਼ਿਆਦਾਤਰ ਰਿਸ਼ਤੇਦਾਰ ਸੰਨ 1947 ਦੀ ਵੰਡ ਦੌਰਾਨ ਹਿਜ਼ਰਤ ਕਰ ਕੇ ਭਾਰਤ ਵਿੱਚ ਆ ਗਏ ਸਨ ਪਰ ਉਨ੍ਹਾਂ ਦੇ ਦਾਦਾ ਸੰਤ ਸਿੰਘ ਨੇ ਪਾਕਿਸਤਾਨ ਵਿੱਚ ਹੀ ਰਹਿਣ ਦਾ ਫ਼ੈਸਲਾ ਕੀਤਾ ਸੀ। ਪਾਕਿਸਤਾਨ ਵਿੱਚ ਸਿੱਖਾਂ ਦੀ ਆਬਾਦੀ ਤਕਰੀਬਨ 20 ਹਜ਼ਾਰ ਹੈ ਜੋ ਮੁਲਕ ਦੀ ਆਬਾਦੀ ਦੀ ਤਕਰੀਬਨ 20 ਕਰੋੜ ਆਬਾਦੀ ਦਾ ਦਸ ਹਜ਼ਾਰਵਾਂ ਹਿੱਸਾ ਹੈ। ਇਸ ਨਿਗੂਣੀ ਗਿਣਤੀ ਵਾਲੀ ਬਰਾਦਰੀ ਦੀ ਪਾਕਿਸਤਾਨ ਵਿੱਚ ਹੈਸੀਅਤ ਦਾ ਅੰਦਾਜ਼ਾ ਲਗਾਉਣ ਲਈ ਕਿਸੇ ਵਿਦਵਾਨੀ ਦੀ ਜ਼ਰੂਰਤ ਨਹੀਂ ਹੈ। ਸੰਨ 1971 ਵਿੱਚ ਗੋਪਾਲ ਸਿੰਘ ਚਾਵਲਾ ਦਾ ਨਾਨਕਾ ਪਰਿਵਾਰ ਖੈਬਰ ਪਖ਼ਤੂਨਖਵਾ ਤੋਂ ਆ ਕੇ ਨਨਕਾਣਾ ਸਾਹਿਬ ਵਸਿਆ। ਗੋਪਾਲ ਸਿੰਘ ਚਾਵਲਾ ਦਾ ਜਨਮ ਖੈਬਰ ਪਖ਼ਤੂਨਖਵਾ ਵਿੱਚ ਹੋਇਆ ਸੀ ਪਰ ਉਨ੍ਹਾਂ ਦਾ ਪਰਿਵਾਰ ਬਾਅਦ ਵਿੱਚ ਨਨਕਾਣਾ ਸਾਹਿਬ ਵਸ ਗਿਆ। ਉਨ੍ਹਾਂ ਦੇ ਦੱਸਣ ਮੁਤਾਬਕ ਇਸ ਵੇਲੇ ਨਨਕਾਣਾ ਸਾਹਿਬ ਵਿੱਚ ਤਕਰੀਬਨ 250 ਤੋਂ ਜ਼ਿਆਦਾ ਸਿੱਖ ਪਰਿਵਾਰ ਹਨ। ਗੋਪਾਲ ਸਿੰਘ ਦੀ ਦਸਵੀਂ ਤੱਕ ਦੀ ਪੜ੍ਹਾਈ ਖੈਬਰ ਪਖ਼ਤੂਨਖਵਾ ਦੇ ਆਪਣੇ ਪਿੰਡ ਵਿੱਚ ਹੋਈ ਅਤੇ ਹੋਮੋਪੈਥਿਕ ਡਾਕਟਰੀ ਦੀ ਚਾਰ ਸਾਲਾ ਪੜ੍ਹਾਈ ਉਨ੍ਹਾਂ ਨੇ ਫ਼ੈਸਲਾਬਾਦ (ਪੁਰਾਣਾ ਲਾਇਲਪੁਰ) ਤੋਂ ਕੀਤੀ। ਉਹ ਹੁਣ ਪੇਸ਼ੇ ਵਜੋਂ ਡਾਕਟਰੀ ਕਰਦੇ ਹਨ ਅਤੇ ਉਨ੍ਹਾਂ ਦੇ ਤਿੰਨ ਬੱਚੇ ਹਨ। ਇੱਕ ਊਰਦੂ ਹਫ਼ਤਾਵਾਰੀ ਰਸਾਲੇ ਵਿੱਚ ਗੋਪਾਲ ਸਿੰਘ ਚਾਵਲਾ ਨਾਲ ਮੁਲਾਕਾਤ 10-16 ਨਵੰਬਰ 2013 ਦੇ ਅੰਕ ਵਿੱਚ ਛਪੀ ਸੀ ਜੋ 24 ਨਵੰਬਰ 2018 ਨੂੰ ਯਾਦ ਵਜੋਂ ਫੇਸਬੁੱਕ ਉੱਤੇ ਸਾਂਝੀ ਕੀਤੀ ਗਈ ਹੈ।



ਇਰਸ਼ਾਦ ਅਹਿਮਦ ਇਰਸ਼ਾਦ ਨਾਮ ਦੇ ਮੁਲਾਕਾਤੀ ਨੇ ਇਸ ਮੁਲਾਕਾਤ ਦਾ ਸਿਰਲੇਖ ਲਿਖਿਆ ਹੈ, "ਪਾਕਿਸਤਾਨ ਗੁਰੂ ਨਾਨਕ ਕੀ ਧਰਤੀ ਹੈ, ਇਸ ਕੀ ਹਿਫ਼ਾਜ਼ਤ ਔਰ ਮੁਹੱਬਤ ਹਮਾਰੇ ਮਜ਼ਹਬ ਕਾ ਹਿੱਸਾ ਹੈ। ਯਕੀਨ ਕਾਮਿਲ ਹੈ, ਖਾਲਿਸਤਾਨ ਕਾਇਮ ਔਰ ਮਕਬੂਜ਼ਾ ਜੰਮੂ-ਕਸ਼ਮੀਰ ਜ਼ਰੂਰ ਆਜ਼ਾਦ ਹੋਗਾ। ਮੋਦੀ ਕਾ ਜ਼ੁਲਮ ਆਜ਼ਾਦੀ ਕੀ ਜਾਰੀ ਤਹਿਰੀਕੋਂ ਕੋ ਮਜ਼ਬੂਤ ਔਰ ਨਈਂ ਤਹਿਰੀਕੋਂ ਕੋ ਜਨਮ ਦੇ ਰਹਾ ਹੈ।"

ਗੋਪਾਲ ਸਿੰਘ ਚਾਵਲਾ ਮੁਤਾਬਕ ਉਨ੍ਹਾਂ ਨੇ 'ਗੁਰੂ ਨਾਨਕ ਮਿਸ਼ਨ' ਅਤੇ 'ਗੁਰੂ ਗ੍ਰੰਥ ਸਾਹਿਬ ਸੇਵਾ ਜਥਾ' ਨਾਮ ਦੀਆਂ ਗ਼ੈਰ-ਸਰਕਾਰੀ ਜਥੇਬੰਦੀਆਂ ਬਣਾਉਣ ਤੋਂ ਬਾਅਦ 'ਪੰਜਾਬੀ ਸਿੱਖ ਸੰਗਤ' ਬਣਾਈ ਹੈ। 'ਪੰਜਾਬੀ ਸਿੱਖ ਸੰਗਤ' ਦਾ ਕੰਮ ਨਨਕਾਣਾ ਸਾਹਿਬ ਅਤੇ ਪੰਜਾ ਸਾਹਿਬ ਤੋਂ ਰੋਜ਼ਾਨਾ ਹੁਕਮਨਾਮਾ ਵੈੱਬਸਾਇਟ ਉੱਤੇ ਪਾਉਣਾ ਹੈ ਅਤੇ ਅਹਿਮ ਸਮਾਗਮ ਸਿੱਧੇ ਨਸ਼ਰ ਕੀਤੇ ਜਾਂਦੇ ਹਨ। ਗੋਪਾਲ ਸਿੰਘ ਚਾਵਲਾ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੀ ਸੰਗਤ ਨੂੰ ਐਂਬੂਲੈਂਸ ਅਤੇ ਵੀਲ੍ਹ ਚੇਅਰ ਦੀ ਸੇਵਾ ਮੁਹੱਈਆ ਕਰਵਾਉਂਦੇ ਹਨ। ਇਹ ਤਨਜੀਮ 1947 ਦੇ ਵਿਛੜੇ ਪਰਿਵਾਰਾਂ ਨੂੰ ਵੀ ਮਿਲਾਉਣ ਦਾ ਉਪਰਾਲਾ ਕਰਦੀ ਹੈ।

ਹਾਫ਼ਿਜ਼ ਸਈਦ ਨਾਲ ਰਿਸ਼ਤਾ : ਉਹ ਹਾਫ਼ਿਜ਼ ਸਈਦ ਨਾਲ ਆਪਣੇ ਰਿਸ਼ਤਿਆਂ ਬਾਬਤ ਸੁਆਲ ਦਾ ਜੁਆਬ ਇੰਝ ਦਿੰਦੇ ਹਨ, "ਪਾਕਿਸਤਾਨ ਵਿੱਚ ਉਨ੍ਹਾਂ ਨੂੰ ਹਾਫ਼ਿਜ਼ ਸਈਦ ਸਾਹਿਬ ਕਹਿੰਦੇ ਹਨ। ਉਹ ਪਾਕਿਸਤਾਨ ਦੇ ਸ਼ਹਿਰੀ ਹਨ ਅਤੇ ਉਨ੍ਹਾਂ ਦੀ ਤਨਜੀਮ ਫਲਾਇ-ਇਨਸਾਨੀਅਤ ਸਾਰੇ ਪਾਕਿਸਤਾਨ ਵਿੱਚ ਐਂਬੂਲੈਂਸ ਦੀ ਸਹੂਲਤ ਦਿੰਦੀ ਹੈ। ਪਾਕਿਸਤਾਨ ਵਿੱਚ ਸਿੰਧ ਸੂਬੇ ਵਿੱਚ ਥਾਰ ਦਾ ਇਲਾਕਾ ਹੈ ਜਿੱਥੇ ਹਿੰਦੂ ਆਬਾਦੀ ਹੈ ਅਤੇ ਉੱਥੇ ਹਾਫ਼ਿਜ਼ ਸਈਦ ਨੇ ਹਰ ਪਿੰਡ ਵਿੱਚ ਖੂਹ ਲਗਵਾਇਆ ਹੈ। ਉੱਥੇ ਦੇ ਹਿੰਦੂ ਉਸ ਨੂੰ ਆਪਣਾ ਦੇਵਤਾ ਮੰਨਦੇ ਹਨ।"

ਉਹ ਮੋੜਵੇਂ ਸੁਆਲ ਕਰਦੇ ਹਨ, "ਇਹ ਮੇਰਾ ਮੁਲਕ ਹੈ ਅਤੇ ਹਾਫ਼ਿਜ਼ ਸਈਦ ਇਸ ਮੁਲਕ ਦਾ ਸ਼ਹਿਰੀ ਹੈ। ਮੈਂ ਉਨ੍ਹਾਂ ਨਾਲ ਮੰਚ ਉੱਤੇ ਬੈਠਣ ਤੋਂ ਕਿਵੇਂ ਇਨਕਾਰ ਕਰ ਦਿਆਂ ? ਮੈਂ ਉਨ੍ਹਾਂ ਨਾਲ ਹੱਥ ਮਿਲਾਉਣ ਤੋਂ ਇਨਕਾਰ ਕਿਵੇਂ ਕਰ ਦਿਆਂ ? ਉਹ ਭਾਰਤ ਲਈ ਦਹਿਸ਼ਤਗਰਦ ਹੈ ਪਰ ਸਾਡਾ ਸ਼ਹਿਰੀ ਹੈ। ਉਸ ਨਾਲ ਹੱਥ ਮਿਲਾ ਕੇ ਮੈਂ ਕਿਵੇਂ ਦਹਿਸ਼ਤਗਰਦ ਹੋ ਜਾਂਵਾਗਾ ?"

ਗੋਪਾਲ ਸਿੰਘ ਚਾਵਲਾ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਨਾਲ ਆਪਣੇ ਰਾਬਤੇ ਬਾਬਤ ਕਹਿੰਦੇ ਹਨ ਕਿ ਉਨ੍ਹਾਂ ਦਾ ਆਈਐੱਸਆਈ. ਨਾਲ ਕੋਈ ਰਿਸ਼ਤਾ ਨਹੀਂ ਹੈ। ਉਹ ਮਜ਼ਾਕੀਆ ਲਹਿਜ਼ੇ ਵਿੱਚ ਕਹਿੰਦੇ ਹਨ, "ਮੈਂ ਟੈਲੀਵਿਜ਼ਨ ਉੱਤੇ ਦੇਖ ਰਿਹਾ ਸੀ ਕਿ ਕਿਸੇ ਨੂੰ ਹਿੰਦੋਸਤਾਨ ਵਿੱਚ ਸਿਰਦਰਦ ਹੋ ਗਿਆ। ਮੈਂ ਕਿਹਾ ਕਿ ਹੁਣ ਇਹ ਨਾ ਕਹਿ ਦਿੱਤਾ ਜਾਵੇ ਕਿ ਚਾਵਲਾ ਜਾਂ ਆਈਐੱਸਆਈ. ਦੀ ਭੇਜੀ ਹਵਾ ਨਾਲ ਇਹ ਸਿਰਦਰਦ ਹੋਇਆ ਹੈ।"

## ਭਾਰਤੀ ਖੁਫੀਆ ਏਜੰਸੀਆਂ ਦੀ ਨਜ਼ਰ 'ਚ ਖਤਰਿਆਂ ਭਰਿਆ ਹੋਵੇਗਾ ਕਰਤਾਰਪੁਰ ਲਾਂਘਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਜਨਮ ਦਿਨ ਅਗਲੇ ਵਰ੍ਹੇ ਸਮੁੱਚੀ ਮਾਨਵਤਾ ਵੱਲੋਂ ਕੌਮਾਂਤਰੀ ਪੱਧਰ 'ਤੇ ਮਨਾਉਣ ਦਾ ਐਲਾਨ ਕੀਤਾ ਗਿਆ ਹੈ। ਅਜਿਹੇ ਵਿਚ ਗੁਰੂ ਨਾਨਕ ਸਾਹਿਬ ਦੇ ਜਨਮ ਅਸਥਾਨ ਵਾਲੇ ਦੇਸ਼ ਪਾਕਿਸਤਾਨ ਵਿਚ ਭਾਰਤ ਸਮੇਤ ਦੁਨੀਆ ਭਰ ਦੇ ਸਿੱਖਾਂ ਦੀ ਵੱਡੀ ਗਿਣਤੀ ਦੇ ਹਾਜ਼ਰ ਹੋਣ ਦੀ ਉਮੀਦ ਹੈ।

ਕਰਤਾਰਪੁਰ ਕੋਰੀਡੋਰ ਬਣਨ ਨਾਲ ਕਸਬਾ ਡੇਰਾ ਬਾਬਾ ਨਾਨਕ ਵਿਖੇ ਕੌਮਾਂਤਰੀ ਸਰਹੱਦ ਨੇੜੇ ਦੂਰਬੀਨ ਰਾਹੀਂ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਨੂੰ ਦੇਖਣਾ ਭਾਵੇਂ ਇਕ ਇਤਿਹਾਸ ਬਣ ਜਾਵੇਗਾ ਪਰ ਭਾਰਤ ਤੇ ਪਾਕਿਸਤਾਨ ਦੀਆਂ ਖ਼ੁਫੀਆ ਏਜੰਸੀਆਂ ਦੋਸਤੀ ਦੇ ਇਸ ਰਸਤੇ ਨੂੰ ਆਪਣੀ ਨਜ਼ਰ ਨਾਲ ਦੇਖਦੀਆਂ ਹਨ। ਖ਼ੁਫੀਆ ਏਜੰਸੀਆਂ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਧਾਰਮਿਕ ਭਾਵਨਾਵਾਂ ਦਾ ਵਹਿਣ ਅਤੇ ਸੁਰੱਖਿਆ, ਦੋਵੇਂ ਵੱਖੋ ਵੱਖਰੇ ਪਹਿਲੂ ਹਨ, ਜਿਨ੍ਹਾਂ ਨੂੰ ਇੱਕੋ ਦੂਰਬੀਨ ਰਾਹੀਂ ਨਹੀਂ ਦੇਖਿਆ ਜਾ ਸਕਦਾ। ਇਸ ਲਈ ਭਾਰਤ ਤੇ ਪਾਕਿਤਸਤਾਨ ਦੀਆਂ ਸਰਕਾਰਾਂ ਨੇ ਕੌਮਾਂਤਰੀ ਸਰਹੱਦ ਤੋਂ ਮਹਿਜ਼ ਸਾਢੇ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਖੋਲ੍ਹਣ ਦਾ ਮੁੱਢਲਾ ਅਮਲ ਸ਼ੁਰੂ ਕਰ ਦਿੱਤਾ ਹੈ। ਪਾਕਿਸਤਾਨ ਸਰਕਾਰ ਨੇ ਇਸ ਪਵਿੱਤਰ ਗੁਰਧਾਮ ਦੇ ਦਰਸ਼ਨਾਂ ਲਈ ਬਿਨਾਂ ਵੀਜ਼ੇ ਤੋਂ ਆਉਣ ਲਈ ਸ਼ਰਧਾਲੂਆਂ ਨੂੰ ਵੱਡੀ ਰਾਹਤ ਦਿੱਤੀ ਗਈ ਹੈ। ਹਾਲੇ ਇਹ ਤੈਅ ਕਰਨਾ ਬਾਕੀ ਹੈ ਕਿ ਭਾਰਤ ਤੋਂ ਜਾਣ ਵਾਲੇ ਸ਼ਰਧਾਲੂਆਂ ਨੂੰ ਕਿਸ ਤਰ੍ਹਾਂ ਦੇ ਪਛਾਣ ਪੱਤਰ ਜਾਂ ਕਾਰਡ ਜਾਰੀ ਹੋਣਗੇ, ਜਿਸ ਜ਼ਰੀਏ ਉਹ ਪਾਕਿਸਤਾਨ ਸਥਿਤ ਇਸ ਧਾਰਮਿਕ ਅਸਥਾਨ ਦੇ ਦਰਸ਼ਨਾਂ ਲਈ ਜਾ ਸਕਣਗੇ। ਮਾਮਲਾ ਅੰਦਰੂਨੀ ਤੇ ਬਾਹਰੀ ਸੁਰੱਖਿਆ ਨਾਲ ਵੀ ਜੁੜਿਆ ਹੈ। ਇਸ ਲਈ ਕੇਂਦਰੀ ਖ਼ੁਫੀਆ ਏਜੰਸੀ (ਆਈਬੀ) ਅਤੇ ਸੂਬਾਈ ਖ਼ੁਫੀਆ ਏਜੰਸੀਆਂ ਵੱਲੋਂ ਆਪੋ ਆਪਣੇ ਪੱਧਰ 'ਤੇ ਇਸ ਮਾਮਲੇ ਦੀ ਨਿਰਖ ਪਰਖ ਕੀਤੀ ਜਾ ਰਹੀ ਹੈ। ਖ਼ੁਫ਼ੀਆ ਏਜੰਸੀਆਂ ਦੇ ਅਧਿਕਾਰੀਆਂ ਵੱਲੋਂ ਇੱਕ ਗੱਲ ਜ਼ਰੂਰ ਮੰਨੀ ਜਾ ਰਹੀ ਹੈ ਕਿ ਜਦੋਂ ਲੋਕਾਂ ਦੇ ਜਜ਼ਬਾਤ ਭਾਰੂ ਹੋਣ ਤਾਂ ਗੱਲ ਤਣ-ਪੱਤਣ ਲੱਗ ਜਾਂਦੀ ਹੈ। ਜੇਕਰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਤਕਨੀਕੀ ਪੱਖ ਦੇਖਿਆ ਜਾਵੇ ਤਾਂ ਪੰਜਾਬ ਸਰਕਾਰ ਦੇ ਹੱਥ ਵੱਸ ਕੁਝ ਵੀ ਨਹੀਂ ਹੈ। ਕੇਂਦਰ ਸਰਕਾਰ ਵੱਲੋਂ ਹੀ ਸਾਰੀ ਵਿਉਂਤ ਬਣਾਈ ਜਾਣੀ ਹੈ। ਖ਼ੁਫੀਆ ਏਜੰਸੀਆਂ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਹਾਲ ਦੀ ਘੜੀ ਸੜਕ ਦੇ ਨੀਂਹ ਪੱਥਰ ਤੋਂ ਬਿਨਾਂ ਕੋਈ ਦਿਸ਼ਾ ਨਿਰਦੇਸ਼ਾਂ ਨਹੀਂ ਆਏ। ਇਸ ਪ੍ਰਸਤਾਵਿਤ ਲਾਂਘੇ ਦੇ ਹਾਂ-ਪੱਖੀ ਤੇ ਨਾਂਹ ਪੱਖੀ ਪੈਣ ਵਾਲੇ ਪ੍ਰਭਾਵਾਂ ਸਬੰਧੀ ਖ਼ੁਫੀਆ ਏਜੰਸੀਆਂ ਵੱਲੋਂ ਆਪਣੇ ਤੌਰ 'ਤੇ ਭਾਰਤ ਸਰਕਾਰ ਨੂੰ ਰਿਪੋਰਟਾਂ ਜ਼ਰੂਰ ਭੇਜੀਆਂ ਗਈਆਂ ਹਨ। ਇਨ੍ਹਾਂ ਰਿਪੋਰਟਾਂ ਵਿੱਚ ਮੁੱਖ ਤੌਰ 'ਤੇ ਇਹੀ ਸਲਾਹ ਦਿੱਤੀ ਗਈ ਹੈ ਕਿ ਭਾਰਤ ਅਤੇ ਪਾਕਿਸਤਾਨ ਦਰਮਿਆਨ ਸਥਿਤ ਕੌਮਾਂਤਰੀ ਸਰਹੱਦ ਦੇ ਜ਼ਿਆਦਾ ਸੰਵੇਦਨਸ਼ੀਲ ਹੋਣ ਕਰਕੇ ਅੰਦਰੂਨੀ ਅਤੇ ਬਾਹਰੀ ਸੁਰੱਖਿਆ ਨੂੰ ਧਿਆਨ 'ਚ ਰੱਖਦਿਆਂ ਹੀ ਫੈਸਲੇ ਲਏ ਜਾਣ। ਭਾਰਤ ਦੀਆਂ ਖ਼ੁਫੀਆ ਏਜੰਸੀਆਂ ਦਾ ਕਹਿਣਾ ਹੈ ਕਿ ਪਾਕਿਸਤਾਨ ਨੇ ਭਾਰਤ ਦੇ ਖਿਲਾਫ਼ ਅਣ-ਐਲਾਨੀ ਜੰਗ ਛੇੜੀ ਹੋਈ ਹੈ। ਕਸ਼ਮੀਰ ਅਤੇ ਪੰਜਾਬ ਇਸ ਦਾ ਪ੍ਰਤੱਖ ਪ੍ਰਮਾਣ ਕਿਹਾ ਜਾ ਸਕਦਾ ਹੈ। ਖ਼ੁਫ਼ੀਆ ਏਜੰਸੀਆਂ ਵੱਲੋਂ ਪਾਕਿਸਤਾਨ ਦੀ ਖ਼ੁਫੀਆ ਏਜੰਸੀ ਆਈਐੱਸਆਈ ਦੇ ਇਸ ਅਪਰੇਸ਼ਨ ਨੂੰ ਕੇ-1 (ਕਸ਼ਮੀਰ) ਅਤੇ ਕੇ-2 (ਖਾਲਿਸਤਾਨ) ਦਾ ਨਾਮ ਦਿੱਤਾ ਗਿਆ ਹੈ। ਖ਼ੁਫੀਆ ਏਜੰਸੀਆਂ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੁਝ ਲੋਕਾਂ ਨੇ ਖਾਲਿਸਤਾਨ ਦੇ ਪੱਖ ਵਿਚ ਮੁਹਿੰਮ ਸ਼ੁਰੂ ਕੀਤੀ ਹੋਈ ਹੈ। ਇਸ ਲਈ ਸੰਭਵ ਹੈ ਕਿ ਜਦੋਂ ਵੀ ਭਾਰਤ ਤੋਂ ਕਰਤਾਰਪੁਰ ਸਾਹਿਬ ਗੁਰਦੁਆਰੇ ਦੇ ਦਰਸ਼ਨਾਂ ਲਈ ਸੰਗਤ ਜਾਵੇਗੀ ਤਾਂ ਇਨ੍ਹਾਂ ਜਥੇਬੰਦੀਆਂ ਨੂੰ ਪ੍ਰਚਾਰ ਦਾ ਇੱਕ ਵੱਡਾ ਅੱਡਾ ਮਿਲ ਜਾਵੇਗਾ, ਜਿੱਥੇ ਰੋਜ਼ਾਨਾ ਨਵੇਂ ਲੋਕਾਂ ਨਾਲ ਮੇਲ-ਜੋਲ ਹੋਵੇਗਾ ਤੇ ਭਾਰਤ ਖ਼ਿਲਾਫ਼ ਪ੍ਰਚਾਰ ਮੁਹਿੰਮ ਵਧੇਗੀ। ਅਧਿਕਾਰੀਆਂ ਦਾ ਇਹ ਵੀ ਕਹਿਣਾ ਹੈ ਕਿ ਆਈਐੱਸਆਈ ਵੀ ਇਸ ਖੇਤਰ ਨੂੰ ਨਵਾਂ ਗੜ੍ਹ ਬਣਾ ਸਕਦੀ ਹੈ। ਖ਼ੁਫੀਆ ਅਧਿਕਾਰੀਆਂ ਨੇ ਕਿਹਾ ਕਿ ਇਨ੍ਹਾਂ ਸ਼ੰਸਿਆਂ ਤੋਂ ਇਹ ਪ੍ਰਭਾਵ ਨਹੀਂ ਲੈਣਾ ਚਾਹੀਦਾ ਕਿ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਦੇਸ਼ ਦੀਆਂ ਸੁਰੱਖਿਆ ਤੇ ਖ਼ੁਫ਼ੀਆ ਏਜੰਸੀਆਂ ਕੋਈ ਰੁਕਾਵਟ ਖੜ੍ਹੀ ਕਰਨਾ ਚਾਹੁੰਦੀਆਂ ਹਨ ਪਰ ਦੇਸ਼ ਦੀ ਅੰਦਰੂਨੀ ਅਤੇ ਬਾਹਰੀ ਸੁਰੱਖਿਆ ਦਾਅ 'ਤੇ ਨਾ ਲੱਗੇ, ਇਸ ਲਈ ਠੋਸ ਬੰਦੋਬਸਤ ਕਰਨੇ ਬੇਹੱਦ ਜ਼ਰੂਰੀ ਹਨ।




ਖ਼ੁਫੀਆ ਏਜੰਸੀਆਂ ਦਾ ਕਹਿਣਾ ਹੈ ਕਿ ਇਸ ਤੋਂ ਪਹਿਲਾਂ ਵੀ ਮਕਬੂਜ਼ਾ ਕਸ਼ਮੀਰ ਅਤੇ ਕਸ਼ਮੀਰ ਘਾਟੀ ਦਰਮਿਆਨ ਮੁਜ਼ੱਫਰਾਬਾਦ ਨੂੰ ਬੱਸ ਸੇਵਾ ਸ਼ੁਰੂ ਕੀਤੀ ਗਈ ਸੀ। ਇਸੇ ਤਰ੍ਹਾਂ ਵਾਹਗਾ ਸਰਹੱਦ ਰਾਹੀਂ ਲੋਕਾਂ ਦਾ ਆਉਣ ਜਾਣ ਵੀ ਹੈ ਤੇ ਥੋੜ੍ਹਾ ਬਹੁਤਾ ਵਪਾਰ ਵੀ ਹੁੰਦਾ ਹੈ। ਇਨ੍ਹਾਂ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੰਜਾਬ ਤੋਂ ਪਾਕਿਸਤਾਨ ਦੇ ਮਾਮਲੇ ਵਿੱਚ ਸਭ ਤੋਂ ਸੰਵੇਦਨਸ਼ੀਲ ਮੁੱਦਾ ਇਹੀ ਹੈ ਕਿ ਪੰਜਾਬ ਵਿਚਲੇ ਸਿੱਖ ਨੌਜਵਾਨਾਂ ਨੂੰ ਲਗਾਤਾਰ ਉਕਸਾਇਆ ਜਾ ਰਿਹਾ ਹੈ। ਇੱਥੋਂ ਤੱਕ ਕਿ ਹੁਣ ਵਿਦੇਸ਼ਾਂ ਤੋਂ ਵੀ ਸਿੱਖਾਂ ਨਾਲ ਹਿੰਦੋਸਤਾਨ ਸਰਕਾਰ ਵੱਲੋਂ ਧੱਕਾ ਕਰਨ ਦੀ ਗੱਲ ਪ੍ਰਚਾਰੀ ਜਾ ਰਹੀ ਹੈ, ਜਿਸ ਕਰਕੇ ਨੌਜਵਾਨਾਂ 'ਚ ਬੇਗਾਨਗੀ ਦਾ ਅਹਿਸਾਸ ਜਚਾ ਦਿੱਤਾ ਜਾਂਦਾ ਹੈ।

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਕੇ. ਵੱਲੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੂੰ ਧੰਨਵਾਦ ਪੱਤਰ

**ਲੰਡਨ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਕੇ. ਵੱਲੋਂ ਕਰਤਾਰਪੁਰ ਸਾਹਿਬ ਲਾਂਘੇ ਦੇ ਮੱਦੇਨਜ਼ਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੂੰ ਧੰਨਵਾਦ ਪੱਤਰ ਲਿਖਿਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਕੇ. ਦੀ ਸਮੁੱਚੀ ਪਾਰਟੀ ਵੱਲੋਂ ਬਿਆਨ ਜਾਰੀ ਕਰਦੇ ਹੋਏ ਪ੍ਰੈਸ ਸਕੱਤਰ ਜਗਤਾਰ ਸਿੰਘ ਵਿਰਕ ਨੇ ਕਿਹਾ ਕਿ ਇਕ ਪਾਸੇ ਜਿੱਥੇ ਫਿਰਕੂ ਨਫਰਤ ਵਾਲੀ ਭਾਵਨਾ ਨਾਲ ਇਸ ਦਾ ਵਿਰੋਧ ਹੋ ਰਿਹਾ ਹੈ, ਦੂਜੇ ਪਾਸੇ ਮੌਕਾਪ੍ਰਸਤ ਸਿਆਸਤਦਾਨਾਂ ਵਿਚ ਵਾਹਿਗੁਰੂ ਦੀ ਰਹਿਮਤ ਦਾ ਸ਼ੁਕਰਾਨਾ ਕਰਨ ਦੀ ਬਜਾਏ ਸਿਹਰਾ ਲੈਣ ਦੀ ਦੌੜ ਲੱਗੀ ਹੋਈ ਹੈ। ਉਨ੍ਹਾਂ ਨਿਮਰਤਾ ਸਹਿਤ ਬੇਨਤੀ ਕੀਤੀ ਹੈ ਕਿ ਲੀਡਰਾਂ ਦੇ ਨਾਂ 'ਤੇ ਲਾਂਘੇ ਦਾ ਨਾਂ ਰੱਖਣ ਦੀ ਬਜਾਏ ਸਮੁੱਚੀ ਕੌਮ ਗੁਰੂ ਨਾਨਕ ਮਾਰਗ ਨਾਂ ਰੱਖਣ 'ਤੇ ਸਹਿਮਤ ਹੋਵੇ। ਉਨ੍ਹਾਂ ਅੱਗੇ ਕਿਹਾ ਕਿ ਸਿੱਖ ਕੌਮ ਅਕਾਲ ਪੁਰਖ ਵਾਹਿਗੂਰੂ ਅੱਗੇ ਅਰਦਾਸ ਕਰਦੀ ਹੈ ਕਿ "ਜਿਨ੍ਹਾਂ ਗੁਰਦਵਾਰਿਆਂ ਗੁਰਧਾਮਾਂ ਤੋਂ ਸਿੱਖ ਪੰਥ ਨੂੰ ਵਿਛੋੜਿਆ ਗਿਆ ਹੈ, ਉਨ੍ਹਾਂ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਅਤੇ ਸੇਵਾ ਸੰਭਾਲ ਦਾ ਦਾਨ ਆਪਣੇ ਖ਼ਾਲਸੇ ਨੂੰ ਬਖਸ਼ੋ ਜੀ"। ਕਿੰਨੇ ਹੀ ਵਰ੍ਹਿਆਂ ਬਾਅਦ ਸਿੱਖ ਦੀ ਅਰਦਾਸ ਅਕਾਲ ਪੁਰਖ ਦੇ ਦਰ ਪਰਵਾਨ ਹੋ ਰਹੀ ਹੈ। 15 ਅਗਸਤ 1947 ਵਿੱਚ ਹੋਈ ਪੰਜਾਬ ਦੀ ਵੰਡ ਵੇਲੇ ਤੋਂ ਸਮੇਂ-ਸਮੇਂ 'ਤੇ ਸਿੱਖ ਆਗੂ ਅਤੇ ਸੰਸਥਾਵਾਂ ਇਸ ਸਬੰਧੀ ਯਤਨ ਕਰਦੇ ਆ ਰਹੇ ਸਨ। ਕਰੀਬ 3 ਮਹੀਨੇ ਪਹਿਲਾਂ ਪਾਕਿਸਤਾਨ ਚੋਣਾਂ ਵਿੱਚ ਤਹਿਰੀਕ-ਏ- ਇਨਸਾਫ ਪਾਰਟੀ ਨੇ ਬਹੁਮਤ ਹਾਸਲ ਕਰਕੇ ਜਨਾਬ ਇਮਰਾਨ ਖਾਨ ਦੀ ਅਗਵਾਈ ਵਿੱਚ ਸਰਕਾਰ ਦਾ ਗਠਨ ਕੀਤਾ। ਆਪਣੇ ਪ੍ਰਧਾਨ ਮੰਤਰੀ ਵਜੋਂ ਅਹੁਦੇ ਦੇ ਸਹੁੰ ਚੁੱਕ ਸਮਾਗਮ ਵਿੱਚ ਹੀ ਖਾਨ ਸਾਹਿਬ ਨੇ ਸਿੱਖ ਕੌਮ ਨੂੰ ਇਹ ਤੋਹਫਾ ਦੇਣ ਦਾ ਮਨ ਬਣਾ ਲਿਆ ਸੀ। ਪਹਿਲਾਂ ਕ੍ਰਿਕਟ ਖਿਡਾਰੀ ਵੇਲੇ ਦੇ ਦੋਸਤ ਸ. ਨਵਜੋਤ ਸਿੰਘ ਸਿੱਧੂ ਨੂੰ ਸੱਦਾ ਪੱਤਰ ਭੇਜਿਆ ਅਤੇ ਫਿਰ ਕਰਤਾਰਪੁਰ ਸਾਹਿਬ ਲਾਂਘਾ ਬਣਾਉਣ ਦੀ ਪੇਸ਼ਕਸ਼ ਕੀਤੀ। ਇਸ ਕਰ ਕੇ ਸਿੱਖ ਕੌਮ ਇਸ ਕਾਰਜ ਲਈ ਦੋਵਾਂ ਦੋਸਤਾਂ ਦਾ ਤਹਿ ਦਿਲੋਂ ਹਾਰਦਿਕ ਧੰਨਵਾਦ ਕਰਦੀ ਹੈ। ਹੁਣ ਜਦੋਂ ਦੋਵਾਂ ਦੇਸ਼ਾਂ ਵੱਲੋਂ ਬਕਾਇਦਾ ਨੀਂਹ ਪੱਥਰ ਰੱਖ ਦਿੱਤੇ ਗਏ ਹਨ, ਤਾਂ ਸਿੱਖ ਕੌਮ ਵੱਲੋਂ ਸਮੁੱਚੀ ਮਾਨਵਤਾ ਨੂੰ ਅਪੀਲ ਹੈ ਕਿ ਹਰ ਧਰਮ ਪਿਆਰ 'ਤੇ ਸਦਭਾਵਨਾ ਦਾ ਸੰਦੇਸ਼ ਦਿੰਦਾ ਹੈ, ਇਸ ਲਈ ਨਫਰਤ ਦਾ ਤਿਆਗ ਕਰੋ ਅਤੇ ਸੌੜੇ ਸਿਆਸੀ ਹਿੱਤਾਂ ਖ਼ਾਤਰ ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਦੇ ਚਰਨ ਛੋਹ ਪ੍ਰਾਪਤ ਗੁਰਦਵਾਰਾ ਸਾਹਿਬ ਲਈ ਬਣ ਰਹੇ ਲਾਂਘੇ ਦਾ ਵਿਰੋਧ ਕਰਨ ਦੀ ਬਜਾਏ ਸਵਾਗਤ ਕਰੋ। ਉਨ੍ਹਾਂ ਆਖਰ ਵਿਚ ਦੋਵਾਂ ਦੇਸ਼ਾਂ ਦੇ ਸੁਖਾਵੇਂ ਸਬੰਧਾਂ ਦੀ ਕਾਮਨਾ ਕਰਦਿਆਂ ਖਿੱਤੇ ਦੇ ਅਮਨ ਚੈਨ ਦੀ ਖੈਰ ਵੀ ਮੰਗੀ ਹੈ।

ਅੰਮ੍ਰਿਤਸਰ ਟਾਈਮਜ਼
AMRITSAR TIMES
05 ਦਸੰਬਰ 2018 ਤੋਂ 11 ਦਸੰਬਰ 2018

## ਸ਼ਹਾਦਤਾਂ ਦੀ ਰੁੱਤ

# ਆਨੰਦਪੁਰ ਦੇ ਕਿਲ੍ਹੇ ਤੋਂ ਸਰਹਿੰਦ ਦੀ ਦੀਵਾਰ ਤਕ

**-ਮਨਜੀਤ ਸਿੰਘ ਟਿਵਾਣਾ**

ਦਸੰਬਰ ਦਾ ਮਹੀਨਾ ਸਿੱਖ ਇਤਿਹਾਸ ਵਿਚ ਸ਼ਹਾਦਤਾਂ ਦੇ ਮਹੀਨੇ ਵੱਜੋਂ ਦਰਜ ਹੈ। ਇਸ ਮਹੀਨੇ ਦਾ ਸਿੱਖ ਇਤਿਹਾਸ ਆਪਣੀ ਬੁੱਕਲ ਵਿਚ ਦੁਨੀਆ ਦੀ ਤਵਾਰੀਖ ਵਿਚ ਕਿਤੇ ਨਾ ਲੱਭਣ ਵਾਲੇ ਅਜਿਹੇ ਅਨੌਖੇ ਤੇ ਹਿਰਦਾ-ਵੇਧਕ ਲਮਹੇ ਸਮੋਈ ਬੈਠਾ ਹੈ, ਕਿ ਇਕੋ ਸਮੇਂ ਇਨ੍ਹਾਂ ਲਮਹਿਆਂ ਉਤੇ ਜਿਥੇ ਮਾਣ ਹੁੰਦਾ ਹੈ, ਉਥੇ ਅੱਖਾਂ ਵੀ ਭਰ ਆਉਂਦੀਆਂ ਹਨ। ਇਤਿਹਾਸ ਵਿਚ ਇਸ ਸਮੇਂ ਦੌਰਾਨ ਗੁਰੂ ਪਿਤਾ ਦੇ ਪਰਿਵਾਰ ਉਤੇ ਝੁੱਲੇ ਜਬਰ-ਜ਼ੁਲਮ ਦੇ ਝੱਖੜ ਨੂੰ ਕਿਸੇ ਦੁਨਿਆਵੀ ਨਜ਼ਰੀਏ ਵਿਚ ਪ੍ਰਗਟ ਕਰਨਾ ਹੀ ਅਸੰਭਵ ਹੈ। ਇਹ ਸਿੱਖੀ ਸਿਦਕ ਦੇ ਰੂਹਾਨੀ ਰੰਗਾਂ ਦੇ ਪੜਾਅ ਦੀ ਉਹ ਬੁਲੰਦੀ ਹੈ, ਜਿਥੇ ਜਾ ਕੇ ਸ਼ਬਦ ਮੂਕ ਹੋ ਜਾਂਦੇ ਹਨ, ਸਭ ਕਲਮਾਂ ਤੇ ਸਭ ਬੋਲੀਆਂ ਊਣੀਆਂ ਰਹਿ ਜਾਂਦੀਆਂ ਹਨ।

ਸਿੱਖ ਇਤਿਹਾਸ ਵਿਚ ਸ਼ਹਾਦਤਾਂ ਦੇ ਲੰਮੇ ਸਫ਼ਰ ਦੀ ਭਵਿੱਖਬਾਣੀ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਜੀ ਦੇ ਪਾਵਨ ਸ਼ਬਦ।। ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ ਨਾਲ ਹੀ ਹੋ ਗਈ ਸੀ। ਸਤਿਗੁਰੂ ਆਪ ਜਿਸ ਮਾਰਗ ਉਤੇ ਤੁਰੇ ਸਨ ਤੇ ਅੱਗੇ ਸਿੱਖਾਂ ਨੂੰ ਜਿਸ ਮਾਰਗ ਉਤੇ ਤੁਰਨ ਦੀ ਤਾਕੀਦ ਕਰ ਰਹੇ ਸਨ, ਉਹ ਦੁਨੀਆਂਦਾਰੀ ਦੇ ਪ੍ਰਚਲਿਤ ਰਾਹਾਂ ਤੋ ਨਿਵੇਕਲਾ ਸੀ। ਇਸ ਰਾਹ ਦੇ ਪਾਂਧੀ ਬਣਨ ਲਈ ਸਿਰ ਦੇਣ ਦੀ ਸ਼ਰਤ ਦੇ ਨਾਲ-ਨਾਲ ਗੁਰਮੁੱਖਤਾ ਵਾਲੇ ਵੱਖਰੇ ਤੇ ਨਿਆਰੇ ਜੀਵਨ ਦੇ ਧਾਰਨੀ ਵੀ ਬਣਨਾ ਪੈਣਾ ਸੀ। ਸ਼ਹਾਦਤਾਂ ਦੇ ਇਸ ਲੰਮੇ ਪੈਂਡੇ ਵਿਚ ਤੱਤੀਆਂ ਤਵੀਆਂ ਸਨ, ਚਾਂਦਨੀ ਚੌਕ ਸੀ, ਸਰਸਾ ਨਦੀ, ਚਮਕੌਰ ਦੀ ਕੱਚੀ ਗੜ੍ਹੀ, ਠੰਡਾ ਬੁਰਜ, ਸਰਹਿੰਦ ਦੀ ਦੀਵਾਰ ਅਤੇ ਖਿਦਰਾਣੇ ਦੀ ਢਾਬ ਸੀ।

ਗੁਰਬਾਣੀ ਅੰਦਰ ਸ਼ਹਾਦਤ ਦੇ ਜੋ ਅਰਥ ਵਿਦਮਾਨ ਹਨ, ਸਾਨੂੰ ਉਸ ਦੇ ਪਰਸੰਗ ਵਿਚ ਹੀ ਸ਼ਹਾਦਤ ਦੇ ਸਿਧਾਂਤ ਨੂੰ ਸਮਝਣਾ ਹੋਵੇਗਾ। 'ਸ਼ਹਾਦਤ' ਮੂਲ ਰੂਪ ਵਿਚ ਅਰਬੀ-ਫਾਰਸੀ ਦਾ ਸ਼ਬਦ ਹੈ। ਇਸਲਾਮ ਵਿਚ ਸ਼ਹਾਦਤ ਨੂੰ ਧਰਮ ਦੇ ਕਾਰਜ ਲਈ ਮੌਤ ਨੂੰ ਚੁਣਨ ਦੇ ਇਕ ਵੱਡੇ ਕਰਮ ਵੱਜੋਂ ਪ੍ਰਭਾਸ਼ਿਤ ਕੀਤਾ ਗਿਆ ਹੈ। ਸ਼ਾਬਦਿਕ ਰੂਪ ਵਿਚ ਸਿੱਖ ਧਰਮ ਅੰਦਰ ਵੀ ਸ਼ਹੀਦ ਅਤੇ ਸ਼ਹਾਦਤ ਦੇ ਇਹੋ ਅਰਥ ਲਏ ਜਾਂਦੇ ਹਨ ਪਰ ਕਾਰਜ ਜਾਂ ਕਰਮ ਦੇ ਪੱਖ ਤੋਂ ਸਿੱਖ ਦੀ ਸ਼ਹਾਦਤ ਇਸਲਾਮ ਵਿਚ ਪ੍ਰਭਾਸ਼ਿਤ ਚੌਖਟੇ ਤੋਂ ਅਮਲ ਵਿਚ ਵੀ ਤੇ ਬੁਲੰਦੀ ਵਿਚ ਵੀ ਨਿਖੱੜਦੀ ਰਹੀ ਹੈ। ਸਿੱਖ ਧਰਮ ਵਿਚ ਸ਼ਹਾਦਤ ਦਾ ਸਿਧਾਂਤ।। ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ਦੀ ਵਿਚਾਰਧਾਰਾ ਨਾਲ ਰੂਪਮਾਨ ਹੁੰਦਾ ਹੈ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਪਰਿਵਾਰ ਦੀਆਂ ਸ਼ਹਾਦਤਾਂ ਦਾ ਸਮਾਂ ਇਕ ਹੀ ਦਸੰਬਰ ਮਹੀਨੇ ਵਿਚ ਆਉਣ ਕਰਕੇ ਸਿੱਖ ਇਤਿਹਾਸ ਨੇ ਇਸ ਨੂੰ 'ਸ਼ਹਾਦਤਾਂ ਦੀ ਰੁੱਤ' ਦਾ ਦਰਜਾ ਵੀ ਦਿੱਤਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ, ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ ਜੀ, ਚਮਕੌਰ ਦੀ ਗੜ੍ਹੀ ਦੇ ਸ਼ਹੀਦ ਅਤੇ ਚਾਲੀ ਮੁਕਤਿਆਂ ਦੀ ਸ਼ਹੀਦੀ ਦਸੰਬਰ ਮਹੀਨੇ ਵਿਚ ਹੋਣ ਕਾਰਨ ਇਹ ਇਕ ਮਹੀਨਾ ਸਿੱਖ ਇਤਿਹਾਸ ਦੇ ਭੀਆਵਲੇ ਦਿਨਾਂ ਦੀ ਬਾਤ ਪਾਉਂਦਾ ਹੋਇਆ, ਇਕੋ ਸਮੇਂ ਡੂੰਘੀਆਂ ਉਦਾਸੀਆਂ ਵਿਚ ਤੇ ਦੁਨੀਆ ਵਿਚੋਂ ਸਭ ਤੋਂ ਨਿਰਾਲੇ ਤੇ ਨਿਆਰੇ ਫਖਰ ਦੀ ਯਾਦ ਵਿਚ ਗੋਤੇ ਲੁਆ ਜਾਂਦਾ ਹੈ। ਸੰਨ 1704 ਦੇ ਦੇਸੀ ਮਹੀਨੇ 6 ਪੋਹ ਨੂੰ ਜਦੋਂ ਮੁਗਲਾਂ ਅਤੇ ਪਹਾੜੀ ਰਾਜਿਆਂ ਦੀਆਂ ਝੂਠੀਆਂ ਕਸਮਾਂ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਤਾਂ ਇਸ ਸ਼ਹਾਦਤਾਂ ਦੀ ਰੁੱਤ ਦੀ ਸ਼ੁਰੂਆਤ ਹੋ ਗਈ ਸੀ। ਇਤਿਹਾਸ ਗਵਾਹ ਹੈ ਕਿ ਇਨ੍ਹਾਂ ਸ਼ਹਾਦਤਾਂ ਨੇ ਹਿੰਦੂਸਤਾਨ ਦੀ ਤਾਰੀਖ ਨੂੰ ਇਨਕਲਾਬੀ ਮੋੜਾ ਦਿੱਤਾ। ਇਨ੍ਹਾਂ ਸ਼ਹੀਦੀ ਸਾਕਿਆਂ ਤੋਂ ਬਾਅਦ ਹੀ ਸੰਨ 1710 ਈ. ਵਿਚ ਸਿੱਖ ਕੌਮ ਦੀ ਪਹਿਲੀ ਸਲਤਲਤ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਖੜ੍ਹੀ ਹੁੰਦੀ ਹੈ। ਸਿੱਖ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੰਦੇ ਹਨ ਤੇ ਉਸ ਵੇਲੇ ਦੇ ਇਕ ਵੱਡੇ ਮੁਗਲ ਅੰਪਾਇਰ ਨੂੰ ਪਹਿਲੀ ਵਾਰ ਭਾਰਤ ਦੀ ਧਰਤੀ ਉਤੇ ਵੱਡਾ ਚੈਲਿੰਜ ਪੇਸ਼ ਕਰਦੇ ਹਨ। ਸਰਹਿੰਦ ਦੇ ਕਿਲ੍ਹੇ ਉਪਰ ਖਾਲਸਾਈ ਪਰਚਮ ਦਾ ਝੁਲਣਾ ਇਸ ਧਰਤੀ ਦੀ ਸਦੀਆਂ ਦੀ ਗੁਲਾਮੀ ਦਾ ਪਹਿਲਾਂ ਕਿੰਗਰਾ ਭੋਰੇ ਜਾਣ ਦੀ ਨਿਸ਼ਾਨੀ ਸੀ।

ਇਸ ਤਰ੍ਹਾਂ ਸਿੱਖਾਂ ਨੇ ਆਪਣਾ ਲਹੂ ਵਹਾ ਕੇ ਦੇਸ਼ ਦੀ ਲਗਭਗ ਛੇ ਸੌ ਸਾਲਾਂ ਦੀ ਮੁਗਲਾਂ ਦੀ ਗੁਲਾਮੀ ਨੂੰ ਤੋੜਿਆ ਤੇ ਖਾਲਸੇ ਦਾ ਰਾਜ ਸਥਾਪਿਤ ਕੀਤਾ। ਬੰਦਾ ਸਿੰਘ ਬਹਾਦਰ ਤੇ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਾਲੇ ਖਾਲਸਾ ਰਾਜ ਦੀਆਂ ਸ਼ਾਨਾਮੱਤੀਆਂ ਉਦਾਹਰਣਾਂ ਅੱਜ ਵਿਸ਼ਵ ਇਤਿਹਾਸ ਦੇ ਸੁਨਹਿਰੀ ਪੰਨਿਆਂ ਉਤੇ ਦਰਜ ਹਨ। ਇਸ ਤੋਂ ਬਾਅਦ ਅੰਗਰੇਜ਼ ਦੀ ਗੁਲਾਮੀ ਗਲੋਂ ਲਾਹੁਣ ਲਈ ਸਿੱਖ ਕੌਮ ਪੂਰੇ ਹਿੰਦੂਸਤਾਨ ਵਿਚੋਂ ਸਭ ਤੋਂ ਮੂਹਰੇ ਹੋ ਕੇ ਲੜੀ। ਸਮੇਂ-ਸਮੇਂ ਦੌਰਾਨ ਸਿੱਖ ਕੌਮ ਨੇ ਹਮੇਸ਼ਾ ਜਬਰ-ਜ਼ੁਲਮ ਦੇ ਟਾਕਰੇ ਲਈ ਕੁਰਬਾਨੀਆਂ ਦੀ ਝੜੀ ਲਗਾ ਕੇ ਰੱਖੀ ਹੈ। ਕਦੇ ਸਿੱਖਾਂ ਨੂੰ ਘਰ-ਬਾਰ ਛੱਡ ਕੇ ਜੰਗਲਾਂ-ਬੇਲਿਆਂ ਵਿਚ ਬਸੇਰਾ ਕਰਨਾ ਪਿਆ, ਉਹ ਚਰਖੜੀਆਂ ਉਤੇ ਚੜ੍ਹਾਏ ਗਏ, ਆਰਿਆਂ ਨਾਲ ਚੀਰੇ ਗਏ, ਰੰਬੀਆਂ ਨਾਲ ਖੋਪਰ ਲਾਹ ਦਿੱਤੇ, ਗਲਾਂ ਵਿਚ ਟਾਇਰ ਪਾ-ਪਾ ਸਾੜਿਆ ਗਿਆ, ਝੂਠੇ ਪੁਲਿਸ ਮੁਕਾਬਲਿਆਂ ਵਿਚ ਕੋਹਿਆਂ ਗਿਆ ਪਰ ਸਿੱਖਾਂ ਦੇ ਸਿਦਕ ਨੇ ਕਦੇ ਹਾਰ ਨਾ ਮੰਨੀ। ਮੌਜੂਦਾ ਦੌਰ ਵਿਚ ਵੀ ਅਜਿਹੀਆਂ ਸ਼ਹਾਦਤਾਂ ਦੀ ਰੌਅ ਕਦੇ ਮੱਠੀ ਨਹੀਂ ਪਈ ਹੈ। ਸਿੱਖ ਕੌਮ ਦੇ ਮੌਜੂਦਾ ਹਾਲ-ਬੇਹਾਲ ਦੀ ਘੜੀ ਵਿਚ 'ਸ਼ਹਾਦਤਾਂ ਦੀ ਰੁੱਤ' ਵਾਲੇ ਇਸ ਮਹੀਨੇ ਵਿਚ ਗੁਰੂ ਪਿਤਾ ਦੇ ਦਰਸਾਏ ਮਾਰਗ ਉਤੇ ਚੱਲਣ ਦਾ ਅਹਿਦ ਕਰਨ ਦੀ ਜ਼ਰੂਰਤ ਹੈ। ਗੁਰਬਾਣੀ ਦਾ ਚਾਨਣ ਤੇ ਗੁਰੂ ਸਾਹਿਬਾਨਾਂ ਦੀ ਲਾਸਾਨੀ ਘਾਲਣਾ ਦੀ ਯਾਦ ਵੱਡੇ-ਵੱਡੇ ਘੱਲੂਘਾਰਿਆਂ ਵਿਚੋਂ ਸਿੱਖ ਕੌਮ ਨੂੰ ਬਾਹਰ ਕੱਢਦੇ ਆਏ ਹਨ। ਇਹੋ ਯਾਦ ਇਨ੍ਹਾਂ ਔਖੀਆਂ ਘਾਟੀਆਂ ਵਿਚ ਵੀ ਸਮੂਹ ਖਾਲਸਾ ਪੰਥ ਦਾ ਰਾਹ ਦਸੇਰਾ ਬਣੇਗੀ। ਇਕ ਤਰ੍ਹਾਂ ਨਾਲ ਸ਼ਹਾਦਤਾਂ ਦੀ ਰੁੱਤ ਦੇ ਇਸ ਮਹੀਨੇ ਵਿਚ ਸਾਨੂੰ ਆਪਣੀ ਗੌਰਵਸ਼ਾਲੀ ਵਿਰਾਸਤ ਨਾਲ ਆਤਮਸਾਤ ਹੋਣ ਦਾ ਸਬੱਬ ਮਿਲਦਾ ਹੈ। ਇਸ ਕਰਕੇ ਇਸ ਮੌਕੇ ਕੁਰਬਾਨੀਆਂ ਭਰੇ ਇਤਿਹਾਸ ਦੇ ਉਸ ਦੌਰ ਨੂੰ ਯਾਦ ਕਰਨ ਦੇ ਨਾਲ-ਨਾਲ ਮਹਿਸੂਸ ਕਰਨ ਦੀ ਵੀ ਲੋੜ ਹੈ। ਇਹ ਝੋਰਾ ਸਾਡੀਆਂ ਬਿਰਤੀਆਂ ਦਾ ਹਿੱਸਾ ਨਹੀਂ ਬਣਨਾ ਚਾਹੀਦਾ ਕਿ ਅਸੀਂ ਥਿੜਕ ਗਏ ਹਾਂ। ਸਾਡਾ ਇਤਿਹਾਸ ਸਾਨੂੰ ਘੱਲੂਘਾਰਿਆਂ ਵਿਚੋਂ ਨਿਕਲ ਕੇ ਬਾਦਸ਼ਾਹਤਾਂ ਸਥਾਪਿਤ ਕਰਨ ਦੀ ਜਾਚ ਹੀ ਤਾਂ ਦੱਸਦਾ ਹੈ।

# ਕਰਤਾਰਪੁਰ ਦੀ ਖੇਤੀ ਦਾ ਸੁਨੇਹਾ ਅਤੇ ਸਰਕਾਰ ਦੀ ਪਹੁੰਚ

**ਧਾਰਮਿਕ ਸ਼ਰਧਾ ਦੇ ਪੱਖ ਤੋਂ ਕਰਤਾਰਪੁਰ ਸਾਹਿਬ ਦੇ ਲਾਂਘੇ ਬਾਰੇ ਦੋਵਾਂ ਮੁਲਕਾਂ ਦਰਮਿਆਨ ਸਹਿਮਤੀ ਅਤੇ ਸ਼ੁਰੂਆਤ ਬਾਰੇ ਤਾਂ ਕੋਈ ਕਿੰਤੂ-ਪ੍ਰੰਤੂ ਨਹੀਂ ਹੋ ਸਕਦਾ ਪਰ ਗੁਰੂ ਨਾਨਕ ਦੇਵ ਜੀ ਵੱਲੋਂ ਖੇਤੀ ਅਤੇ ਸੱਚੀ-ਸੁੱਚੀ ਕਿਰਤ ਨੂੰ ਦਿੱਤੀ ਮਹੱਤਤਾ ਨੂੰ ਨਾ ਕੋਈ ਵਾੜ ਜਾਂ ਸਰਹੱਦ ਹੈ ਅਤੇ ਨਾ ਹੀ ਇਸ ਨੂੰ ਕਿਸੇ ਲਾਂਘੇ ਦੀ ਲੋੜ ਹੈ। ਗੁਰੂ ਨਾਨਕ ਜੀ ਨੇ ਜਿਹੜੀ ਖੇਤੀ ਅਤੇ ਸੱਚੀ-ਸੁੱਚੀ ਕਿਰਤ ਨੂੰ ਸਭ ਤੋਂ ਉੱਤਮ ਮੰਨਿਆ ਸੀ, ਅੱਜਕੱਲ੍ਹ ਉਹ ਖੇਤੀ ਅਤੇ ਸੱਚੀ-ਸੁੱਚੀ ਕਿਰਤ ਨੂੰ ਮੁਲਕ ਦੇ ਹਾਕਮਾਂ ਅਤੇ ਸਰਮਾਏਦਾਰ ਜਗਤ ਵੱਲੋਂ ਦੁਰਕਾਰਿਆ ਅਤ ਲਤਾੜਿਆ ਜਾ ਰਿਹਾ ਹੈ।**



**ਡਾ. ਗਿਆਨ ਸਿੰਘ**
ਸਾਬਕਾ ਪ੍ਰੋਫ਼ੈਸਰ, ਅਰਥ ਵਿਗਿਆਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਸੰਪਰਕ: 99156-82196)।

ਆਪਣੇ ਮੁਲਕ ਅਤੇ ਪਰਾਏ ਮੁਲਕਾਂ ਵਿਚ ਵਸਦੇ ਸਮੂਹ ਪੰਜਾਬੀਆਂ, ਖ਼ਾਸ ਕਰਕੇ ਸਿੱਖ ਸ਼ਰਧਾਲੂਆਂ ਦੇ ਮਨਾਂ ਵਿਚ ਭਾਰਤ ਅਤੇ ਪਾਕਿਸਤਾਨ ਦਰਮਿਆਨ ਡੇਰਾ ਬਾਬਾ ਨਾਨਕ ਤੋਂ ਕਰਤਾਰਪੁਰ ਸਾਹਿਬ (ਗੁਰਦੁਆਰਾ ਦਰਬਾਰ ਸਾਹਿਬ) ਤਕ ਲਾਂਘਾ ਉਸਾਰਨ ਬਾਰੇ ਹੋਈ ਸਹਿਮਤੀ ਅਤੇ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਵੱਲੋਂ ਇਸ ਦੀ ਰਸਮੀ ਸ਼ੁਰੂਆਤ ਨਾਲ ਖੁਸ਼ੀ ਦੀ ਆਮਦ ਹੋਈ ਹੈ। ਪਿਛਲੇ ਲੰਬੇ ਸਮੇਂ ਤੋਂ ਸਿੱਖ ਸ਼ਰਧਾਲੂ ਇਸ ਲਾਂਘੇ ਦੀ ਮੰਗ ਕਰ ਰਹੇ ਸਨ ਪਰ ਦੋਵਾਂ ਮੁਲਕਾਂ ਦਰਮਿਆਨ ਸੁਖਾਵੇਂ ਰਿਸ਼ਤੇ ਨਾ ਹੋਣ ਕਾਰਨ ਅਜਿਹਾ ਨਹੀਂ ਹੋ ਸਕਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 22 ਸਾਲਾਂ ਤੱਕ ਦੱਖਣੀ ਏਸ਼ੀਆ ਅਤੇ ਮੱਧ ਪੂਰਬ ਦੇ ਮੁਲਕਾਂ ਵਿਚ ਉਦਾਸੀਆਂ ਕਰਕੇ ਉੱਥੋਂ ਦੇ ਲੋਕਾਂ ਨੂੰ ਅਮਨ ਅਤੇ ਸਦਭਾਵਨਾ ਦਾ ਸੰਦੇਸ਼ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਆਖ਼ਰੀਲੇ 18 ਸਾਲ ਕਰਤਾਰਪੁਰ ਸਾਹਿਬ ਖੇਤੀ ਕੀਤੀ ਅਤੇ ਆਮ ਲੋਕਾਂ ਨੂੰ ਸੰਦੇਸ਼ ਦਿੱਤਾ ਕਿ ਖੇਤੀ ਸਾਰੇ ਕੰਮਾਂ ਵਿਚੋਂ ਉੱਤਮ ਹੈ। ਉਨ੍ਹਾਂ ਖੇਤੀ ਨੂੰ ਇਮਾਨਦਾਰੀ ਦੀ ਕਿਰਤ ਕਰਾਰ ਦਿੱਤਾ ਅਤੇ ਕਿਰਤੀ ਵਰਗ ਦੀ ਪਵਿੱਤਰਤਾ ਨੂੰ ਅੱਗੇ ਰੱਖਦੇ ਹੋਏ ਮਲਕ ਭਾਗੋ ਦੇ ਸ਼ਾਹੀ ਪਕਵਾਨਾਂ ਨੂੰ ਠੁਕਰਾਉਂਦੇ ਹੋਏ ਭਾਈ ਲਾਲੋ ਦੀ ਸੱਚੀ-ਸੁੱਚੀ ਕਿਰਤ ਵਾਲੀ ਰੋਟੀ ਖਾਧੀ।

ਧਾਰਮਿਕ ਸ਼ਰਧਾ ਦੇ ਪੱਖ ਤੋਂ ਕਰਤਾਰਪੁਰ ਸਾਹਿਬ ਦੇ ਲਾਂਘੇ ਬਾਰੇ ਦੋਵਾਂ ਮੁਲਕਾਂ ਦਰਮਿਆਨ ਸਹਿਮਤੀ ਅਤੇ ਸ਼ੁਰੂਆਤ ਬਾਰੇ ਤਾਂ ਕੋਈ ਕਿੰਤੂ-ਪ੍ਰੰਤੂ ਨਹੀਂ ਹੋ ਸਕਦਾ ਪਰ ਗੁਰੂ ਨਾਨਕ ਦੇਵ ਜੀ ਵੱਲੋਂ ਖੇਤੀ ਅਤੇ ਸੱਚੀ-ਸੁੱਚੀ ਕਿਰਤ ਨੂੰ ਦਿੱਤੀ ਮਹੱਤਤਾ ਨੂੰ ਨਾ ਕੋਈ ਵਾੜ ਜਾਂ ਸਰਹੱਦ ਹੈ ਅਤੇ ਨਾ ਹੀ ਇਸ ਨੂੰ ਕਿਸੇ ਲਾਂਘੇ ਦੀ ਲੋੜ ਹੈ। ਗੁਰੂ ਨਾਨਕ ਜੀ ਨੇ ਜਿਹੜੀ ਖੇਤੀ ਅਤੇ ਸੱਚੀ-ਸੁੱਚੀ ਕਿਰਤ ਨੂੰ ਸਭ ਤੋਂ ਉੱਤਮ ਮੰਨਿਆ ਸੀ, ਅੱਜਕੱਲ੍ਹ ਉਹ ਖੇਤੀ ਅਤੇ ਸੱਚੀ-ਸੁੱਚੀ ਕਿਰਤ ਨੂੰ ਮੁਲਕ ਦੇ ਹਾਕਮਾਂ ਅਤੇ ਸਰਮਾਏਦਾਰ ਜਗਤ ਵੱਲੋਂ ਦੁਰਕਾਰਿਆ ਅਤ ਲਤਾੜਿਆ ਜਾ ਰਿਹਾ ਹੈ।

ਜਦੋਂ 1960 ਵਿਆਂ ਦੌਰਾਨ ਮੁਲਕ ਭੁੱਖਮਰੀ ਦਾ ਸਾਹਮਣਾ ਕਰ ਰਿਹਾ ਸੀ ਤਾਂ ਕੇਂਦਰ ਸਰਕਾਰ ਨੂੰ ਮੁਲਕ ਨਿਵਾਸੀਆਂ ਨੂੰ ਰੋਟੀ ਦੇਣ ਲਈ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਦਾ ਸਾਹਮਣਾ ਕਰਨਾ ਪਿਆ। ਇਸ ਸਮੱਸਿਆ ਉੱਤੇ ਕਾਬੂ ਪਾਉਣ ਲਈ ਮੁਲਕ ਦੇ ਹੁਕਮਰਾਨਾਂ ਨੇ ਖੇਤੀਬਾੜੀ ਦੀ ਨਵੀਂ ਜੁਗਤ ਅਪਣਾਉਣ ਦਾ ਫੈਸਲਾ ਕੀਤਾ। ਇਹ ਜੁਗਤ ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਜਾਈ, ਰਸਾਇਣਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਮਸ਼ੀਨਰੀ ਅਤੇ ਖੇਤੀਬਾੜੀ ਕਰਨ ਦੇ ਆਧੁਨਿਕ ਢੰਗਾਂ ਦਾ ਪੈਕੇਜ ਸੀ। ਕੇਂਦਰ ਸਰਕਾਰ ਨੇ ਇਸ ਜੁਗਤ ਦੇ ਸਬੰਧ ਮੁਲਕ ਦੇ ਵੱਖ-ਵੱਖ ਖੇਤਰਾਂ ਦਾ ਅਧਿਐਨ ਕਰਨ ਤੋਂ ਬਾਅਦ ਇਸ ਨੂੰ ਤਰਜੀਹੀ ਤੌਰ ਉੱਤੇ ਪੰਜਾਬ ਵਿਚ ਸ਼ੁਰੂ ਕਰਨ ਦਾ ਫੈਸਲਾ ਕੀਤਾ। ਇਸ ਫੈਸਲੇ ਪਿੱਛੇ ਪੰਜਾਬ ਦੇ ਹਿੰਮਤੀ ਕਿਸਾਨ, ਖੇਤ ਮਜ਼ਦੂਰ, ਪੇਂਡੂ ਛੋਟੇ ਕਾਰੀਗਰ ਅਤੇ ਅਮੀਰ ਕੁਦਰਤੀ ਸਾਧਨ ਸਨ। ਪੰਜਾਬ ਦੇ ਖੇਤੀਬਾੜੀ ਨਾਲ ਸਬੰਧਿਤ ਤਿੰਨਾਂ ਵਰਗਾਂ ਦੀ ਹੱਡ-ਭੰਨਵੀਂ ਮਿਹਨਤ ਨੇ ਆਪਣਾ ਰੰਗ ਲਿਆਂਦਾ ਅਤੇ ਮੁਲਕ ਦੀ ਸਰਕਾਰ ਦਾ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਤੋਂ ਖਹਿੜਾ ਛੁੱਟਿਆ। ਪੰਜਾਬ ਦੀ ਖੇਤੀਬਾੜੀ ਗੁਰੂ ਨਾਨਕ ਦੇਵ ਜੀ ਵੱਲੋਂ ਸ਼ੁਰੂ ਕੀਤੀ ਖੇਤੀ ਅਤੇ ਸੱਚੀ-ਸੁੱਚੀ ਕਿਰਤ ਸੀ ਪਰ ਮੁਲਕ ਦੇ ਹੁਕਮਰਾਨਾਂ ਵਲੋਂ ਖੇਤੀਬਾੜੀ ਖੇਤਰ ਵਿਰੁੱਧ ਬਣਾਈਆਂ ਨੀਤੀਆਂ ਨੇ ਪੰਜਾਬ ਨੂੰ ਗੰਭੀਰ ਸੰਕਟ ਦੀ ਘੁੰਮਣਘੇਰੀ ਵਿਚ ਫਸਾਇਆ ਹੋਇਆ ਹੈ ਜੋ ਮੁੱਖ ਤੌਰ ਉੱਤੇ ਖੇਤੀਬਾੜੀ ਉੱਪਰ ਆਧਾਰਿਤ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ, ਧਰਤੀ ਹੇਠਲੇ ਪਾਣੀ ਅਤੇ ਵਾਤਾਵਰਨ ਦੇ ਵਿਗਾੜਾਂ ਦੇ ਰੂਪ ਵਿਚ ਦਿਖਾਈ ਦਿੰਦਾ ਹੈ।

ਪੰਜਾਬ ਖੇਤਰਫਲ ਪੱਖੋਂ ਬਹੁਤ ਹੀ ਛੋਟਾ (1.54 ਫ਼ੀਸਦ) ਹੈ ਪਰ ਪਿਛਲੇ ਚਾਰ ਦਹਾਕਿਆਂ ਤੋਂ ਵੱਧ ਸਮੇਂ ਤੋਂ ਦੋ ਮੁੱਖ ਅਨਾਜ ਜਿਨਸਾਂ ਕਣਕ ਅਤੇ ਚੌਲਾਂ ਦੇ ਸੰਬੰਧ ਕੇਂਦਰੀ ਅਨਾਜ ਭੰਡਾਰ ਵਿਚ ਸ਼ਾਨਦਾਰ ਯੋਗਦਾਨ ਪਾ ਰਿਹਾ ਹੈ। ਕਾਫ਼ੀ ਲੰਬੇ ਸਮੇਂ ਦੌਰਾਨ ਇਹ ਯੋਗਦਾਨ 50 ਫ਼ੀਸਦ ਦੇ ਕਰੀਬ ਰਿਹਾ ਹੈ। ਪਿਛਲੇ ਕੁਝ ਸਮੇਂ ਦੌਰਾਨ ਕੇਂਦਰ ਸਰਕਾਰ ਵੱਲੋਂ ਦੂਜੇ ਸੂਬਿਆਂ ਦੇ ਖੇਤੀਬਾੜੀ ਵਿਕਾਸ ਨੂੰ ਵਿਸ਼ੇਸ਼ ਤਰਜੀਹ ਦਿੱਤੇ ਜਾਣ ਕਾਰਨ ਇਸ ਯੋਗਦਾਨ ਵਿਚ ਕੁਝ ਕਮੀ ਵੀ ਆਈ ਹੈ ਪਰ ਹਾਲੇ ਵੀ ਇਹ ਯੋਗਦਾਨ 35-36 ਫ਼ੀਸਦ ਦੇ ਕਰੀਬ ਹੈ ਜਿਹੜਾ ਕਿਸੇ ਵੀ ਹੋਰ ਸੂਬੇ ਨਾਲੋਂ ਕਿਤੇ ਜ਼ਿਆਦਾ ਬਣਦਾ ਹੈ। ਇਸ ਬਾਬਤ ਧਿਆਨ ਮੰਗਦਾ ਪੱਖ ਇਹ ਵੀ ਹੈ ਕਿ ਜਦੋਂ ਮੁਲਕ ਵਿਚ ਕੁਦਰਤੀ ਕਹਿਰ ਜਿਵੇਂ ਹੜ੍ਹ, ਸੋਕਾ ਆਦਿ ਖੇਤੀਬਾੜੀ ਦਾ ਨੁਕਸਾਨ ਕਰਦੀਆਂ ਹਨ ਤਾਂ ਪੰਜਾਬ ਦਾ ਯੋਗਦਾਨ ਸਿਰਫ਼ ਅਡੋਲ ਹੀ ਨਹੀਂ ਰਹਿੰਦਾ, ਸਗੋਂ ਸੋਕੇ ਮੌਕੇ ਤਾਂ ਕਿਸਾਨ ਆਪਣੀ ਉਤਪਾਦਨ ਲਾਗਤ ਵਧਾ ਕੇ (ਸਿੰਜਾਈ ਲਈ ਮਹਿੰਗੇ ਡੀਜ਼ਲ ਦੀ ਵਰਤੋਂ) ਉਤਪਾਦਨ ਨੂੰ ਪਿਛਲੇ ਸਾਲ ਨਾਲੋਂ ਵੀ ਵਧਾ ਦਿੰਦੇ ਹਨ।

ਪੰਜਾਬ ਸਰਕਾਰ ਲਈ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਬਾਰੇ ਕੀਤੇ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਸੰਨ 2000-2015 ਦਰਮਿਆਨ 16606 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ ਹੈ। ਹੁਣ ਤਾਂ ਖੇਤ ਮਜ਼ਦੂਰ ਔਰਤਾਂ ਅਤੇ ਕਿਸਾਨ ਖੇਤ ਮਜ਼ਦੂਰ ਪਰਿਵਾਰਾਂ ਦੇ ਬੱਚਿਆਂ ਵੱਲੋਂ ਵੀ ਖ਼ੁਦਕੁਸ਼ੀਆਂ ਕੀਤੀਆਂ ਜਾ ਰਹੀਆਂ ਹਨ। ਸਰਵੇਖਣ ਅਨੁਸਾਰ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੁਆਰਾ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਪਿੱਛੇ ਸਭ ਤੋਂ ਵੱਡਾ ਕਾਰਨ ਉਨ੍ਹਾਂ ਸਿਰ ਖੜ੍ਹਾ ਕਰਜ਼ਾ ਹੈ। ਇੰਡੀਅਨ ਕੌਂਸਲ ਆਫ਼ ਸ਼ੋਸ਼ਲ ਸਾਇੰਸ ਰਿਸਰਚ ਦੇ ਸੰਨ 2014-15 ਲਈ ਕੀਤੇ ਸਰਵੇਖਣ ਵਿਚ ਸਾਹਮਣੇ ਆਇਆ ਕਿ ਪੰਜਾਬ ਦੇ ਵੱਡੇ ਕਿਸਾਨਾਂ ਨੂੰ ਛੱਡ ਕੇ ਬਾਕੀ ਦੇ ਸੀਮਾਂਤ, ਛੋਟੇ, ਅਰਧ-ਦਰਮਿਆਨੇ, ਦਰਮਿਆਨੇ ਕਿਸਾਨਾਂ ਅਤੇ ਖੇਤ ਮਜ਼ਦੂਰ ਸਿਰ ਇੰਨਾ ਕਰਜ਼ਾ ਹੈ ਕਿ ਉਹ ਕਰਜ਼ਾ ਮੋੜਨ ਬਾਰੇ ਸੋਚ ਹੀ ਨਹੀਂ ਸਕਦੇ; ਸਗੋਂ ਉਨ੍ਹਾਂ ਦੀ ਵਰਤਮਾਨ ਆਮਦਨ ਵਿਚੋਂ ਤਾਂ ਉਹ ਵਿਆਜ ਦੇਣ ਦੀ ਹਾਲਤ ਵਿਚ ਵੀ ਨਹੀਂ ਹਨ, ਉਨ੍ਹਾਂ ਨੂੰ ਤਾਂ ਆਪਣਾ ਚੁੱਲ੍ਹਾ ਬਲਦਾ ਰੱਖਣ ਲਈ ਵੀ ਕਰਜ਼ਾ ਲੈਣਾ ਪੈਂਦਾ ਹੈ। ਪਿਛਲੇ ਕੁਝ ਸਮੇਂ ਤੋਂ ਨਿਮਨ ਕਿਸਾਨਾਂ ਵਿਚੋਂ ਕੁਝ ਤਾਂ ਇਸ ਧੰਦੇ ਵਿਚੋਂ ਬਾਹਰ ਨਿੱਕਲ ਰਹੇ ਹਨ। ਖੇਤ ਮਜ਼ਦੂਰਾਂ ਦੀ ਹਾਲਤ ਤਾਂ ਨਿਮਨ ਕਿਸਾਨਾਂ ਤੋਂ ਵੀ ਭੈੜੀ ਹੈ। ਉਨ੍ਹਾਂ ਕੋਲ ਉਤਪਾਦਨ ਦੇ ਸਾਧਨ ਹੀ ਨਹੀਂ ਹਨ। ਇਨ੍ਹਾਂ ਵਿਚੋਂ ਸਭ ਤੋਂ ਮਾੜੀ ਹਾਲਤ ਔਰਤਾਂ ਅਤੇ ਬਾਲ ਮਜ਼ਦੂਰਾਂ ਦੀ ਹੈ।

ਸੰਨ 2011 ਦੀ ਮਰਦਮਸ਼ੁਮਾਰੀ ਅਨੁਸਾਰ ਪਿਛਲੇ ਇਕ ਦਹਾਕੇ ਦੌਰਾਨ ਪੰਜਾਬ ਵਿਚ 12 ਫ਼ੀਸਦ ਕਿਸਾਨਾਂ ਅਤੇ 21 ਫ਼ੀਸਦ ਖੇਤ ਮਜ਼ਦੂਰਾਂ ਦੀ ਕਮੀ ਦਰਜ ਕੀਤੀ ਗਈ ਹੈ। ਪੇਂਡੂ ਕਾਰੀਗਰਾਂ ਦੀ ਖੇਤੀਬਾੜੀ ਵਿਚ ਸ਼ਿਰਕਤ ਘਟਾਈ ਗਈ ਹੈ ਅਤੇ ਜਿਹੜੇ ਹਾਲੇ ਵੀ ਇਸ ਖੇਤਰ ਵਿਚ ਹਨ, ਉਨ੍ਹਾਂ ਦੀ ਹਾਲਤ ਬਹੁਤ ਤਰਸਯੋਗ ਹੈ। ਪੰਜਾਬ ਦੇ ਨਿਮਨ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਲਈ ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਘਟਣ ਲਈ ਮੁੱਖ ਤੌਰ ਉੱਤੇ ਮਸ਼ੀਨਰੀ ਅਤੇ ਨਦੀਨਨਾਸ਼ਕਾਂ ਦੀ ਵਧਦੀ ਵਰਤੋਂ ਜ਼ਿੰਮੇਵਾਰ ਹੈ।

ਖੇਤੀਬਾੜੀ ਦੇ ਵਪਾਰੀਕਰਨ ਦੇ ਵਰਤਾਰੇ ਵਿਚੋਂ ਟੁੱਟ ਰਹੇ ਸਮਾਜਿਕ ਸੰਬੰਧ ਸਾਹਮਣੇ ਆਏ ਹਨ। ਆਵਤ, ਵਿੜੀ, ਸਾਂਝੀ-ਸੀਰੀ ਪ੍ਰਬੰਧ ਅਤੇ ਵੱਡੇ ਕਿਸਾਨਾਂ ਵੱਲੋਂ ਨਿਮਨ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਪਰਿਵਾਰਾਂ ਦੀਆਂ ਧੀਆਂ ਦੇ ਵਿਆਹਾਂ ਜਾਂ ਉਨ੍ਹਾਂ ਪਰਿਵਾਰਾਂ ਵਿਚ ਬਿਮਾਰੀ/ਹਾਦਸਿਆਂ ਮੌਕੇ ਆਰਥਿਕ ਮਦਦ ਕਰਨਾ ਗਾਇਬ ਹੋ ਗਏ ਹਨ। ਅਮੀਰ-ਗ਼ਰੀਬ ਵਿਚ ਵਧ ਰਹੀਆਂ ਆਰਥਿਕ ਅਸਮਾਨਤਾਵਾਂ ਅਤੇ ਮੁਲਕ ਵਿਚ ਰੁਜ਼ਗਾਰ ਦੇ ਲਗਾਤਾਰ ਘਟਦੇ ਮੌਕੇ ਪੰਜਾਬ ਦੇ ਨੌਜਵਾਨ ਬੱਚਿਆਂ ਨੂੰ ਵੱਡੀ ਗਿਣਤੀ ਵਿਚ ਬਾਹਰਲੇ ਮਲਕਾਂ ਵੱਲ ਧੱਕ ਰਹੇ ਹਨ।

1960ਵਿਆਂ ਦੇ ਆਖ਼ੀਰ ਵਿਚ ਪੰਜਾਬ ਵਿਚ ਸ਼ੁਰੂ ਕੀਤੀ ਗਈ ਖੇਤੀਬਾੜੀ ਦੀ ਨਵੀਂ ਜੁਗਤ ਸਦਕਾ ਕਣਕ ਦੀ ਉਤਪਾਦਕਤਾ ਅਤੇ ਉਤਪਾਦਨ ਵਿਚ ਹੋਏ ਅਥਾਹ ਵਾਧੇ ਅਤੇ ਇਸ ਦੇ ਕੇਂਦਰੀ ਅਨਾਜ ਭੰਡਾਰ ਵਿਚ ਪਾਏ ਗਏ ਯੋਗਦਾਨ ਨੂੰ ਦੇਖਦੇ ਹੋਏ ਕੇਂਦਰ ਸਰਕਾਰ

ਬਾਕੀ ਸਫ਼ਾ 28 'ਤੇ

# ਕਰਤਾਰਪੁਰ ਸਾਹਿਬ ਦਾ ਲਾਂਘਾ : ਕੀ, ਕਦੋਂ, ਕਿਵੇਂ ਤੇ ਕਿਉਂ ?

**14-15 ਅਗਸਤ-1947** : ਇੰਡੀਆ ਅਤੇ ਪਾਕਿਸਤਾਨ ਦਰਮਿਆਨ ਪੰਜਾਬ ਦਾ ਖਿੱਤਾ ਵੰਡੇ ਜਾਣ ਕਾਰਨ ਸਿੱਖ ਵਸੋਂ ਦਾ ਵੱਡਾ ਹਿੱਸਾ ਲਹਿੰਦੇ ਪਾਸਿਓਂ ਚੜ੍ਹਦੇ ਪੰਜਾਬ ਵਾਲੇ ਪਾਸੇ ਆ ਗਿਆ ਤੇ ਇਤਿਹਾਸਕ ਗੁਰਧਾਮਾਂ ਦੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ ਤੋਂ ਵਿਰਵਾ ਹੋ ਗਿਆ।

**ਸੰਨ-1947** : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਰਹਿਤ ਮਰਿਆਦਾ ਵਿਚ ਦਰਜ ਅਰਦਾਸ ਵਿਚ ਪੰਥ ਦੀ ਅਕਾਲ ਪੁਰਖ ਅੱਗੇ ਅਰਜੋਈ ਅੱਗੇ ਲਿਖੇ ਲਫਜ਼ਾਂ ਵਿਚ ਸ਼ਾਮਲ ਕੀਤੀ-"ਸ਼੍ਰੀ ਨਨਕਾਣਾ ਸਾਹਿਬ ਅਤੇ ਹੋਰ ਗੁਰਦੁਆਰਿਆਂ, ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁੱਲ੍ਹੇ ਦਰਸ਼ਨ-ਦੀਦਾਰ ਅਤੇ ਸੇਵਾ-ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ। " ਹਰ ਸਿੱਖ ਇਹ ਅਰਦਾਸ ਅਕਾਲ ਪੁਰਖ ਅੱਗੇ ਪਿਛਲੇ 71 ਸਾਲ ਤੋਂ ਕਰਦਾ ਆ ਰਿਹਾ ਹੈ।

**ਫਰਵਰੀ-1999** : 'ਇੰਡੀਆ ਦੀ ਫੈਡਰਲ ਸਰਕਾਰ' ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵੱਲੋਂ ਦਿੱਲੀ-ਲਾਹੌਰ ਬੱਸ ਸੇਵਾ ਦੀ ਸ਼ੁਰੂਆਤ ਕਰਦਿਆਂ ਪਾਕਿਸਤਾਨ ਜਾਣ ਤੇ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ-ਦੀਦਾਰ ਲਈ ਇਕ ਵੀਜ਼ਾ ਰਹਿਤ ਲਾਂਘਾ ਬਣਾਉਣ ਦੀ ਤਜਵੀਜ਼ ਸਾਹਮਣੇ ਆਈ।

**ਸੰਨ-1999** : ਜਥੇਦਾਰ ਕੁਲਦੀਪ ਸਿੰਘ ਵਡਾਲਾ ਨੇ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ-ਦੀਦਾਰ ਲਈ ਲਾਂਘਾ ਬਣਾਉਣ ਲਈ ਡੇਰਾ ਬਾਬਾ ਨਾਨਕ ਵਿਖੇ ਅਰਦਾਸ ਸ਼ੁਰੂ ਕੀਤੀ ਜੋ ਸਿੱਖ ਹਰ ਸੰਗਰਾਂਦ ਨੂੰ ਪਿਛਲੇ 19 ਸਾਲ ਤੋਂ ਕਰਦੇ ਆ ਰਹੇ ਹਨ।

**ਸੰਨ-2000:** ਪਾਕਿਸਤਾਨ ਸਰਕਾਰ ਨੇ ਆਪਣੇ ਵੱਲੋਂ ਖੁੱਲ੍ਹੇ ਦਰਸ਼ਨ-ਦੀਦਾਰ ਲਈ ਵੀਜ਼ਾ ਰਹਿਤ ਲਾਂਘੇ ਦੀ ਤਜਵੀਜ਼ ਨੂੰ ਪ੍ਰਵਾਨਗੀ ਦਿੱਤੀ। ਇਸ ਤਜਵੀਜ਼ ਤਹਿਤ ਪਾਕਿਸਤਾਨ ਸਰਕਾਰ ਨੇ ਚੜ੍ਹਦੇ ਪੰਜਾਬ ਅਤੇ 'ਇੰਡੀਅਨ ਉਪ-ਮਹਾਂਦੀਪ' ਦੇ ਬਾਸ਼ਿੰਦੇ ਨਾਨਕ ਨਾਮ ਲੇਵਾ ਪ੍ਰਾਣੀਆਂ ਨੂੰ ਬਿਨਾ ਪਾਸਪੋਰਟ ਤੇ ਬਿਨਾ ਵੀਜ਼ਾ ਆਪਣੇ ਮੁਲਕ ਅੰਦਰ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਦੇ ਦਰਸ਼ਨ ਦੀਦਾਰ ਦੀ ਸਹੂਲਤ ਦੇਣੀ ਸੀ।

**ਸੰਨ-2009:** ਅਮਰੀਕਾ ਸਥਿਤ 'ਇਸਚੀਟਿਊਟ ਫਾਰ ਮਲਟੀ-ਟਰੈਕ ਡਿਪਲੋਮੇਸੀ' ਵੱਲੋਂ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਇਕ ਲੇਖਾ ਜਾਰੀ ਕੀਤਾ ਗਿਆ।

**ਸੰਨ-2010** : 'ਇੰਸਚੀਟਿਊਟ ਫਾਰ ਮਲਟੀ-ਟਰੈਕ ਡਿਪਲੋਮੇਸੀ' ਵੱਲੋਂ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਸਬੰਧਤ ਸਰਕਾਰਾਂ ਨਾਲ ਲਾਂਘਾ ਖੋਲ੍ਹਣ ਬਾਰੇ ਗੱਲਬਾਤ ਜਾਰੀ ਰੱਖੀ ਗਈ।

**ਸੰਨ-2001 ਤੋਂ 2018:** 'ਇੰਡੀਅਨ ਫੈਡਰਲ ਸਰਕਾਰ' ਇਸ ਅਰਸੇ ਦੌਰਾਨ ਮੁਲਕ ਦੀ ਏਕਤਾ, ਅਖੰਡਤਾ ਤੇ ਸੁਰੱਖਿਆ ਲਈ ਖਤਰਾ ਦੱਸ ਕੇ ਖੁੱਲ੍ਹੇ ਲਾਂਘੇ ਦੀ ਤਜਵੀਜ਼ ਨੂੰ ਰੱਦ ਕਰਦੀ ਆ ਰਹੀ ਸੀ, ਉਥੇ ਦੂਜੇ ਬੰਨੇ ਪਾਕਿਸਤਾਨ ਸਰਕਾਰ ਦੇ ਫੈਡਰਲ ਵਜ਼ੀਰ ਅਤੇ ਉੱਚ ਅਫਸਰ ਵੱਖ-ਵੱਖ ਸਮੇਂ ਕਰਤਾਰਪੁਰ ਸਾਹਿਬ ਖੁੱਲ੍ਹੇ ਲਾਂਘੇ ਦੀ ਤਜਵੀਜ਼ ਨੂੰ ਲਾਗੂ ਕਰਨ ਦੀ ਸਹਿਮਤੀ ਦੇਂਦੇ ਰਹੇ।

**2 ਮਈ 2017** : ਇੰਡੀਅਨ ਫੈਡਰਲ ਪਾਰਲੀਮੈਂਟ ਦੀ ਇਕ ਵਿਦੇਸ਼ ਮਾਮਲਿਆਂ ਬਾਰੇ ਸਟੈਂਡਿੰਗ ਕਮੇਟੀ ਦੇ ਤਤਕਾਲੀ ਚੇਅਰਮੈਨ ਸ਼ਸ਼ੀ ਥਰੂਰ ਦੀ ਅਗਵਾਈ ਵਿਚ ਡੇਰਾ ਬਾਬਾ ਨਾਨਕ ਵਿਖੇ ਪਹੁੰਚ ਕੇ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਜਾਇਜ਼ਾ ਲਿਆ ਪਰ ਇਸ ਕਮੇਟੀ ਨੇ ਇਹ ਕਹਿੰਦਿਆਂ ਕਰਤਾਰਪੁਰ ਸਾਹਿਬ ਖੁੱਲ੍ਹੇ ਲਾਂਘੇ ਦੀ ਤਜਵੀਜ਼ ਨੂੰ ਰੱਦ ਕੀਤਾ ਕਿ ਸਰਹੱਦ ਉੱਤੇ ਇੰਡੀਆ ਦੇ ਫੌਜੀਆ ਦੇ ਸਿਰ ਵੱਢੇ ਜਾ ਰਹੇ ਹਨ ਇਸ ਕਰਕੇ ਇਹ ਲਾਂਘਾ ਨਹੀਂ ਬਣਾਇਆ ਜਾ ਸਕਦਾ। ਇਸ ਕਮੇਟੀ ਨੇ ਲਾਂਘਾ ਖੋਲ੍ਹਣ ਦੀ ਥਾਂ ਤੇ ਡੇਰਾ ਬਾਬਾ ਨਾਨਕ ਸਥਿਤ ਬੀ.ਐਸ.ਐਫ. ਦੀ ਚੌਂਕੀ ਤੇ ਵਧੇਰੇ ਦੂਰ ਤੱਕ ਤੇ ਸਾਫ ਵੇਖ ਸਕਣ ਵਾਲੀਆਂ ਚਾਰ ਦੂਰਬੀਨਾਂ ਲਾਉਣ ਦਾ ਸੁਝਾਅ ਦਿੱਤਾ ਕਿ ਸਿੱਖ ਸ਼ਰਧਾਲੂ ਦੂਰੋਂ ਹੀ ਗੁਰਦੁਆਰਾ ਦਰਬਾਰ ਸਾਹਿਬ, ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਲਿਆ ਕਰਨ।

**10 ਅਗਸਤ 2018** : ਚੀਨ ਦੇ ਇੰਡੀਆ ਵਿਚ ਰਾਜਦੂਤ ਲੂਓ ਜ਼ਹਾਓਈ ਨੇ ਪੰਜਾਬ ਦਾ ਦੌਰਾ ਕੀਤਾ ਜਿਸ ਤਹਿਤ ਉਹ ਦਰਬਾਰ ਸਾਹਿਬ ਅਤੇ ਅਟਾਰੀ ਵਾਹਗਾ ਸਰਹੱਦ ਤੇ ਗਿਆ ਜਿੱਥੇ ਉਸ ਨੇ ਕਿਹਾ ਕਿ ਉਹ ਇੰਡੀਆ-ਪਾਕਿਸਤਾਨ ਵਿਚਾਲੇ ਸ਼ਾਂਤੀ, ਦੋਸਤੀ ਅਤੇ ਦੁਵੱਲੇ ਸਹਿਯੋਗ ਦੀ ਆਸ ਕਰਦਾ ਹੈ।

**18 ਅਗਸਤ 2018** : ਪਾਕਿਸਤਾਨ ਦੇ ਨਵੇਂ ਬਣੇ ਵਜ਼ੀਰੇ ਆਜ਼ਮ ਇਮਰਾਨ ਖਾਨ ਦੇ ਸਹੁੰ ਚੁੱਕ ਸਮਾਗਮ ਸਮੇਂ ਪਾਕਿਸਤਾਨ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਨਵਜੋਤ ਸਿੰਘ ਸਿੱਧੂ ਨੂੰ ਦੱਸਿਆ ਕਿ ਪਾਕਿਸਤਾਨ ਕਰਤਾਰਪੁਰ ਸਾਹਿਬ ਵੀਜ਼ਾ ਰਹਿਤ ਲਾਂਘਾ ਖੋਲ੍ਹਣ ਬਾਰੇ ਵਿਚਾਰ ਕਰ ਰਿਹਾ ਹੈ। ਉਹਨਾਂ ਭਵਿੱਖ ਵਿੱਚ ਨਨਕਾਣਾ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰ ਲਈ ਵੀਜ਼ਾ ਰਹਿਤ ਲਾਂਘਾ ਦੇਣ ਦੀ ਤਜਵੀਜ਼ ਬਾਰੇ ਵੀ ਜ਼ਿਕਰ ਕੀਤਾ।




**20 ਅਗਸਤ 2018** : ਚੜ੍ਹਦੇ ਪੰਜਾਬ ਦੇ ਸੂਬੇਦਾਰ ਕੈਪਟਨ ਅਮਰਿੰਦਰ ਸਿੰਘ ਨੇ ਵਿਦੇਸ਼ ਮਾਮਲਿਆਂ ਦੀ ਵਜ਼ੀਰ ਸੁਸ਼ਮਾ ਸਵਰਾਜ ਨੂੰ ਕਰਤਾਰਪੁਰ ਸਾਹਿਬ ਖੁੱਲ੍ਹੇ ਲਾਂਘੇ ਸਬੰਧੀ ਪਾਕਿਸਤਾਨ ਨਾਲ ਅਧਿਕਾਰਤ ਤੌਰ ਉੱਤੇ ਗੱਲਬਾਤ ਕਰਨ ਲਈ ਚਿੱਠੀ ਲਿਖੀ।

**21 ਅਗਸਤ 2018** : ਸਾਬਕਾ ਵਜ਼ੀਰ ਮਨੋਹਰ ਸਿੰਘ ਗਿੱਲ ਨੇ ਇਕ ਮੁਲਾਕਾਤ ਵਿਚ ਕਿਹਾ ਕਿ ਇੰਡੀਆ ਸਰਕਾਰ ਨੂੰ ਜਨਰਲ ਬਾਜਵਾ ਦੀ ਖੁੱਲ੍ਹੇ ਲਾਂਘੇ ਦੀ ਤਜਵੀਜ਼ ਦਾ ਸਵਾਗਤ ਕਰਨਾ ਚਾਹੀਦਾ ਹੈ। ਉਸਨੇ ਇੰਡੀਆ ਸਰਕਾਰ ਦੇ ਇਸ ਤਜਵੀਜ਼ ਬਾਰੇ ਮੱਠੇ ਹੁੰਗਾਰੇ ਉੱਤੇ ਹੈਰਾਨੀ ਪਰਗਟ ਕੀਤੀ ਅਤੇ ਕਿਹਾ ਕਿ ਇੰਡੀਆ ਸਰਕਾਰ ਵੱਲੋਂ ਕਦੇ ਵੀ ਸਿੱਖਾਂ ਦੀ ਰੂਹ ਨੂੰ ਰਾਹਤ ਦੇਣ ਲਈ ਕੁਝ ਨਹੀਂ ਕੀਤਾ ਗਿਆ।

**26 ਅਗਸਤ 2018** : ਪਰਤਾਪ ਸਿੰਘ ਬਾਜਵਾ ਨੇ ਚੜ੍ਹਦੇ ਪੰਜਾਬ ਦੇ ਸੂਬੇਦਾਰ ਅਮਰਿੰਦਰ ਸਿੰਘ ਨੂੰ ਪੰਜਾਬ ਅਸੈਂਬਲੀ ਵਿੱਚ ਕਰਤਾਰਪੁਰ ਸਾਹਿਬ ਖੁੱਲ੍ਹੇ ਲਾਂਘੇ ਸਬੰਧੀ ਮਤਾ ਪਾਸ ਕਰਨ ਲਈ ਚਿੱਠੀ ਲਿਖੀ।

**27 ਅਗਸਤ 2018** : ਚੜ੍ਹਦੇ ਪੰਜਾਬ ਦੀ ਅਸੈਂਬਲੀ ਨੇ ਕਰਤਾਰਪੁਰ ਸਾਹਿਬ ਖੁੱਲ੍ਹਾ ਲਾਂਘਾ ਬਣਾਉਣ ਲਈ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਅਤੇ ਇੰਡੀਆ ਸਰਕਾਰ ਨੂੰ ਇਸ ਸਬੰਧੀ ਫੌਰੀ ਤੌਰ ਤੇ ਪਾਕਿਸਤਾਨ ਸਰਕਾਰ ਨਾਲ ਗੱਲਬਾਤ ਕਰਨ ਦੀ ਤਜਵੀਜ਼ ਭੇਜੀ।

**29 ਅਗਸਤ 2018** : ਪਾਕਿਸਤਾਨ ਸਥਿਤ ਇੰਡੀਆ ਦੇ ਮੁੱਖ ਸਫੀਰ ਅਜੇ ਬਸਾਰੀਆ ਨੇ ਕਰਤਾਰਪੁਰ ਸਾਹਿਬ ਵਿਖੇ ਜਾ ਕੇ ਖੁੱਲ੍ਹਾ ਲਾਂਘਾ ਬਣਾਉਣ ਦੀ ਪਾਕਿਸਤਾਨ ਸਰਕਾਰ ਦੀ ਯੋਜਨਾ ਦਾ ਮੌਕੇ ਉੱਤੇ ਜਾ ਕੇ ਜਾਇਜ਼ਾ ਲਿਆ।

**7 ਸਤੰਬਰ 2018** : ਪਾਕਿਸਤਾਨ ਫੈਡਰਲ ਸਰਕਾਰ ਨੇ ਸੂਚਨਾ ਅਤੇ ਪਰਸਾਰਣ ਵਜ਼ੀਰ ਚੌਧਰੀ ਫਵਾਦ ਹੁਸੈਨ ਨੇ ਬੀ.ਬੀ.ਸੀ. ਉਰਦੂ ਨੂੰ ਇੱਕ ਮੁਲਾਕਾਤ ਵਿੱਚ ਕਿਹਾ ਕਿ ਇਮਰਾਨ ਖਾਨ ਸਰਕਾਰ ਸਿੱਖ ਸ਼ਰਧਾਲੂਆਂ ਲਈ ਗੁਰਦੁਆਰਾ ਦਰਬਾਰ ਸਹਿਬ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰ ਲਈ ਵੀਜ਼ਾ ਰਹਿਤ ਲਾਂਘਾ ਬਣਾਉਣ ਦੀ ਸਹੂਲਤ ਦੇ ਰਹੀ ਹੈ।

**12 ਸਤੰਬਰ 2018** : ਪਾਕਿਸਤਾਨ ਸਰਕਾਰ ਦੇ ਵਿਦੇਸ਼ੀ ਮਾਮਲਿਆ ਦੇ ਬੁਲਾਰੇ ਮੁਹੰਮਦ ਫੈਜ਼ਲ ਨੇ ਇਕ ਪ੍ਰੈਸ ਮਿਲਣੀ ਦੌਰਾਨ ਖੁੱਲ੍ਹੇ ਲਾਂਘੇ ਬਾਰੇ ਕਿਹਾ ਕਿ ਅਸੀਂ ਇੰਡੀਆ ਨਾਲ ਗੱਲਬਾਤ ਲਈ ਤਿਆਰ ਹਾਂ। ਅਸੀਂ ਆਲਮੀ ਭਾਈਚਾਰੇ ਨੂੰ ਖੁੱਲ੍ਹੇ ਲਾਂਘੇ ਬਾਰੇ ਆਪਣਾ ਪੱਖ ਦੱਸ ਦਿੱਤਾ ਹੈ ਹੁਣ ਅਸੀਂ ਇੰਡੀਆ ਦੇ ਪ੍ਰਤੀਕਰਮ ਦੀ ਉਡੀਕ ਕਰ ਰਹੇ ਹਾਂ।

**14 ਸਤੰਬਰ 2018** : ਪਾਕਿਸਤਾਨ ਦੇ ਵਜ਼ੀਰੇ ਆਜ਼ਮ ਇਮਰਾਨ ਖਾਨ ਨੇ ਇੰਡੀਆ ਦੇ ਵਜ਼ੀਰੇ ਆਜ਼ਮ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਦੁਵੱਲੇ ਸਹਿਯੋਗ ਅਤੇ ਵਪਾਰ ਕਰਨ ਅਤੇ ਆਪਸੀ ਮਹੌਲ ਨੂੰ ਸੁਖਾਵਾਂ ਕਰਨ ਲਈ ਗੱਲਬਾਤ ਕਰਨ ਦੀ ਪੇਸ਼ਕਸ਼ ਕੀਤੀ।

**17 ਸਤੰਬਰ 2018** : ਨਵਜੋਤ ਸਿੰਘ ਸਿੱਧੂ ਅਤੇ ਮਨੋਹਰ ਸਿੰਘ ਗਿੱਲ ਇੰਡੀਆ ਦੇ ਵਿਦੇਸ਼ੀ ਮਾਮਲਿਆਂ ਦੀ ਵਜ਼ੀਰ ਸੁਸ਼ਮਾ ਸਵਰਾਜ ਨੂੰ ਖੁੱਲ੍ਹੇ ਲਾਂਘੇ ਸਬੰਧੀ ਪਾਕਿਸਤਾਨ ਸਰਕਾਰ ਨਾਲ ਅਧਿਕਾਰਤ ਗੱਲਬਾਤ ਦੀ ਸ਼ੁਰੂਆਤ ਕਰਨ ਦੀ ਸਲਾਹ (ਮੰਗ) ਦੇਣ ਲਈ ਮਿਲੇ।

**20 ਸਤੰਬਰ 2018** : ਪਾਕਿਸਤਾਨ ਸਰਕਾਰ ਦੀ ਦਰਖਾਸਤ ਉਤੇ ਇੰਡੀਆ ਦੀ ਵਿਦੇਸ਼ੀ ਮਾਮਲਿਆਂ ਦੀ ਵਜ਼ੀਰ ਸੁਸ਼ਮਾ ਸਵਰਾਜ ਅਤੇ ਪਾਕਿਸਤਾਨ ਵਿਦੇਸ਼ੀ ਮਾਮਲਿਆਂ ਦੇ ਵਜ਼ੀਰ ਸ਼ਾਹ ਮਹਿਮੂਦ ਕੁਰੈਸ਼ੀ ਦੀ ਯੁਨਾਇਟਡ ਨੇਸ਼ਨਜ਼ ਜਨਰਲ ਅਸੈਂਬਲੀ ਦੇ ਸਲਾਨਾ ਇਜਲਾਸ ਮੌਕੇ 26-27 ਸਤੰਬਰ ਨੂੰ ਬੈਠਕ ਹੋਣੀ ਤੈਅ ਹੋਈ ਜਿਸ ਵਿੱਚ ਡੇਰਾ ਬਾਬਾ ਨਾਨਕ ਤੋਂ ਕਰਤਾਰਪੁਰ ਸਾਹਿਬ ਖੁੱਲ੍ਹੇ ਲਾਂਘੇ ਦਾ ਮੁੱਦਾ ਵੀ ਬੈਠਕ ਵਿੱਚ ਵਿਚਾਰਿਆ ਜਾਣਾ ਸੀ।

21 ਸਤੰਬਰ 2018 : ਇੰਡੀਆ ਸਰਕਾਰ ਵੱਲੋਂ ਇਕਤਰਫਾ ਫੈਸਲਾ ਲੈਂਦਿਆਂ 26-27 ਸਤੰਬਰ ਨੂੰ ਹੋਣ ਵਾਲੀ ਬੈਠਕ ਰੱਦ ਕਰਨ ਦਾ ਐਲਾਨ ਕਰ ਦਿੱਤਾ ਗਿਆ ਜਿਸ ਦਾ ਕਰਨ ਇਮਰਾਨ ਖਾਨ ਤੋਂ ਪਹਿਲਾਂ ਵਾਲੀ ਸਰਕਾਰ ਵੱਲੋਂ 16 ਜੁਲਾਈ ਨੂੰ ਕਸ਼ਮੀਰੀ ਖਾੜਕੂ ਬੁਰਹਾਨ ਵਾਨੀ ਬਾਰੇ ਜਾਰੀ ਇੱਕ ਡਾਕ ਟਿਕਟ ਨੂੰ ਦੱਸਿਆ ਗਿਆ।

**22 ਸਤੰਬਰ 2018** : ਇੰਡੀਆ ਦੇ ਕੁਝ ਖਬਰ ਅਦਾਰਿਆਂ ਨਾਲ ਗੱਲਬਾਤ ਦੌਰਾਨ ਪਾਕਿਸਤਾਨ ਫੈਡਰਲ ਸਰਕਾਰ ਨੇ ਸੂਚਨਾ ਅਤੇ ਪਰਸਾਰਣ ਵਜ਼ੀਰ ਚੌਧਰੀ ਫਵਾਦ ਹੁਸੈਨ ਨੇ ਮੁੜ ਕਿਹਾ ਕਿ ਪਾਕਿਸਤਾਨ ਸਰਕਾਰ ਸਿੱਖ ਸ਼ਰਧਾਲੂਆਂ ਲਈ ਗੁਰਦੁਆਰਾ ਦਰਬਾਰ ਸਹਿਬ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰ ਲਈ ਵੀਜ਼ਾ ਰਹਿਤ ਲਾਂਘਾ ਬਣਾਉਣ ਦੀ ਸਹੂਲਤ ਦੇ ਰਹੀ ਹੈ।

**23 ਸਤੰਬਰ 2018** : ਕੈਪਟਨ ਅਮਰਿੰਦਰ ਸਿੰਘ ਨੇ ਇੱਕ ਬਿਆਨ ਰਾਹੀਂ ਇੰਡੀਅਨ ਫੈਡਰਲ ਸਰਕਾਰ ਦੀ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਲਈ ਮਿੰਨਤ ਕੀਤੀ।

28 ਸਤੰਬਰ 2018 : ਪਾਕਿਸਤਾਨ ਸਿੱਖ ਕੌਂਸਲ ਨੇ ਪਾਕਿਸਤਾਨ ਸਰਕਾਰ ਦੇ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਦੇ ਫੈਸਲੇ ਦਾ ਸਵਾਗਤ ਕੀਤਾ।

**3 ਅਕਤੂਬਰ 2018** : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਦਰਸ਼ਨ ਕਰਨ ਲਈ ਆਏ ਯੂ. ਐਨ. ਦੇ ਸੈਕਟਰੀ ਜਨਰਲ ਐਂਟੋਨੀਓ ਗੁਟੇਰੀਜ਼ ਨੂੰ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਦੇ ਖੁੱਲ੍ਹੇ ਦਰਸ਼ਨ ਦੀਦਾਰ ਲਈ ਵੀਜ਼ਾ ਰਹਿਤ ਲਾਂਘਾ ਬਣਵਾਉਣ ਲਈ ਇੱਕ ਯਾਦ ਪੱਤਰ ਦਿੱਤਾ ਅਤੇ ਕਿਹਾ ਕਿ ਉਹ ਯੂ. ਐਨ. ਜਨਰਲ ਅਸੈਂਬਲੀ ਰਾਹੀਂ ਇਹ ਮਸਲਾ ਹੱਲ ਕਰਵਾਉਣ।

**4 ਅਕਤੂਬਰ 2018** : ਪਾਕਿਸਤਾਨ ਸਰਕਾਰ ਦੇ ਵਿਦੇਸ਼ ਮਾਮਲਿਆਂ ਦੇ ਮਹਿਕਮੇ ਦੇ ਬੁਲਾਰੇ ਮੁਹੰਮਦ ਫੈਜ਼ਲ ਨੇ ਕਿਹਾ ਕਿ ਸਿੱਖ ਸ਼ਰਧਾਲੂਆਂ ਦੀ ਖੁੱਲ੍ਹੇ ਲਾਂਘੇ ਦੀ ਤਜਵੀਜ਼ ਨੂੰ ਲਾਗੂ ਕਰਨ ਦਾ ਇੱਕੋ ਇੱਕ ਹੱਲ ਦੁਵੱਲੀ ਗੱਲਬਾਤ ਹੈ। ਇਸ ਮਸਲੇ ਉੱਤੇ ਇੰਡੀਆ ਸਰਕਾਰ ਦੇ ਮੱਠੇ ਹੁੰਗਾਰੇ ਨੂੰ ਵੇਖਦਿਆਂ ਹੋਇਆਂ ਉਸਨੇ ਕਿਹਾ ਕਿ ਜਦੋਂ ਇੰਡੀਆ ਕੋਈ ਉਸਾਰੂ ਪ੍ਰਤੀਕਰਮ ਨਹੀਂ ਦੇ ਰਿਹਾ ਤਾਂ ਪਾਕਿਸਤਾਨ ਸਰਕਾਰ ਆਪਣੇ ਗਵਾਂਢੀਆਂ ਨਾਲ ਅਮਨ-ਅਮਾਨ ਨਾਲ ਰਹਿਣ ਦੀ ਕੋਸ਼ਿਸ਼ ਹੀ ਕਰ ਸਕਦੀ ਹੈ ਉਸ ਨੂੰ ਯਕੀਨੀ ਨਹੀਂ ਬਣਾ ਸਕਦੀ।

**10 ਨਵੰਬਰ 2018** : ਕੈਪਟਨ ਅਮਰਿੰਦਰ ਸਿੰਘ ਨੇ ਸੁਸ਼ਮਾ ਸਵਰਾਜ ਨੂੰ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਸਬੰਧੀ ਪਾਕਿਸਤਾਨ ਸਰਕਾਰ ਨਾਲ ਗੱਲਬਾਤ ਕਰਨ ਲਈ ਚਿੱਠੀ ਲਿਖੀ। ਉਸਨੇ ਇਸ ਚਿੱਠੀ ਵਿੱਚ ਲਾਂਘਾ ਖੋਲ੍ਹਣ ਲਈ ਸਿੱਖਾਂ ਵਾਸਤੇ ਕਰਤਾਰਪੁਰ ਸਾਹਿਬ ਦੀ ਮਹੱਤਤਾ ਦਾ ਵਾਸਤਾ ਪਾਇਆ।

**19 ਨਵੰਬਰ 2018** : ਇੰਡੀਆ ਸਰਕਾਰ ਨੇ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਦੇ ਖੁੱਲ੍ਹੇ ਦਰਸ਼ਨ ਦੀਦਾਰ ਲਈ ਲਾਂਘਾ ਬਣਾਉਣ ਦੀ ਬਜਾਏ ਇੱਕ ਵਧੇਰੇ ਦੂਰ ਤੇ ਸਾਫ ਵੇਖ ਸਕਣ ਵਾਲੀ ਦੂਰਬੀਨ ਡੇਰਾ ਬਾਬਾ ਨਾਨਕ ਵਿਖੇ ਲਾਉਣ ਦਾ ਐਲਾਨ ਕੀਤਾ।

**21 ਨਵੰਬਰ 2018** : ਪਾਕਿਸਤਾਨੀ ਖਬਰਨਾਮੇ (ਮੀਡੀਆ) ਵਿੱਚ ਇਹ ਗੱਲ ਨਸ਼ਰ ਹੋਈ ਕਿ ਪਾਕਿਸਤਾਨ ਨੇ ਆਪਣੇ ਵਾਲੇ ਪਾਸੇ ਕਰਤਾਰਪੁਰ ਸਾਹਿਬ ਲਾਂਘਾ ਇਕਤਰਫਾ ਤੌਰ ਉੱਤੇ ਬਣਾਉਣ ਦਾ ਫੈਸਲਾ ਕਰ ਲਿਆ ਹੈ ਤੇ ਅਗਲੇ ਹਫਤੇ ਇਮਰਾਨ ਖਾਨ ਲਾਂਘੇ ਦਾ ਨੀਂਹ ਪੱਥਰ ਰੱਖਣਗੇ।

**22 ਨਵੰਬਰ 2018** : ਇਸ ਦਿਨ ਦੁਪਹਿਰੇ ਇੰਡੀਆ ਦੀ ਸਰਕਾਰ ਦੀ ਕੈਬਨਟ ਦੀ ਹਫਤਾਵਾਰੀ ਆਮ ਇੱਕਤਰਤਾ ਵਿਚ ਹੀ ਕਰਤਾਰਪੁਰ ਸਾਹਿਬ ਲਾਂਘਾ ਬਣਾਉਣ ਦਾ ਮਤਾ ਪ੍ਰਵਾਨ ਕਰ ਲਿਆ।

**22 ਨਵੰਬਰ 2018** : ਪਾਕਿਸਤਾਨ ਸਰਕਾਰ ਦੇ ਵਿਦੇਸ਼ੀ ਮਾਮਲਿਆਂ ਦੇ ਵਜ਼ੀਰ ਸ਼ਾਹ ਮਹਿਮੂਦ ਕੁਰੈਸ਼ੀ ਨੇ ਵਜ਼ੀਰੇ ਆਜ਼ਮ ਇਮਰਾਨ ਖਾਨ ਵੱਲੋਂ 28 ਨਵੰਬਰ ਨੂੰ ਕਰਤਾਰਪੁਰ ਸਾਹਿਬ ਲਾਂਘੇ ਦਾ ਨੀਂਹ ਪੱਥਰ ਰੱਖਣ ਬਾਰੇ ਐਲਾਨ ਕੀਤਾ। ਉਸਨੇ ਆਪਣੇ ਟਵੀਟ ਵਿਚ ਇਹ ਵੀ ਕਿਹਾ ਕਿ ਪਾਕਿਸਤਾਨ ਸਰਕਾਰ ਨੇ ਆਪਣੇ ਵਾਲੇ ਪਾਸੇ ਕਰਤਾਰਪੁਰ ਸਾਹਿਬ ਲਾਂਘਾ ਬਣਾਉਣ ਦੇ ਫੈਸਲੇ ਤੋਂ ਇੰਡੀਆ ਸਰਕਾਰ ਨੂੰ ਪਹਿਲਾਂ ਹੀ ਜਾਣੂ ਕਰਵਾ ਦਿੱਤਾ ਸੀ।

22 ਨਵੰਬਰ 2018 ਨੂੰ ਹੀ ਚੜ੍ਹਦੇ ਪੰਜਾਬ ਵਿਚਲੀ ਸਰਕਾਰ ਨੇ ਆਪਣੇ ਵਾਲੇ ਪਾਸੇ ਦਾ ਲਾਂਘਾ ਬਣਾਉਣ ਲਈ 26 ਨਵੰਬਰ ਨੂੰ ਨੀਂਹ ਪੱਥਰ ਰੱਖਣ ਬਾਰੇ ਐਲਾਨ ਕੀਤਾ।

**26 ਨਵੰਬਰ 2018** : ਚੜ੍ਹਦੇ ਪੰਜਾਬ ਵਿਚ ਡੇਹਰਾ ਬਾਬਾ ਨਾਨਕ ਵਿਖੇ ਕਰਤਾਰਪੁਰ ਸਾਹਿਬ ਲਾਂਘੇ ਦੀ ਉਸਾਰੀ ਲਈ ਨੀਂਹ ਪੱਥਰ ਰੱਖਿਆ ਗਿਆ।

**28 ਨਵੰਬਰ 2018** : ਲਹਿੰਦੇ ਪੰਜਾਬ ਵਿਚ ਕਰਤਾਰਪੁਰ ਸਾਹਿਬ ਵਿਖੇ ਪਾਕਿਸਤਾਨ ਦੀ ਸਰਕਾਰ ਵੱਲੋਂ ਲਾਂਘੇ ਦੀ ਉਸਾਰੀ ਲਈ ਨੀਂਹ ਪੱਥਰ ਰੱਖਿਆ ਗਿਆ।

**ਪਾਕਿਸਤਾਨ ਵੱਲੋਂ ਲਾਂਘੇ ਦੀ ਤਜਵੀਜ਼ ਖਿਲਾਫ ਇੰਡੀਆ ਦੇ ਵਜ਼ੀਰਾਂ ਤੇ ਸਿਆਸੀ ਨੇਤਾਵਾਂ ਵੱਲੋਂ ਇਲਜ਼ਾਮਤਰਾਸ਼ੀ:**

19 ਅਗਸਤ 2018 ਤੋਂ 22 ਨਵੰਬਰ 2018 ਤੱਕ ਪਾਕਿਸਤਾਨ ਸਰਕਾਰ ਦੇ ਫੈਡਰਲ ਕੈਬਨਟ ਦੇ ਵੀਜ਼ਰਾਂ ਤੇ ਆਲ੍ਹਾ ਅਫਸਰਾਂ ਨੇ ਵਾਰ-ਵਾਰ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਦੀ ਸਹਿਮਤੀ ਦਿੱਤੀ ਜਦਕਿ ਇੰਡੀਆ ਵੱਲੋਂ ਫੈਡਰਲ ਕੈਬਨਟ ਵਜ਼ੀਰਾਂ ਤੇ ਚੜ੍ਹਦੇ ਪੰਜਾਬ ਦੇ ਨੇਤਾਵਾਂ (ਨਿਰਮਲਾ ਸੀਤਾ ਰਮਨ, ਸੰਬਿਤ ਪਾਤਰਾ, ਸ਼ਵੇਤ ਮਲਿਕ, ਹਰਸਿਮਰਤ ਕੌਰ ਬਾਦਲ, ਅਮਰਿੰਦਰ ਸਿੰਘ, ਦਲਜੀਤ ਚੀਮਾ ਵਗੈਰਾ) ਨੇ ਪਾਕਿਤਾਨ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਦੀ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਅਤੇ ਮਿੱਤਰਤਾ ਵਾਲਾ ਮਹੌਲ ਸਿਰਜਣ ਦੀ ਤਜਵੀਜ਼ ਉੱਤੇ ਗੌਰ ਕਰਨ ਦੀ ਬਜਾਏ ਪਾਕਿਸਤਾਨ ਸਰਕਾਰ ਦਾ ਸੁਨੇਹਾ ਲਿਆਉਣ ਵਾਲੇ ਨਵਜੋਤ ਸਿਧੂ ਨੂੰ 'ਦੇਸ਼ ਧ੍ਰੋਹੀ' ਗਰਦਾਨਣ ਉੱਤੇ ਹੀ ਸਾਰਾ ਜ਼ੋਰ ਲਾਈ ਰੱਖਿਆ। ਇਹ ਸਾਰੀ ਇਲਜ਼ਾਮ-ਤਰਾਸ਼ੀ ਪਾਕਿਸਤਾਨ ਨੂੰ ਰਾਖਸ਼ ਦੱਸ ਕੇ ਹਿੰਦੂ ਵੋਟਾਂ ਬਟੋਰਣ ਅਤੇ ਕੇਂਦਰੀ ਹਾਕਮਾਂ ਅੱਗੇ ਆਪਣੀ ਵਫਾਦਾਰੀ ਸਾਬਤ ਕਰਨ ਦੀ ਕਵਾਇਦ ਹੀ ਸੀ।

**ਕਰਤਾਰਪੁਰ ਸਾਹਿਬ ਲਾਂਘੇ ਬਾਰੇ ਇਸ ਵੇਲੇ ਗੱਲ ਅੱਗੇ ਤੁਰਨ ਦੀ ਵਜ੍ਹਾ** : ਸ੍ਰੀ ਗੁਰੂ ਗਰੰਥ ਸਾਹਿਬ ਵਿਚ ਫੁਰਮਾਨ ਹੈ, ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ॥ ਪਿਛਲੇ 71 ਸਾਲ ਤੋਂ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਦੀਆਂ ਅਰਦਾਸਾਂ ਅਕਾਲ ਪੁਰਖ ਨੇ ਸੁਣੀਆਂ ਹਨ ਤੇ ਮਹਾਰਾਜ ਨੇ ਐਸੀ ਕਲਾ ਵਰਤਾਈ ਕਿ ਇਸ ਲਾਂਘੇ ਨੂੰ ਰੋਕਣ ਵਾਲੀਆਂ ਦੋਵੇਂ ਮੁਲਕਾਂ ਦੀਆਂ ਫੌਜਾਂ ਤੇ ਸਿਆਸੀ ਤਾਕਤਾਂ ਅੱਜ ਬੌਣੀਆਂ ਸਾਬਤ ਹੋ ਰਹੀਆਂ ਹਨ। ਅਕਾਲ ਪੁਰਖ ਦੀ ਰਜ਼ਾ ਵਿੱਚ ਅੱਜ ਇਸ ਪੂਰੇ ਖਿੱਤੇ ਦੀ ਰਾਜਨੀਤਕ ਅਤੇ ਆਰਥਕ ਹਾਲਾਤ ਨੇ ਇਹ ਸਥਿਤੀ ਪੈਦਾ ਕਰ ਦਿੱਤੀ ਹੈ ਕਿ ਦੋਵੇਂ ਮੁਲਕਾਂ ਵਿਚ ਬੈਠੇ ਨਫਰਤ ਦੇ ਵਪਾਰੀਆਂ ਦੀਆਂ ਸਾਰੀਆਂ ਚਾਲਾਂ ਅਤੇ ਪ੍ਰਾਪੇਗੈਂਡੇ ਧਰੇ-ਧਰਾਏ ਰਹਿ ਗਏ ਹਨ।

ਸੰਨ 1999 ਤੋਂ ਲੈ ਕੇ 2015 ਤਕ ਇੰਡੀਆ ਦੇ ਵੱਖ-ਵੱਖ ਵਜ਼ੀਰੇ ਆਜ਼ਮਾਂ - ਅਟਲ ਬਿਹਾਰੀ ਵਾਜਪਈ, ਡਾ. ਮਨਮੋਹਨ ਸਿੰਘ ਅਤੇ ਨਰਿੰਦਰ ਮੋਦੀ ਵੱਲੋਂ ਅਤੇ ਪਾਕਿਸਤਾਨ ਦੇ ਵਜ਼ੀਰੇ ਆਜ਼ਮ ਨਵਾਜ਼ ਸ਼ਰੀਫ, ਸਦਰ ਪ੍ਰਵੇਜ਼ ਮੁਸ਼ੱਰਫ ਤੇ ਆਸਿਫ ਅਲੀ ਜ਼ਰਦਾਰੀ ਵੱਲੋਂ ਵੱਖ-ਵੱਖ ਮੌਕਿਆਂ ਉਤੇ ਦੁਵੱਲੇ ਸਬੰਧ ਸੁਧਾਰਨ ਦੀ ਪਹਿਲ-ਕਦਮੀ ਕੀਤੀ ਗਈ ਸੀ। ਅਮਰੀਕਾ ਦੇ ਜਾਰਜ ਬੁਸ਼ ਤੇ

ਬਾਕੀ ਸਫ਼ਾ 28 'ਤੇ

# ਵਿਸ਼ਵ ਹਾਕੀ ਕੱਪ : ਆਸਟਰੇਲੀਆ ਵੱਲੋਂ ਆਪਣੀ ਚਮਕ ਬਰਕਰਾਰ

* ਹਮਲਾਵਰ ਪੰਜਾਬੀ ਖਿਡਾਰੀ ਹੈ ਮਨਦੀਪ ਸਿੰਘ ਮਿੱਠਾਪੁਰ
* ਅਰਜਨਟੀਨਾ ਦੇ ਡਿਫੈਂਡਰ ਗੋਂਜ਼ਾਲੋ ਦੀਆਂ ਧੁੰਮਾਂ ਪਈਆਂ
* ਹਾਲੈਂਡ ਦੇ ਫਾਰਵਰਡ ਜੇਰੋਨ ਹਰਟਜ਼ਬਰਗਰ ਦੀ ਹੈਟ੍ਰਿਕ



ਭੁਵਨੇਸ਼ਵਰ/ਬਿਊਰੋ ਨਿਊਜ਼ :

ਦੋ ਵਾਰ ਦੀ ਚੈਂਪੀਅਨ ਆਸਟਰੇਲੀਆ ਨੇ ਖ਼ਿਤਾਬੀ ਹੈਟ੍ਰਿਕ ਲਈ ਮੁਹਿੰਮ ਨੂੰ ਅੱਗੇ ਵਧਾਉਂਦਿਆਂ ਪੁਰਸ਼ ਹਾਕੀ ਵਿਸ਼ਵ ਕੱਪ ਦੇ ਪੂਲ 'ਬੀ' ਵਿਚ ਇੰਗਲੈਂਡ ਨੂੰ 3-0 ਗੋਲਾਂ ਨਾਲ ਹਾਰ ਦੇ ਕੇ ਆਖਰੀ ਅੱਠਾਂ ਵਿਚ ਥਾਂ ਸੁਰੱਖਿਅਤ ਕਰ ਲਈ ਹੈ। ਆਸਟਰੇਲੀਆ ਦੀ ਟੂਰਨਾਮੈਂਟ ਵਿਚ ਲਗਾਤਾਰ ਇਹ ਦੂਜੀ ਜਿੱਤ ਹੈ। ਇਸ ਜਿੱਤ ਨਾਲ ਆਸਟਰੇਲੀਆ ਛੇ ਅੰਕਾਂ ਨਾਲ ਗਰੁੱਪ 'ਬੀ' ਦੀ ਸੂਚੀ ਵਿੱਚ ਸਿਖ਼ਰ 'ਤੇ ਪਹੁੰਚ ਗਿਆ ਹੈ ਅਤੇ ਉਸ ਦਾ ਕੁਆਰਟਰ ਫਾਈਨਲ ਵਿੱਚ ਪਹੁੰਚਣਾ ਲੱਗਪਗ ਪੱਕਾ ਹੋ ਗਿਆ ਹੈ। ਉਸ ਨੇ ਆਪਣੇ ਪਹਿਲੇ ਮੈਚ ਵਿੱਚ ਆਇਰਲੈਂਡ ਨੂੰ 2-1 ਗੋਲਾਂ ਨਾਲ ਹਰਾਇਆ ਸੀ। ਇਸ ਗਰੁੱਪ ਗੇੜ ਦੇ ਇਕ ਹੋਰ ਮੁਕਾਬਲੇ ਵਿਚ ਚੀਨ ਨੇ ਉਲਟਫੇਰ ਕਰਦਿਆਂ ਆਪਣੇ ਤੋਂ ਉੱਚੀ ਦਰਜੇ ਦੀ ਟੀਮ ਆਇਰਲੈਂਡ ਨੂੰ 1-1 ਗੋਲ ਨਾਲ ਡਰਾਅ 'ਤੇ ਰੋਕ ਦਿੱਤਾ। ਇਸ ਤਰ੍ਹਾਂ ਚੀਨ ਨੇ ਆਪਣੀਆਂ ਕੁਆਰਟਰ ਫਾਈਨਲ ਵਿੱਚ ਪੁੱਜਣ ਦੀਆਂ ਉਮੀਦਾਂ ਕਾਇਮ ਰੱਖੀਆਂ ਹਨ। ਆਇਰਲੈਂਡ ਦੇ ਐਲਨ ਸੋਦਰਨ ਵੱਲੋਂ ਦਾਗ਼ਣ ਤੋਂ ਪਹਿਲਾਂ ਚੀਨ ਦੇ ਜਿਨ ਗੁਆਓ ਨੇ 43ਵੇਂ ਮਿੰਟ ਵਿਚ ਪੈਨਲਟੀ ਕਾਰਨਰ ਰਾਹੀਂ ਗੋਲ ਦਾਗ਼ਿਆ। ਇਹ ਮੈਚ ਡਰਾਅ ਰਹਿਣ ਕਾਰਨ ਵਿਸ਼ਵ ਦੀ 17ਵੇਂ ਨੰਬਰ ਦੀ ਟੀਮ ਚੀਨ ਗਰੁੱਪ ਗੇੜ ਦੇ ਦੂਜੇ ਸਥਾਨ 'ਤੇ ਪਹੁੰਚ ਗਈ ਹੈ। ਇਸ ਤੋਂ ਪਹਿਲਾਂ ਉਸ ਨੇ ਇੰਗਲੈਂਡ ਨਾਲ 2-2 ਗੋਲਾਂ ਨਾਲ ਡਰਾਅ ਖੇਡਿਆ ਸੀ। ਚੀਨ ਦੇ ਦੋ ਅੰਕ ਹਨ, ਜਦੋਂਕਿ ਇੰਗਲੈਂਡ ਅਤੇ ਆਇਰਲੈਂਡ ਦੇ 1-1 ਅੰਕ ਹੀ ਹਨ। ਇੰਗਲੈਂਡ ਲਈ ਇਹ ਹਾਰ ਫ਼ਿਕਰਮੰਦੀ ਵਾਲੀ ਹੈ, ਜਿਸ ਨੇ ਆਪਣਾ ਪਹਿਲਾ ਮੁਕਾਬਲਾ ਕਮਜ਼ੋਰ ਮੰਨੇ ਜਾਣ ਵਾਲੇ ਚੀਨ ਨਾਲ 2-2 ਗੋਲਾਂ ਨਾਲ ਡਰਾਅ ਖੇਡਿਆ ਸੀ। ਆਸਟਰੇਲੀਆ ਆਪਣਾ ਆਖ਼ਰੀ ਲੀਗ ਮੈਚ ਚੀਨ ਖ਼ਿਲਾਫ਼ ਖੇਡੇਗਾ, ਜਦਕਿ ਇੰਗਲੈਂਡ ਦਾ ਸਾਹਮਣਾ ਇਸੇ ਦਿਨ ਆਇਰਲੈਂਡ ਨਾਲ ਹੋਵੇਗਾ। ਵਿਸ਼ਵ ਰੈਂਕਿੰਗ ਵਿੱਚ ਪਹਿਲੇ ਸਥਾਨ 'ਤੇ ਕਾਬਜ਼ ਆਸਟਰੇਲੀਆ ਅਤੇ ਸੱਤਵੀਂ ਰੈਂਕਿੰਗ ਵਾਲੇ ਇੰਗਲੈਂਡ ਵਿਚਾਲੇ ਖੇਡੇ ਗਏ ਮੈਚ ਦਾ ਪਹਿਲਾ ਕੁਆਰਟਰ ਬਹੁਤ ਹੀ ਨਿਰਾਸ਼ ਰਿਹਾ, ਕਿਉਂਕਿ ਦੋਵੇਂ ਟੀਮਾਂ ਵਿਰੋਧੀ ਟੀਮਾਂ ਦੇ ਡਿਫੈਂਸ ਨੂੰ ਸੰਨ੍ਹ ਨਹੀਂ ਲਾ ਸਕੀਆਂ। ਆਸਟਰੇਲੀਆ ਤੀਜੇ ਕੁਆਰਟਰ ਵਿੱਚ ਪੈਨਲਟੀ ਕਾਰਨਰ ਹਾਸਲ ਕਰਨ ਵਿਚ ਸਫਲ ਰਿਹਾ।

**ਹਮਲਾਵਰ ਪੰਜਾਬੀ ਖਿਡਾਰੀ ਹੈ ਮਨਦੀਪ ਸਿੰਘ ਮਿੱਠਾਪੁਰ** : ਹਾਕੀ ਇੰਡੀਆ ਲੀਗ ਵਿਚ ਰਾਂਚੀ ਰ੍ਹੀਨੋਜ਼ ਟੀਮ ਵੱਲੋਂ ਖੇਡਣ ਵਾਲੇ ਮਨਦੀਪ ਸਿੰਘ ਮਿੱਠਾਪੁਰ ਨੂੰ ਕੌਮੀ ਟੀਮ ਦਾ ਭਰੋਸੇਮੰਦ ਹਮਲਾਵਰ ਖਿਡਾਰੀ ਮੰਨਿਆ ਜਾ ਰਿਹਾ ਹੈ। ਖ਼ੁਦ ਨੂੰ ਸਾਬਿਤ ਕਰਨ ਲਈ ਮਨਦੀਪ ਸਿੰਘ ਨੇ ਸੀਨੀਅਰ ਹਾਕੀ ਟੀਮ ਨਾਲ 105 ਮੈਚਾਂ ਵਿੱਚ 42 ਫੀਲਡ ਗੋਲ ਦਾਗ਼ੇ ਹਨ। ਉਸ ਨੇ ਇੰਡੀਆ ਹਾਕੀ ਲੀਗ ਦੌਰਾਨ 15 ਮੈਚਾਂ 'ਚ ਸ਼ਾਨਦਾਰ 12 ਮੈਦਾਨੀ ਗੋਲ ਕੀਤੇ ਹਨ। ਕਰਿਸ਼ਮਈ ਹਾਕੀ ਖੇਡਣ ਦੇ ਮਾਲਕ ਮਨਦੀਪ ਸਿੰਘ ਨੇ ਸਮੇਂ ਦੇ ਨਾਲ-ਨਾਲ ਆਪਣੀ ਖੇਡ ਨੂੰ ਵੀ ਤਰਾਸ਼ਿਆ ਹੈ। 25 ਜਨਵਰੀ 1995 ਨੂੰ ਜਲੰਧਰ ਜ਼ਿਲ੍ਹੇ ਦੇ ਪਿੰਡ ਮਿੱਠਾਪੁਰ 'ਚ ਜਨਮੇ ਮਨਦੀਪ ਸਿੰਘ ਨੇ ਸੁਰਜੀਤ ਸਿੰਘ ਹਾਕੀ ਅਕੈਡਮੀ ਜਲੰਧਰ ਤੋਂ ਯੂਥ ਕਰੀਅਰ ਦਾ ਆਗਾਜ਼ ਕੀਤਾ। ਮਨਦੀਪ ਸਿੰਘ ਨੇ 18 ਫਰਵਰੀ 2013 ਨੂੰ ਵਿਸ਼ਵ ਹਾਕੀ ਲੀਗ ਵਿੱਚ ਫ਼ਿਜ਼ੀ ਵਿਰੁੱਧ ਸੀਨੀਅਰ ਭਾਰਤੀ ਟੀਮ ਵਿੱਚ ਪਹਿਲੀ ਵਾਰ ਖੇਡਿਆ। ਇਸ ਤੋਂ ਦੋ ਦਿਨਾਂ ਬਾਅਦ (20 ਫਰਵਰੀ 2013) ਉਸ ਨੇ ਓਮਾਨ ਖ਼ਿਲਾਫ਼ ਪਲੇਠਾ ਕੌਮਾਂਤਰੀ ਗੋਲ ਦਾਗ਼ਿਆ। ਮਨਦੀਪ ਸਿੰਘ ਨੂੰ ਪਹਿਲੇ ਕੌਮਾਂਤਰੀ ਹਾਕੀ ਟੂਰਨਾਮੈਂਟ 'ਚ 'ਬੈਸਟ ਜੂਨੀਅਰ ਹਾਕੀ ਪਲੇਅਰ ਆਫ ਦਿ ਸੀਜ਼ਨ:2012-14' ਦਾ ਖ਼ਿਤਾਬ ਦਿੱਤਾ ਗਿਆ। ਅਗਲੀ ਪਾਲ 'ਚ ਤੂਫ਼ਾਨੀ ਗੇਮ ਖੇਡਣ ਦਾ ਮਾਲਕ ਫਾਰਵਰਡ ਮਨਦੀਪ ਸਿੰਘ ਵਿਰੋਧੀ ਪੋਸਟ 'ਤੇ ਨਿਸ਼ਾਨਾ ਸਾਧ ਕੇ ਅੱਖ ਦੇ ਫੋਰੇ ਨਾਲ ਗੋਲ ਦਾਗ਼ ਦਿੰਦਾ ਹੈ। 23 ਬਸੰਤਾਂ ਹੰਢਾਅ ਚੁੱਕਿਆ ਸਟਰਾਈਕਰ ਮਨਦੀਪ ਸਿੰਘ ਲੰਡਨ ਵਿਸ਼ਵ ਹਾਕੀ ਚੈਂਪੀਅਨਜ਼ ਟਰਾਫੀ-2016 ਅਤੇ ਰੋਬੋ ਬੈਂਕ ਵਿਸ਼ਵ ਹਾਕੀ ਚੈਂਪੀਅਨਜ਼ ਟਰਾਫੀ (ਹਾਲੈਂਡ) ਬਰੇਡਾ-2018 'ਚ ਕ੍ਰਮਵਾਰ ਚਾਂਦੀ ਦੇ ਤਗ਼ਮੇ ਜਿੱਤਣ ਵਾਲੀ ਸੀਨੀਅਰ ਹਾਕੀ ਟੀਮ ਦੀ ਪ੍ਰਤੀਨਿੱਧਤਾ ਕਰ ਚੁੱਕਿਆ ਹੈ।

**ਅਰਜਨਟੀਨਾ ਦੇ ਡਿਫੈਂਡਰ ਗੋਂਜ਼ਾਲੋ ਦੀਆਂ ਧੁੰਮਾਂ ਪਈਆਂ** : ਦੁਨੀਆ ਦੀ ਹਾਕੀ 'ਚ ਅਰਜਨਟੀਨਾ ਦੇ ਖਿਡਾਰੀ ਡਿਫੈਂਡਰ ਗੋਂਜ਼ਾਲੋ ਪਈਲਟ ਨੂੰ ਇਸ ਸਮੇਂ ਬਿਹਤਰੀਨ ਡਰੈਗ ਫਲਿੱਕਰ ਮੰਨਿਆ ਜਾ ਰਿਹਾ ਹੈ। ਗੋਂਜ਼ਾਲੋ ਨੇ ਕਈ ਵਾਰ ਇਹ ਸਾਬਤ ਕੀਤਾ ਹੈ ਕਿ ਜੇ ਉਹ ਆਈ 'ਤੇ ਆ ਜਾਵੇ ਤਾਂ ਉਸ ਨੂੰ ਪੈਨਲਟੀ ਕਾਰਨਰ ਤੋਂ ਗੋਲ ਕਰਨ ਤੋਂ ਕੋਈ ਨਹੀਂ ਰੋਕ ਸਕਦਾ। ਜੇ ਇਹ ਕਿਹਾ ਜਾਵੇ ਕਿ ਗੋਂਜ਼ਾਲੋ ਪਈਲਟ ਡਰੈਗ ਫਲਿੱਕਾਂ ਰਾਹੀਂ ਗੋਲ ਕਰਕੇ ਆਪਣਾ ਸਿੱਕਾ ਚਲਾ ਰਿਹਾ ਹੈ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਹਾਕੀ ਮਾਹਿਰਾਂ ਦਾ ਮੰਨਣਾ ਹੈ ਕਿ ਪਈਲਟ ਅਜਿਹਾ ਦਮਦਾਰ ਖਿਡਾਰੀ ਹੈ, ਜੋ ਡਰੈਗ ਫਲਿੱਕਾਂ ਦੇ ਸਹਾਰੇ ਕਿਸੇ ਵੀ ਮਜ਼ਬੂਤ ਟੀਮ ਦਾ ਬਿਸਤਰਾ ਗੋਲ ਕਰ ਸਕਦਾ ਹੈ। ਭੁਬਨੇਸ਼ਵਰ ਵਿਸ਼ਵ ਕੱਪ ਦੌਰਾਨ ਵਿਰੋਧੀ ਟੀਮਾਂ ਦੇ ਖੇਮਿਆਂ ਵਿੱਚ ਇਸ ਗੱਲ ਦੀ ਚਰਚਾ ਹੈ ਕਿ ਗੋਂਜ਼ਾਲੋ ਪਈਲਟ ਨੂੰ ਪੈਨਲਟੀ ਕਾਰਨਰ 'ਤੇ ਗੋਲ ਕਰਨ ਤੋਂ ਕਿਵੇਂ ਰੋਕਿਆ ਜਾਵੇ? 18 ਸਾਲ ਦੀ ਉਮਰ ਵਿਚ ਪਈਲਟ ਨੇ ਲੰਡਨ ਓਲੰਪਿਕ-2012 ਦੌਰਾਨ ਸੀਨੀਅਰ ਕੌਮੀ ਹਾਕੀ ਟੀਮ ਵਿੱਚ ਥਾਂ ਬਣਾਈ। ਬਿਊਨਸ ਆਇਰਸ 'ਚ 12 ਅਗਸਤ 1992 ਨੂੰ ਜਨਮੇ ਪਈਲਟ ਨੇ 2014 ਵਿਸ਼ਵ ਹਾਕੀ ਕੱਪ 'ਚ ਟੀਮ ਦੀ ਨੁਮਾਇੰਦਗੀ ਕੀਤੀ। ਹਾਲਾਂਕਿ ਅਰਜਨਟੀਨਾ ਟੀਮ ਦੇ ਪੱਲੇ ਤਾਂਬੇ ਦਾ ਤਗ਼ਮਾ ਹੀ ਪਿਆ ਸੀ। ਹੇਗ 'ਚ ਹੋਏ ਇਸ ਟੂਰਨਾਮੈਂਟ ਦੌਰਾਨ ਗੋਂਜ਼ਾਲੋ 10 ਗੋਲ ਦਾਗ਼ ਕੇ 'ਟਾਪ ਸਕੋਰਰ' ਰਿਹਾ ਸੀ। ਰੀਓ ਓਲੰਪਿਕ ਖੇਡਾਂ ਦੌਰਾਨ ਵੀ ਗੋਂਜ਼ਾਲੋ ਦੀਆਂ ਡਰੈਗ ਫਲਿੱਕਾਂ ਦਾ ਜਾਦੂ ਸਿਰ ਚੜ੍ਹ ਬੋਲਿਆ। ਪਈਲਟ ਦੇ ਦਰਜਨ ਦੇ ਕਰੀਬ ਪੈਨਲਟੀ ਕਾਰਨਰਾਂ ਨੂੰ ਗੋਲਾਂ 'ਚ ਬਦਲਣ ਦੀ ਬਦੌਲਤ ਅਰਜਨਟੀਨਾ ਨੇ ਪਹਿਲੀ ਵਾਰ ਓਲੰਪਿਕ ਹਾਕੀ 'ਚ ਗੋਲਡ ਮੈਡਲ ਜਿੱਤਿਆ। ਇਨ੍ਹਾਂ ਦੋਵਾਂ ਟੂਰਨਾਮੈਂਟਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਦੀ ਬਦੌਲਤ ਗੋਂਜ਼ਾਲੋ ਨੂੰ ਭੁਬਨੇਸ਼ਵਰ ਵਰਲਡ ਹਾਕੀ ਲੀਗ-2016-17 'ਚ ਚਾਂਦੀ, ਲਾਨਚੈਸਟਰ-2017 ਪੈਨ ਅਮਰੀਕਨ ਹਾਕੀ ਕੱਪ ਅਤੇ ਟੋਰਾਂਟੋ-2015 ਦੀਆਂ ਪੈਨ ਅਮਰੀਕਨ ਗੇਮਜ਼ ਵਿੱਚ ਸੋਨ ਤਗ਼ਮੇ ਜੇਤੂ ਹਾਕੀ ਟੀਮ ਦੀ ਨੁਮਾਇੰਦਗੀ ਕਰਨ ਦਾ ਹੱਕ ਹਾਸਲ ਹੋਇਆ।

## ਹਾਲੈਂਡ ਦੇ ਫਾਰਵਰਡ ਜੇਰੋਨ ਹਰਟਜ਼ਬਰਗਰ ਦੀ ਹੈਟ੍ਰਿਕ

ਹਾਲੈਂਡ ਦਾ ਫਾਰਵਰਡ ਜੇਰੋਨ ਹਰਟਜ਼ਬਰਗਰ ਨੇ ਭੁਵਨੇਸ਼ਵਰ ਵਿਸ਼ਵ ਹਾਕੀ ਕੱਪ ਵਿਚ ਗੋਲਾਂ ਦੀ ਹੈਟ੍ਰਿਕ ਲਾ ਕੇ ਵਿਸ਼ਵ ਭਰ ਦੇ ਹਾਕੀ ਪ੍ਰੇਮੀਆਂ ਦਾ ਦਿਲ ਜਿੱਤ ਲਿਆ ਹੈ। ਉਹ ਇਸ ਵਿਸ਼ਵ ਕੱਪ ਵਿਚ ਅਜਿਹਾ ਕਾਰਨਾਮਾ ਕਰਨ ਵਾਲਾ ਪਹਿਲਾ ਖਿਡਾਰੀ ਬਣ ਗਿਆ ਹੈ। 32 ਸਾਲਾ ਜੇਰੋਨ ਨੇ ਇਹ ਕਾਰਨਾਮਾ ਮਲੇਸ਼ੀਆ ਵਿਰੁਧ ਖੇਡੇ ਪੂਲ ਗੇੜ ਦੌਰਾਨ (ਮੈਚ ਦੇ 11ਵੇਂ, 29ਵੇਂ ਤੇ 60ਵੇਂ ਮਿੰਟ) ਕੀਤਾ। ਵਿਰੋਧੀ ਖੇਮੇ ਦੇ ਦੋਵੇਂ ਖੂੰਜਿਆਂ 'ਤੇ ਤੂਫਾਨੀ ਹਾਕੀ ਖੇਡਣ ਵਾਲੇ ਡੱਚ ਸਟਰਾਈਕਰ ਨੂੰ ਵਿਸ਼ਵ ਹਾਕੀ ਵਿਚ ਖੱਬੀਖਾਨ ਖਿਡਾਰੀ ਮੰਨਿਆ ਜਾਂਦਾ ਹੈ। ਜੇਰੋਨ ਹਾਲੈਂਡ ਟੀਮ 'ਚ ਵਡੇਰੀ ਉਮਰ ਦਾ ਤਜਰਬੇਕਾਰ ਖਿਡਾਰੀ ਹੈ। ਉਸ ਦਾ ਜਨਮ ਹਾਕੀ ਦੇ ਮੱਕੇ ਵਜੋਂ ਜਾਣੇ ਜਾਂਦੇ ਹਾਲੈਂਡ ਦੇ ਸ਼ਹਿਰ ਰੋਟਰਡਮ ਵਿੱਚ 24 ਫਰਵਰੀ 1986 ਨੂੰ ਹੋਇਆ ਸੀ। ਇਸ ਘਾਗ ਖਿਡਾਰੀ ਨੇ ਦੋ ਵਿਸ਼ਵ ਹਾਕੀ ਟੂਰਨਾਮੈਂਟ (ਬਾਕੀ ਸਫ਼ਾ 28 'ਤੇ)







# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**




# Vanishing Deductible for your safe driving side.



Harjot Khalsa
Khalsa Insurance Agency
OBO3546
(408) 272-2500
harjot@khalsainsurance.com

**For your many sides, there's Nationwide.**
insurance | banking | retirement

Nationwide® is on your side




# 1984 ਅਣਚਿਤਵਿਆ ਕਹਿਰ

audiobook

## ਬੋਲਦੀ ਕਿਤਾਬ

ਅੱਜ ਦੇ ਤੇਜੀ ਦੇ ਸਮੇਂ ਵਿਚ ਸਿੱਖ ਸਿਆਸਤ ਵੱਲੋਂ ਪਾਠਕਾਂ/ਸਰੋਤਿਆਂ ਲਈ
ਚੋਣਵੀਆਂ ਪੜ੍ਹਨਯੋਗ ਕਿਤਾਬਾਂ ਆਵਾਜ਼ ਰੂਪ ਵਿਚ ਪੇਸ਼ ਕੀਤੀਆ ਜਾ ਰਹੀਆਂ ਹਨ।

ਇਹ ਬੋਲਦੀਆਂ ਕਿਤਾਬਾਂ ਸਿੱਖ ਸਿਆਸਤ ਦੀ ਐਡਰਾਇਡ ਐਪ ਰਾਹੀਂ ਸਲਾਨਾ ਭੇਟਾ ਤਾਰ ਕੇ ਸੁਣੀਆਂ ਜਾ ਸਕਦੀਆਂ ਹਨ।

## ਬੋਲਦੀਆਂ ਕਿਤਾਬਾਂ ਸੁਣਨ ਲਈ

(1) ਸਿੱਖ ਸਿਆਸਤ ਦੀ ਐਡਰਾਇਡ ਐਪ ਗੁਗਲ ਪਲੇਅ ਸਟੋਰ Google Play ਤੋਂ ਹਾਸਲ ਕਰੋ।
(2) ਐਪ ਵਿੱਚੋਂ ਸੱਜੇ ਪਾਸੇ ਉਪਰ ਬਣੇ ਨਿਸ਼ਾਨ ਦੱਬ ਕੇ ਸਲਾਨਾ ਭੇਟਾ ਤਾਰੋ।
(3) ਭੇਟਾ ਤਾਰਨ ਤੋਂ ਬਾਅਦ ਤੁਸੀਂ ਬੋਲਦੀਆਂ ਕਿਤਾਬਾਂ ਸੁਣ ਸਕੋਗੇ।
ਸਿੱਖ ਸਿਆਸਤ ਦੀ ਐਪ ਤੇ ਤੁਸੀਂ ਰੋਜ਼ਾਨਾ ਅੰਗਰੇਜ਼ੀ ਅਤੇ ਪੰਜਾਬੀ ਵਿਚ ਖਬਰਾਂ ਵੀ ਪੜ੍ਹ ਸਕਦੇ ਹੋ ਤੇ ਸਿੱਖ ਸਿਆਸਤ ਦੇ ਵੀਡੀਓ ਬਿਲਕੁਲ ਮੁਫਤ ਵੇਖ ਸਕਦੇ ਹੋ।



ਹੋਰਨਾਂ ਲੇਖਾਂ ਲਈ ਸਿੱਖ ਸਿਆਸਤ ਨਾਲ ਜੁੜੋ:

+91-855-606-7689 /sikhsiyasat /sikhsiyasat /sikhsiyasat m.me/sikhsiyasat Websites: www.sikhsiyasat.net | www.sikhsiyasat.info | www.sikhsiyasat.com





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.





## NATIONAL ACCOUNT TIRE SAVINGS AND BENEFITS

As a Trans-Alliance customer, you have access to our national accounts with most major tire brands.

The Gold Program allows you to purchase premium tires at **deep discounts**. In addition to stock purchases, you also have access to your pricing over-the-road. **Save an average of $40/tire.**

**Consistent Nationwide Pricing**
Pay the same low price whether you buy over-the-road or at your local dealer.

**24/7/365 Coverage**
Call us around the clock, and get access to our emergency roadside service program.

**No Minimum Purchases**
Buy only the number of tires you want at any given time.

**Retain Your Local Service**
Buy and receive service from your local dealer, and receive our national account service pricing.

— Save on top brands, like —

MICHELIN · Continental · GOODYEAR · BFGoodrich · GENERAL TIRE · DUNLOP · YOKOHAMA · KUMHO TIRES · ROADMASTER TIRES

## Trans-Alliance knows that every dollar counts.

That's why they want to help you save on your tire purchases. Trans-Alliance customers receive nationwide discounts and benefits with most major tire brands.

Don't overpay for your tires. Contact Trans-Alliance today to learn more and request a free quote.

sales@trans-alliance.com

(855) 641-6955


TRANS-ALLIANCE
TOGETHER WE SAVE
SAVE UPTO 24¢
PER GALLON ON DIESEL
TRANS-ALLIANCE
KHALSA FUEL CARD
1243 6756 7698 3421
TRANS EXPRESS
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO Stopping Centers
TA TravelCenters of America
Love's Travel Stops & Country Stores

# ਪੰਜਾਬ ਨੂੰ ਮੌਜੂਦਾ ਸੰਕਟ ਵਿਚੋਂ ਕੱਢਣ ਲਈ ਬੁੱਧੀਜੀਵੀਆਂ ਨੂੰ ਫਰਜ਼ ਨਿਭਾਉਣ ਦਾ ਸੱਦਾ

## ਕਾਮਰੇਡ ਸੁਮੇਲ ਸਿੱਧੂ ਨੇ ਸਿੱਖ ਕੌਮ ਦੇ 'ਜ਼ਖਮਾਂ 'ਤੇ ਲੂਣ ਛਿੜਕਿਆ', ਅਖੇ ਸਿੱਖ ਆਪਣੇ ਜ਼ਖਮਾਂ ਦੀ ਨੁਮਾਇਸ਼ ਲਾਉਂਦੇ ਹਨ

**ਚੰਡੀਗੜ੍ਹ/ਬਿਊਰੋ ਨਿਊਜ਼ :**
'ਸੰਕਟਗ੍ਰਸਤ' ਸਿੱਖ ਸਮਾਜ ਉਤੇ ਚਿੰਤਤ ਬੁੱਧੀਜੀਵੀ ਵਰਗ ਵੱਲੋਂ ਇੰਸਟੀਚਿਊਟ ਆਫ ਸਿੱਖ ਸਟੱਡੀਜ਼, ਚੰਡੀਗੜ੍ਹ ਵਿੱਚ ਦੋ ਰੋਜ਼ਾ ਸੈਮੀਨਾਰ ਕਰਵਾਇਆ ਗਿਆ। ਬਹੁਤੇ ਬੁੱਧੀਜੀਵੀਆਂ ਨੇ ਪੰਜਾਬ ਤੇ ਸਿੱਖ ਸਮਾਜ ਵਿਚ ਪੈਦਾ ਹੋਈਆਂ ਆਰਥਿਕ, ਸਮਾਜਿਕ ਤੇ ਧਾਰਮਿਕ ਸਮੱਸਿਆਵਾਂ ਲਈ ਹਿੰਦੂਤਵ ਦੀ ਫਿਰਕਾਪ੍ਰਸਤੀ ਵਾਲੀ ਰਾਜਨੀਤੀ ਤੇ ਅਕਾਲੀ ਲੀਡਰਸ਼ਿਪ ਦੀ ਸੱਤਾ ਦੇ ਲਾਲਚ ਵਾਲੀ ਮੌਕਾਪ੍ਰਸਤੀ ਨੂੰ ਦੋਸ਼ੀ ਠਹਿਰਾਇਆ। ਕਿਹਾ ਕਿ ਅਜਿਹੀ ਮੌਕਾਪ੍ਰਸਤ ਲੀਡਰਸ਼ਿਪ ਵੱਲੋਂ ਪੰਜਾਬ ਵਰਗੇ ਖੇਤੀਬਾੜੀ ਪ੍ਰਧਾਨ ਸੂਬੇ ਲਈ ਅੰਨ੍ਹੇਵਾਹ ਸ਼ਹਿਰੀਕਰਨ ਦੇ ਵਿਕਾਸ ਦਾ ਮਾਡਲ ਚੁਣਨ, ਪੜ੍ਹੀ-ਲਿਖੀ ਨੌਜੁਆਨ ਪੀੜ੍ਹੀ ਲਈ ਰੁਜ਼ਗਾਰ ਦੇ ਮੌਕੇ ਖਤਮ ਕਰਨ, ਨਿੱਜੀ ਸਿਆਸੀ ਮੁਫਾਦ ਲਈ ਸਿੱਖ ਗੁਰਦੁਆਰਿਆਂ ਦੀ ਦੌਲਤ ਤੇ ਸਾਧਨਾਂ ਦੀ ਕਥਿਤ ਦੁਰਵਰਤੋਂ ਕਰਨ, ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦਾ ਸਿਆਸੀਕਰਨ ਕਰਨ, ਸਿੱਖ ਤਖ਼ਤਾਂ 'ਤੇ 'ਆਪਣੇ' ਜਥੇਦਾਰਾਂ ਦੀਆਂ ਨਿਯੁਕਤੀਆਂ ਕਰਨ, ਸਜ਼ਾ ਭੁਗਤ ਚੁੱਕੇ ਸਿੱਖ ਨੌਜੁਆਨਾਂ ਦੀ ਰਿਹਾਈ ਦੀ ਮੰਗ ਨਾ ਮਨਵਾਉਣ ਸਣੇ ਪੰਜਾਬ ਨੂੰ ਡੂੰਘੇ ਆਰਥਿਕ ਸੰਕਟ ਵਿਚ ਧੱਕਿਆ ਗਿਆ।

ਪਹਿਲੇ ਸੈਸ਼ਨ ਦੀ ਪ੍ਰਧਾਨਗੀ ਕਰਨ ਵਾਲੇ ਵਿਦੇਸ਼ ਮੰਤਰਾਲੇ ਦੇ ਸਾਬਕਾ ਸਕੱਤਰ ਕੇ ਸੀ ਸਿੰਘ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਐੱਸਜੀਪੀਸੀ ਅਤੇ ਅਕਾਲ ਤਖ਼ਤ ਸਾਹਿਬ ਜਿਹੀਆਂ ਧਾਰਮਿਕ ਸੰਸਥਾਵਾਂ ਨੂੰ ਸਿਆਸਤ ਦੀ ਗ੍ਰਿਫ਼ਤ ਵਿਚੋਂ ਕੱਢਣਾ ਸਮੇਂ ਦੀ ਮੰਗ ਹੈ। ਸੈਮੀਨਾਰ ਦੇ ਮੁੱਖ ਮਹਿਮਾਨ ਸੁਰਜੀਤ ਪਾਤਰ, ਸੇਵਾਮੁਕਤ ਆਈਏਐੱਸ ਅਧਿਕਾਰੀ ਗੁਰਜੀਤ ਸਿੰਘ ਚੀਮਾ, ਇਤਿਹਾਸਕਾਰ ਸੁਮੇਲ ਸਿੱਧੂ, ਬੀਰ ਦਵਿੰਦਰ ਸਿੰਘ ਤੇ ਹੋਰ ਬੁੱਧੀਜੀਵੀਆਂ ਨੇ ਆਪਣੇ ਵਿਚਾਰ ਪੇਸ਼ ਕੀਤੇ।

ਜਸਪਾਲ ਸਿੰਘ ਸਿੱਧੂ ਨੇ ਭਾਰਤੀ ਸਟੇਟ ਵੱਲੋਂ ਸਿੱਖ ਧਰਮ ਨੂੰ ਸੰਵਿਧਾਨ ਦੀ ਧਾਰਾ 25 (ਬੀ) ਅਧੀਨ ਹਿੰਦੂ ਧਰਮ ਨਾਲ ਰਲਗੱਡ ਕਰਕੇ ਸਿੱਖ ਧਰਮ ਦੀ ਆਜ਼ਾਦ ਹਸਤੀ ਨੂੰ ਖਤਮ ਕਰਨ, ਪਾਣੀਆਂ ਦੀ ਕਾਣੀ ਵੰਡ ਕਰਕੇ ਪੰਜਾਬ ਨੂੰ ਵੱਡੇ ਉਦਯੋਗਾਂ ਤੋਂ ਵਾਂਝਾ ਕਰ ਕੇ ਹਰ ਤਰ੍ਹਾਂ ਦੇ ਵਿਤਕਰੇ ਦਾ ਸ਼ਿਕਾਰ ਕਰਨ ਤੇ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੇ ਅਕਾਲੀ ਦਲ 'ਤੇ ਪੰਜਾਬ ਅਤੇ ਸਿੱਖ ਹੱਕਾਂ ਦੀ ਰਾਖੀ ਨਾ ਕਰਨ ਦੇ ਦੋਸ਼ ਲਾਏ।

ਡਾਕਟਰ ਸਵਰਾਜ ਸਿੰਘ ਨੇ ਆਪਣੇ ਪਰਚੇ ਵਿਚ ਸਿੱਖ ਸਮਾਜ ਵਿਚੋਂ ਸਿੱਖ ਮੂਲਤਾਵਾਂ, ਸਰੂਪ ਤੇ ਸੱਭਿਆਚਾਰ ਨੂੰ ਬਹੁਤ ਤੇਜ਼ੀ ਨਾਲ ਲੱਗ ਰਹੇ ਖੋਰੇ ਤੇ ਨੈਤਿਕ ਗਿਰਾਵਟ ਵੱਲ ਸਰੋਤਿਆਂ ਦਾ ਧਿਆਨ ਖਿੱਚਿਆ। ਭਾਈ ਅਸ਼ੋਕ ਸਿੰਘ ਬਾਗੜੀਆਂ ਨੇ ਸਿੱਖ ਸਮਾਜ ਨੂੰ ਸਿੱਖ ਬੁੱਧੀਜੀਵੀਆਂ ਵੱਲੋਂ ਸਹੀ ਸੇਧ ਦੇਣ ਦੀ ਨਸੀਹਤ ਦਿੱਤੀ। ਪ੍ਰੋਫੈਸਰ ਕੁਲਵੰਤ ਸਿੰਘ ਨੇ ਸਿੱਖ ਸਿਆਸਤ, ਧਰਮ ਤੇ ਸਮਾਜ ਵਿਚ ਆਏ ਸਾਰੇ ਵਿਗਾੜਾਂ ਦੀ ਸਹੀ ਨਿਸ਼ਾਨਦੇਹੀ ਕਰਨ ਤੇ ਸਿੱਖ ਸਮਾਜ ਵਿੱਚ ਸੰਸਥਾਗਤ, ਸਮਾਜਿਕ ਤੇ ਧਾਰਮਿਕ ਸੁਧਾਰ ਕਰਨ ਲਈ ਸਿੱਖ ਬੁੱਧੀਜੀਵੀਆਂ ਨੂੰ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਣ ਤੇ ਨਿਭਾਉਣ ਲਈ ਕਿਹਾ।

**ਸੁਮੇਲ ਸਿੱਧੂ ਨੇ ਸਿੱਖਾਂ ਨੂੰ ਪੰਜਾਬ ਸੰਤਾਪ ਦਾ ਜ਼ਿੰਮੇਵਾਰ ਕਿਹਾ** : ਸੁਮੇਲ ਸਿੱਧੂ ਨੇ ਸੈਮੀਨਾਰ ਦੌਰਾਨ ਕਿਹਾ ਕਿ ਪੰਜਾਬ ਸੰਕਟ ਤੇ ਪੰਜਾਬ ਸੰਤਾਪ ਦੇ ਜ਼ਿੰਮੇਵਾਰ ਸਿੱਖ ਹੀ ਹਨ। ਸਿੱਖ ਆਪਣੇ ਜ਼ਖਮਾਂ ਦੀ ਨੁਮਾਇਸ਼ ਲਾਉਂਦੇ ਹਨ। ਇਹ ਹੁਣ ਕਾਮਰੇਡਾਂ ਨੂੰ , ਲੇਖਕਾਂ ਨੂੰ ਨਵਾਂ ਚਿੰਤਨ ਗਾਉਣ ਨਹੀਂ ਦਿੰਦੇ। ਉਹ ਕਹਿੰਦੇ ਹਨ ਕਿ ਸਿੱਖਾਂ ਨੇ ਹਥਿਆਰਬੰਦ ਲਹਿਰ ਚਲਾ ਕੇ ਪੰਜਾਬ ਨੂੰ ਤਬਾਹੀ ਦੇ ਮੋੜ ਤੇ ਖੜ੍ਹਾ ਕੀਤਾ। ਸਿੱਧੂ ਜੀ ਦਾ ਥੀਸਸ ਭਗਵੇਂ ਰਾਸ਼ਟਰਵਾਦੀਆਂ ਦੇ ਚਿੰਤਨ ਤੇ ਥਾਟ ਦਾ ਹੀ ਹਿੱਸਾ ਜਾਪਦਾ ਹੈ। ਇਸ ਮੌਕੇ ਜਸਪਾਲ ਸਿੰਘ ਸਿੱਧੂ ਨੇ ਸੁਮੇਲ ਸਿੱਧੂ ਦੇ ਵਿਚਾਰਾਂ ਦਾ ਵਿਰੋਧ ਕੀਤਾ ਤੇ ਪੰਜਾਬ ਸੰਤਾਪ ਲਈ ਕੇਂਦਰ ਨੂੰ ਦੋਸ਼ੀ ਠਹਿਰਾਇਆ। ਸੁਮੇਲ ਸਿੱਧੂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਤੋਂ ਪੜ੍ਹੇ ਇਤਿਹਾਸਕਾਰ ਹਨ। ਕਹਿੰਦੇ ਹਨ ਕਿ ਇਥੋਂ ਦੀ ਯੂਨੀਵਰਸਿਟੀ ਦੇ ਪੜ੍ਹੇ ਲਿਖੇ ਲੋਕਾਂ ਦੀ ਸੋਚਣੀ ਬਹੁਤ ਵਿਸ਼ਾਲ ਹੁੰਦੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਯੂਨੀਵਰਸਿਟੀ ਦਾ ਥਾਟ ਪੂਰੇ ਭਾਰਤ ਦੀ ਅਗਵਾਈ ਕਰਦਾ ਹੈ।

**ਜੋ ਸਿੱਧੂ ਕਹਿ ਰਿਹਾ ਹੈ, ਕੀ ਇਹ ਅੰਤਮ ਸੱਚ ਹੈ ?** : ਵੈਸੇ ਬਹੁਤੇ ਖੱਬੇ ਪੱਖੀ ਵੀ ਇਸ ਭਰਮ ਜਾਲ ਵਿਚ ਹਨ ਕਿ ਸਿੱਖ ਕੌਮ ਅਨਪੜ੍ਹਾਂ ਦੀ ਕੌਮ ਹੈ। ਇਸੇ ਨਜ਼ਰੀਏ ਤੋਂ ਉਹ ਗੁਰੂ ਨਾਨਕ ਚਿੰਤਨ ਵਿਚੋਂ ਇਨਕਲਾਬ ਭਾਲਣ ਦੀ ਥਾਂ ਹੀਰਵੰਨੇ ਚਿੰਤਨ ਵਿਚੋਂ ਇਨਕਲਾਬ ਭਾਲ ਰਹੇ ਹਨ। ਸਿੱਧੂ ਦਾ ਚਿੰਤਨ ਹੈ ਕਿ ਪੰਜਾਬ ਜਾਂ ਦੁਨੀਆ ਦਾ ਇਨਕਲਾਬ ਹੀਰਨੁਮਾ ਚਿੰਤਨ ਵਿਚੋਂ ਪ੍ਰਗਟ ਹੋ ਸਕਦਾ ਹੈ। ਅਜਿਹਾ ਸੋਚਣਾ ਜਾਂ ਦੇਖਣਾ ਸੂਰਜ ਅੱਗੇ ਨਕਲੀ ਸੂਰਜ ਪੈਦਾ ਕਰਨਾ ਹੈ। ਇਹ ਆਪਣੀ ਅਗਾਂਹਵਧੂ ਸੋਚਣੀ ਨਾਲ ਮਜ਼ਾਕ ਹੈ। ਕਈ ਲੇਖਕ ਸਭਾਵਾਂ ਦੀਆਂ ਇਹੋ ਜਿਹੀਆਂ "ਲੁਕ ਲੁਕ ਲਾਈਆਂ ਪਰਗਟ ਹੋਈਆਂ" ਕਹਾਣੀਆਂ ਇਨਕਲਾਬ ਨਹੀਂ ਬਣ ਸਕੀਆਂ। ਮਾਡਰਨ ਰਾਂਝਿਆਂ ਕਾਰਨ ਹੀਰਾਂ ਦਾ ਦੁਖਾਂਤ ਪਰਗਟ ਹੋ ਰਿਹਾ। ਇਸ ਸਬੰਧ ਵਿਚ ਵੱਡਾ ਕਲਾਸੀਕਲ ਨਾਵਲ ਲਿਖਿਆ ਜਾ ਸਕਦਾ ਹੈ। ਇਸ਼ਕ ਮਨੁੱਖ ਦੀ ਫਿਤਰਤ ਹੈ ਪਰ ਸਮਾਜ ਦੀ ਖੁਰਾਕ ਨਹੀਂ ਕਿ ਮਨੁੱਖ ਨਿੱਜੀ ਇਸ਼ਕ ਕਰਕੇ ਬੇਗਮਪੁਰਾ ਜਾਂ ਹਲੇਮੀ ਰਾਜ ਦਾ ਇਨਕਲਾਬ ਸਿਰਜ ਸਕੇ ਜਾਂ ਲੁਟੇਰਾ ਤੇ ਭ੍ਰਿਸ਼ਟ ਪ੍ਰਬੰਧ ਤੋਂ ਪਾਕਿ ਸਮਾਜ, ਰਾਜ ਦੀ ਸਿਰਜਣਾ ਕਰ ਸਕੇ। ਇਨਕਲਾਬ ਜਾਤੀ, ਨਸਲ ਤੋਂ ਪਾਰ ਸਰਬੱਤ ਦੇ ਭਲੇ ਵਾਲੇ ਕਰ ਸਕਦੇ ਹਨ। ਸਮਾਜਕ, ਰਾਜਨੀਤਕ ਤਬਦੀਲੀ ਰਚਣ ਵਾਲੇ ਮਹਾਂਪੁਰਖ ਕਰ ਸਕਦੇ ਹਨ। ਮੇਰੇ ਕਹਿਣ ਦਾ ਭਾਵ ਗੁਰੂਆਂ ਦਾ ਚਿੰਤਨ ਬੇਗਮਪੁਰਾ ਤੇ ਹਲੇਮੀ ਰਾਜ ਹੀ ਮਨੁੱਖਤਾ ਦੀ ਮੁਕਤੀ ਦਾ ਮਾਰਗ ਹੈ। ਇਹ ਵੱਖਰੇ ਚਿੰਤਨ ਦਾ ਵਿਸ਼ਾ ਹੈ ਕਿ ਅਸੀਂ ਗੁਰੂਆਂ ਦੇ ਇਨਕਲਾਬ ਨੂੰ ਕਿੰਨਾ ਕੁ ਸਮਝੇ ਤੇ ਉਸ 'ਤੇ ਕਿੰਨਾ ਕੁ ਚੱਲੇ ਹਾਂ। ਹੀਰਨੁਮਾ ਇਨਕਲਾਬ ਵਿਚ ਪੰਜਾਬ ਤੇ ਮਨੁੱਖਤਾ ਦੀ ਮੁਕਤੀ ਨਹੀਂ। ਹਨੇਰਮਈ ਗਲੀਆਂ ਦੇ ਰਾਹ ਪਿਆਂ ਇਨਕਲਾਬ ਦੇ ਰਾਹੇ ਨਹੀਂ ਪਿਆ ਜਾ ਸਕਦਾ, ਜਿਥੇ ਹਰ ਮਨੁੱਖ ਅਜ਼ਾਦ ਹੈ , ਹਰੇਕ ਨਾਲ ਇਨਸਾਫ ਹੁੰਦਾ ਹੈ। ਦੂਸਰੀ ਗੱਲ ਪੰਜਾਬ ਸੰਤਾਪ ਦਾ ਜ਼ਿੰਮੇਵਾਰ ਸਿੱਖ ਪੰਥ ਨਹੀਂ ਮਨੂਵਾਦੀ ਸਿਸਟਮ ਹੈ। ਸਿੱਧੂ ਸਾਹਿਬ ਦੱਸਣ ਪੰਜਾਬ ਨੇ ਕੀ ਅਪਰਾਧ ਕੀਤਾ ? ਇਸ ਦਾ ਪਾਣੀ, ਰਾਜਧਾਨੀ, ਸਨਅਤ ਖੋਹ ਲਈ। ਸਾਡੀ ਜ਼ਮੀਨ ਦੂਸਰੀ ਹਰੀ ਕ੍ਰਾਂਤੀ ਰਾਹੀਂ ਮਾਰੂਥਲ ਬਣਾ ਦਿੱਤੀ। ਜੇ ਲਾਹੌਰ ਵਿਕਸਿਤ ਹੋ ਸਕਦਾ ਤਾਂ ਕੇਂਦਰ ਦਾ ਬਹਾਨਾ ਕਿਉਂ ਹੈ ਕਿ ਅੰਮ੍ਰਿਤਸਰ ਸਰਹੱਦ 'ਤੇ ਪੈਂਦਾ, ਇਸ ਲਈ ਇਸ ਦਾ ਵਿਕਾਸ ਨਹੀਂ ਸੋਚਿਆ ਜਾ ਸਕਦਾ। ਪੰਜਾਬ ਦੇ ਸੱਤਰ ਪ੍ਰਤੀਸ਼ਤ ਕਿਰਸਾਨ ਦੀ ਜ਼ਮੀਨ ਕਰਜ਼ਈ ਤੇ ਵਿਕਾਊ ਹੈ। ਇਸ ਉਤੇ ਕਬਜ਼ੇ ਅਡਾਨੀ-ਅਬਾਨੀ ਵਰਗੇ ਮਲਿਕ ਭਾਗੋਆਂ ਦੇ ਹੋਣ ਵਾਲੇ ਹਨ । ਇਸ ਕਬਜ਼ਾਕਾਰੀ ਸ਼ਾਜਿਸ਼ ਦਾ ਫੈਂਸੀ ਨਾਮ ਅੰਬਾਨੀ, ਅਡਾਨੀ ਤੀਸਰੀ ਹਰੀ ਕਰਾਂਤੀ ਲਿਖਿਆ ਜਾਏਗਾ। ਪੂਰੇ ਪੰਜਾਬ ਦਾ ਆਰਥਿਕ ਉਜਾੜਾ ਹੋਵੇਗਾ। ਇਹੀ ਮਨੂ ਸਿਸਟਮ ਹੈ ਕਿ ਕਿਰਤ ਨੂੰ ਗੁਲਾਮ ਕਿਵੇਂ ਬਣਾਉਣਾ ਹੈ। ਮਾਇਆ ਤੇ ਅੰਧਵਿਸ਼ਵਾਸ ਦੇ ਡੇਰੇ ਉਸਾਰਕੇ ਪੰਜਾਬ ਦੇ ਅਮਨ ਨੂੰ ਕਿਵੇਂ ਬਰਬਾਦ ਕਰਨਾ ਹੈ। ਸੁਮੇਲ ਸਿੱਧੂ ਵਰਗਿਆਂ ਨੂੰ ਗੁਰੂ ਗਰੰਥ ਸਾਹਿਬ ਪੜ੍ਹ-ਸੁਣ ਕੇ ਵੀ ਮਨੂਵਾਦੀ ਸਿਸਟਮ ਦੀ ਸਮਝ ਨਹੀਂ ਲੱਗੀ ਹੈ। ਡਾਕਟਰ ਅੰਬੇਡਕਰ ਜੀ ਦੀ ਕਿਤਾਬ ਜਾਤਪਾਤ ਦਾ ਬੀਜ ਨਾਸ਼ ਵਿਚ ਦੱਸਿਆ ਗਿਆ ਹੈ ਕਿ ਮਨੂਵਾਦੀ ਸਿਸਟਮ ਸਮਾਜ ਦੀ ਏਕਤਾ ਤੇ ਕਿਰਤ ਲਈ ਘਾਤਕ ਹੈ ਅਤੇ




ਮਾਰਕਸਵਾਦੀ ਚਿੰਤਨ ਤੇ ਬਾਹਮਣਵਾਦ ਦਾ ਅੰਗ ਹੈ। ਜਿਥੇ ਗੁਰੂ ਨਾਨਕ, ਤਥਾਗਤ ਬੁੱਧ, ਕਬੀਰ ਖਲੋਏ ਹਨ, ਸਾਨੂੰ ਉਥੇ ਹੀ ਖਲੋਣਾ ਪਵੇਗਾ।

ਮਹਾਨ ਵਿਦਵਾਨ ਡਾਕਟਰ ਅੰਬੇਡਕਰ ਨੇ ਗੁਰੂ ਨਾਨਕ ਦੇ ਸਰਬੱਤ ਦੇ ਭਲੇ ਦੇ ਇਨਕਲਾਬ ਨੂੰ ਸਮਝਿਆ ਅਤੇ ਹਿੰਦੂ ਰਾਸ਼ਟਰਵਾਦ ਨੂੰ ਰੱਦ ਕੀਤਾ ਪਰ ਸੁਮੇਲ ਸਿੱਧੂ ਹਿੰਦੂ ਰਾਸ਼ਟਰਵਾਦ ਦੇ ਪਰਦੂਸ਼ਿਤ ਸਾਗਰ ਵਿਚ ਚੁੱਭੀਆਂ ਮਾਰ ਕੇ ਆਪਾ ਗੁਆ ਰਹੇ ਹਨ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕਾਮਰੇਡਾਂ ਦੀ ਪੰਥ ਤੇ ਪੰਜਾਬ ਬਾਰੇ ਸੋਚ ਕਿਥੇ ਖੜ੍ਹੀ ਹੈ ? ਸਿੱਖੀ ਦਾ ਸੰਗ ਦੱਬੇ ਕੁਚਲੇ ਭਾਈਚਾਰੇ, ਆਦਿਵਾਸੀਆਂ, ਕਿਰਤੀਆਂ, ਸਿਕਲੀਗਰਾਂ, ਵਣਜਾਰਿਆਂ, ਬਹੁਜਨ ਸਮਾਜ, ਭਾਈ ਲਾਲੋਆਂ, ਸਰਬੱਤ ਦਾ ਭਲਾ ਸੋਚਣ ਵਾਲਿਆਂ ਨਾਲ ਹੈ। ਸਿੱਖੀ ਦਾ ਮਿਸ਼ਨ ਸ਼ਾਂਤੀ ਤੇ ਇਨਸਾਫ, ਸਾਂਝੀਵਾਲਤਾ ਹੈ । ਇਨਸਾਨੀਅਤ ਤੇ ਕਿਰਤ ਦੇ ਦੁਸ਼ਮਣਾਂ ਨਾਲ ਸਿੱਖੀ ਦੀ ਕੋਈ ਸਾਂਝ ਨਹੀਂ। ਇਹ ਗੁਰੂ ਨਾਨਕ ਦਾ ਮਾਰਗ, ਚਿੰਤਨ ਤੇ ਇਨਕਲਾਬ ਹੈ। ਇਸ ਮਹਾਨ ਮਾਰਗ ਉਤੇ ਚੱਲਣਾ ਹੀ ਸਾਡੀ ਮੁਕਤੀ ਦਾ ਮਾਰਗ ਹੈ।

**ਸੈਮੀਨਾਰ ਬਾਰੇ ਸ਼ੋਸ਼ਲ ਮੀਡੀਆ 'ਤੇ ਆਏ ਪ੍ਰਤੀਕਰਮ** : ਪਰਮਜੀਤ ਹਿੰਮਤਪੁਰਾ ਦਾ ਕਹਿਣਾ ਹੈ ਕਿ ਇਹ ਲੋਕ ਸਿਰਫ਼ ਸ਼ੱਬਦੀਆਂ ਮਾਰ ਸਕਦੇ ਹਨ, ਇਨਕਲਾਬ ਨਹੀਂ ਲਿਆ ਸਕਦੇ। ਗੁਰੂ ਸਾਹਿਬਾਨਾਂ ਨੂੰ ਵੀ ਗਲਤ ਬੋਲਦੇ ਹਨ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਹ ਬਹੁਤੇ ਸਿੱਖ ਸ਼ਕਲਾਂ ਵਾਲੇ ਹਨ।

ਜੀਤ ਘੁੱਦਾ ਦਾ ਕਹਿਣਾ ਹੈ ਕਿ ਮੈਨੂੰ ਤਾਂ ਲਗਦਾ ਹੈ ਕਿ ਪੰਜਾਬ ਸੰਕਟ ਲਈ ਕਾਮਰੇਡ ਜ਼ਿਆਦਾ ਜ਼ਿੰਮੇਵਾਰ ਹਨ। ਨੌਜਵਾਨਾਂ ਨੂੰ ਗੁੰਮਰਾਹ ਕੀਤਾ, ਮੁਖਬਰੀਆਂ ਕਰਕੇ ਮੁੰਡੇ ਮਰਵਾਏ, ਹਿੰਦੂ-ਸਿੱਖਾਂ ਵਿਚ ਪਾੜਾ ਵੀ ਇਹਨਾਂ ਨੇ ਹੀ ਵਧਾਇਆ। ਪੰਜਾਬ ਵਿਚਲੇ ਨਸ਼ਿਆਂ ਦੇ ਹੜ੍ਹ ਲਈ ਵੀ ਇਹ ਹੀ ਜ਼ਿੰਮੇਵਾਰ ਨੇ, ਲੱਚਰ ਗੀਤਾਂ ਤੇ ਨਸ਼ਿਆਂ ਨੂੰ ਇਹਨਾਂ ਵੀ ਬਹੁਤ ਪਰਮੋਟ ਕਰਿਆ।

ਗੁਲਜ਼ਾਰ ਸਿੰਘ ਨਿਰਮਾਣ ਕਹਿੰਦੇ ਹਨ ਕਿ "ਪੁੱਟੇ ਟੋਆ ਹੋਰ ਲਈ ਦੱਬ ਦੇਵੇ ਪੰਜਾਬ ਦੇ ਕਾਮਰੇਡਾਂ ਨੂੰ"।

ਰਮਨਦੀਪ ਸਿੱਧੂ ਨੇ ਕਿਹਾ ਕਿ ਸੁਮੇਲ ਸਿੱਧੂ ਵਿਚ ਵਿਦਵਾਨ ਹੋਣ ਦਾ ਹੰਕਾਰ ਬਹੁਤ ਹੈ।

ਸੁਰਿੰਦਰ ਗਿੱਲ ਦਾ ਕਹਿਣਾ ਹੈ ਕਿ ਹਥਿਆਰਬੰਦ ਲਹਿਰ ਸ਼ੁਰੂ ਨਹੀਂ ਕਰਨੀ ਚਾਹੀਦੀ ਸੀ, ਇਸ ਨਾਲ ਪੰਜਾਬ ਦਾ ਬਹੁਤ ਨੁਕਸਾਨ ਹੋਇਆ। ਇਨਸਾਨ ਜਿਉ ਕੇ ਬਹੁਤ ਚੰਗੇ ਕੰਮ ਕਰ ਸਕਦਾ ਹੈ।

ਪਰਮਜੀਤ ਸਿੰਘ ਦਾ ਕਹਿਣਾ ਹੈ ਕਿ ਜਦੋਂ ਦੁਸ਼ਮਣ ਨੇ ਸਿੱਖਾਂ ਦੀ ਸੰਘੀ ਨੂੰ ਹੱਥ ਪਾਇਆ ਤਾਂ ਪੰਜਾਬ ਦੇ ਲੱਖਾਂ ਸਿੱਖ ਨੌਜਵਾਨਾਂ ਨੇ ਹਥਿਆਰਾਂ ਨੂੰ ਆਪਣੇ ਆਪ ਚੁੱਕ ਲਿਆ ਪਰ ਕਮੀਣੇ ਧਾਰਮਿਕ ਅਤੇ ਰਾਜਨੀਤਕ ਸਿਆਸਤਦਾਨਾਂ ਨੇ ਆਪਣੀ ਚੌਧਰ ਖਿਸਕਦੀ ਦੇਖ ਅਣਖੀਲੇ ਨੌਜਵਾਨਾਂ ਨੂੰ ਆਪ ਮਰਵਾਇਆ, ਜਿਸ ਦਾ ਪ੍ਰਤੱਖ ਸਬੂਤ ਸਾਹਮਣੇ ਆ ਗਿਆ ਹੈ ਕਿ ਅਖੌਤੀ ਧਾਰਮਿਕ ਨੇਤਾਵਾਂ ਤੇ ਅਖੌਤੀ ਸਿੱਖ ਸਿਆਸਤਦਾਨਾਂ ਨੇ ਸਰਕਾਰੀ ਅੱਤਵਾਦ ਪੀੜਤ ਸਿੱਖਾਂ ਦੀ ਬਾਂਹ ਫੜਨ ਦੀ ਕੋਸ਼ਿਸ ਵੀ ਨਹੀਂ ਕੀਤੀ। ਇਨ੍ਹਾਂ ਦੇ ਭੜਕਾਏ ਸਿੱਖ ਨੌਜਵਾਨਾਂ ਤੇ ਧਰਮੀ ਫੌਜੀਆਂ ਦੇ ਪਰਿਵਾਰ ਪਿਛਲੇ ਲੰਮੇ ਸਮੇਂ ਤੋਂ ਰੁਲਦੇ ਫਿਰਦੇ ਦੇਖ ਰਹੇ ਹਾਂ। ਬਹੁਤ ਸਾਰੇ ਠੱਗ ਲੋਕਾਂ ਨੇ ਪੀੜਤ ਸਿੱਖਾਂ ਦੀ ਸਹਾਇਤਾ ਕਰਨ ਦੇ ਨਾਮ ਉਤੇ ਦੇਸ਼ਾਂ ਵਿਦੇਸ਼ਾਂ ਵਿੱਚੋਂ ਮਾਇਆ ਇਕੱਠੀ ਕੀਤੀ ਪਰ ਆਪਣੀਆਂ ਜੇਬ੍ਹਾਂ ਭਰਨ ਤੋਂ ਬਾਅਦ ਕੁਝ ਵਿਅਕਤੀਆਂ ਦੀ ਸਹਾਇਤਾ ਕਰਨ ਦੇ 'ਨਾਟਕ' ਸਮਾਗਮਾਂ ਦੀਆਂ ਖਬਰਾਂ ਤੇ ਤਸਵੀਰਾਂ ਅਖ਼ਬਾਰਾਂ ਵਿੱਚ ਛਪਵਾਈਆਂ।

# ਪੰਜਾਬ ਵਿਚ ਪੰਚਾਇਤੀ ਚੋਣਾਂ ਦਾ ਗੇਅਰ ਫਸਿਆ

## ਗਰਾਮ ਪੰਚਾਇਤ ਚੋਣਾਂ 31 ਦਸੰਬਰ ਤੋਂ ਪਹਿਲਾਂ ਕਰਾਉਣ ਲਈ ਸੂਬਾਈ ਚੋਣ ਕਮਿਸ਼ਨ ਨੂੰ ਸਿਫਾਰਸ਼

**ਚੰਡੀਗੜ੍ਹ/ਬਿਊਰੋ ਨਿਊਜ਼** : ਪੰਜਾਬ ਵਿਚ 13 ਹਜ਼ਾਰ ਦੇ ਕਰੀਬ ਗਰਾਮ ਪੰਚਾਇਤਾਂ ਲਈ ਚੋਣਾਂ ਕਰਾਈਆਂ ਜਾਣੀਆਂ ਹਨ। ਕੈਪਟਨ ਸਰਕਾਰ ਵੱਲੋਂ 16 ਜੁਲਾਈ ਨੂੰ ਸਮੂਹ ਪੰਚਾਇਤਾਂ ਭੰਗ ਕਰ ਕੇ ਪਿੰਡਾਂ ਵਿਚ ਪ੍ਰਸ਼ਾਸਕ ਲਗਾ ਦਿੱਤੇ ਗਏ ਸਨ। ਸੰਵਿਧਾਨਕ ਤੌਰ 'ਤੇ ਗਰਾਮ ਪੰਚਾਇਤਾਂ ਦੇ ਭੰਗ ਹੋਣ ਤੋਂ 6 ਮਹੀਨਿਆਂ ਦੇ ਅੰਦਰ-ਅੰਦਰ ਚੋਣਾਂ ਦਾ ਅਮਲ ਨੇਪਰੇ ਚਾੜ੍ਹਨਾ ਜ਼ਰੂਰੀ ਹੈ। ਕਾਂਗਰਸ ਸਰਕਾਰ ਵੱਲੋਂ ਅਕਤੂਬਰ ਮਹੀਨੇ ਦੇ ਪਹਿਲੇ ਹਫ਼ਤੇ ਗਰਾਮ ਪੰਚਾਇਤਾਂ ਦੀਆਂ ਚੋਣਾਂ ਕਰਾਉਣ ਦਾ ਐਲਾਨ ਕੀਤਾ ਗਿਆ ਸੀ ਤੇ ਸਤੰਬਰ ਮਹੀਨੇ ਪੰਚਾਇਤ ਸਮਿਤੀਆਂ ਤੇ ਜ਼ਿਲ੍ਹਾ ਪਰਿਸ਼ਦਾਂ ਦੀਆਂ ਚੋਣਾਂ ਹੋ ਵੀ ਗਈਆਂ ਸਨ। ਉਸ ਤੋਂ ਬਾਅਦ ਗਰਾਮ ਪੰਚਾਇਤਾਂ ਦਾ ਅਮਲ ਲਗਾਤਾਰ ਟਾਲਿਆ ਜਾ ਰਿਹਾ ਹੈ। ਗਰਾਮ ਪੰਚਾਇਤਾਂ ਦੀਆਂ ਚੋਣਾਂ ਵਿਚ ਦੇਰੀ ਹੋਣ ਕਾਰਨ ਜ਼ਿਲ੍ਹਾ ਪਰਿਸ਼ਦਾਂ ਅਤੇ ਪੰਚਾਇਤ ਸਮਿਤੀਆਂ ਦੇ ਚੇਅਰਮੈਨ ਤੇ ਵਾਈਸ ਚੇਅਰਮੈਨਾਂ ਦੀਆਂ ਚੋਣਾਂ ਦਾ ਅਮਲ ਵੀ ਰੁਕਿਆ ਹੋਇਆ ਹੈ। ਚੇਅਰਮੈਨਾਂ ਦੀ ਚੋਣ ਨਾ ਹੋਣ ਕਾਰਨ ਕਾਂਗਰਸ ਨੇਤਾਵਾਂ ਵਿਚ ਵੀ ਮਾਯੂਸੀ ਹੈ।

ਪੰਜਾਬ ਵਿਚ ਗਰਾਮ ਪੰਚਾਇਤਾਂ ਦੀਆਂ ਚੋਣਾਂ ਲਈ ਕੈਪਟਨ ਸਰਕਾਰ ਦੇ ਯਤਨ ਸੁਹਿਰਦ ਨਾ ਹੋਣ ਕਾਰਨ ਲੋਕਤੰਤਰ ਦੀ ਨੀਂਹ ਮੰਨੀਆਂ ਜਾਂਦੀਆਂ ਇਨ੍ਹਾਂ ਸੰਸਥਾਵਾਂ ਦੀ ਚੋਣ ਪ੍ਰਕਿਰਿਆ ਖਾਨਾਪੂਰਤੀ ਬਣਦੀ ਜਾ ਰਹੀ ਹੈ। ਸੂਬੇ ਦੇ ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਗਰਾਮ ਪੰਚਾਇਤਾਂ ਦੀਆਂ ਚੋਣਾਂ ਭਾਵੇਂ 31 ਦਸੰਬਰ ਤੋਂ ਪਹਿਲਾਂ ਕਰਾਉਣ ਲਈ ਸੂਬਾਈ ਚੋਣ ਕਮਿਸ਼ਨ ਨੂੰ ਲਿਖਤੀ ਸਿਫਾਰਸ਼ ਭੇਜ ਦਿੱਤੀ ਗਈ ਹੈ ਪਰ ਸਰਪੰਚਾਂ ਦੇ ਰਾਖਵੇਂਕਰਨ ਦੀ ਪ੍ਰਕਿਰਿਆ ਅਜੇ ਤਕ ਸਿਰੇ ਨਹੀਂ ਚੜ੍ਹੀ।

ਸੂਤਰਾਂ ਅਨੁਸਾਰ ਸਰਕਾਰ ਵੱਲੋਂ ਡਿਪਟੀ ਕਮਿਸ਼ਨਰਾਂ ਨੂੰ ਰਾਖਵੇਂਕਰਨ ਦੀ ਪ੍ਰਕਿਰਿਆ ਨੇਪਰੇ ਚਾੜ੍ਹਨ ਲਈ ਆਖਿਆ ਗਿਆ। ਇਸ ਤਰ੍ਹਾਂ ਚੋਣ ਕਮਿਸ਼ਨ ਨੂੰ ਰਾਖਵੇਂਕਰਨ ਸਬੰਧੀ ਨੋਟੀਫਿਕੇਸ਼ਨ ਭੇਜੇ ਜਾਣਗੇ। ਕਮਿਸ਼ਨ ਵੱਲੋਂ ਚੋਣਾਂ ਦਾ ਐਲਾਨ ਕਿਸੇ ਵੀ ਮੌਕੇ ਕੀਤੇ ਜਾਣ ਦੀ ਸੂਚਨਾ ਹੈ ਤੇ ਪੰਚਾਇਤਾਂ ਦੀਆਂ ਚੋਣਾਂ ਲਈ ਵੋਟਾਂ ਪੈਣ ਦਾ ਅਮਲ 29 ਜਾਂ 30 ਦਸੰਬਰ ਨਿਰਧਾਰਤ ਕੀਤਾ ਜਾ ਸਕਦਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕਰਜ਼ਾ ਮੁਆਫ਼ੀ ਮੁਹਿੰਮ ਤਹਿਤ ਪਟਿਆਲਾ ਵਿਚ ਪ੍ਰੋਗਰਾਮ ਕਰਨ ਦੀ ਵੀ ਤਜਵੀਜ਼ ਹੈ। ਇਸ ਸਮਾਗਮ ਤੋਂ ਬਾਅਦ ਹੀ ਕਮਿਸ਼ਨ ਵੱਲੋਂ ਚੋਣਾਂ ਦਾ ਐਲਾਨ ਕੀਤਾ ਜਾਣਾ ਹੈ। ਦਸੰਬਰ ਮਹੀਨੇ ਦੇ ਆਖ਼ਰੀ ਹਫ਼ਤੇ ਦੌਰਾਨ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦਾ ਸ਼ਹੀਦੀ ਦਿਹਾੜੀ ਹੋਣ ਕਾਰਨ ਸੋਗਮਈ ਦਿਨ ਹੋਣ ਕਰਕੇ ਲੋਕਾਂ ਵੱਲੋਂ ਸੋਸ਼ਲ ਮੀਡੀਆ 'ਤੇ ਚੋਣਾਂ ਜਨਵਰੀ ਮਹੀਨੇ 'ਚ ਕਰਾਉਣ ਲਈ ਵੀ ਪ੍ਰਚਾਰ ਕੀਤਾ ਜਾ ਰਿਹਾ ਹੈ ਜਦੋਂਕਿ ਸਰਕਾਰ ਦਾ ਕਹਿਣਾ ਹੈ ਕਿ ਤਕਨੀਕੀ ਤੇ ਵਿਧਾਨਿਕ ਕਾਰਨਾਂ ਕਰਕੇ ਪੰਚਾਇਤੀ ਚੋਣਾਂ 31 ਦਸੰਬਰ ਤੋਂ ਅਗਾਂਹ ਨਹੀਂ ਟਾਲੀਆਂ ਜਾ ਸਕਦੀਆਂ। ਕਾਂਗਰਸੀ ਆਗੂਆਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ

ਬਾਕੀ ਸਫ਼ਾ 29 'ਤੇ

## ਸਾਹਿਬਜ਼ਾਦਿਆਂ ਦੀ ਸ਼ਹੀਦੀ ਤੇ ਪਰਿਵਾਰ ਵਿਛੋੜੇ ਦੇ ਦਿਨਾਂ 'ਚ ਪੰਚਾਇਤੀ ਚੋਣਾਂ ਨਾ ਕਰਵਾਉਣ ਦੀ ਮੰਗ

**ਬਠਿੰਡਾ/ਬਿਊਰੋ ਨਿਊਜ਼** : ਸਿੱਖ ਜਥੇਬੰਦੀਆਂ ਤੇ ਸਹਿਯੋਗੀ ਸੰਸਥਾਵਾਂ ਨੇ ਸਿੱਖ ਇਤਿਹਾਸ ਦੇ ਸ਼ਹੀਦੀਆਂ ਵਾਲੇ ਦਿਨਾਂ ਵਿਚ ਪੰਚਾਇਤੀ ਚੋਣਾਂ ਕਰਵਾਉਣ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਜਿਹਨਾਂ ਦਿਨਾਂ ਵਿਚ ਸਿੱਖ ਕੌਮ 'ਤੇ ਜ਼ੁਲਮਾਂ ਦੇ ਝੱਖੜ ਝੁੱਲੇ, ਤਸ਼ੱਦਦ ਦੇ ਪਹਾੜ ਟੁੱਟੇ, ਮਾਸੂਮ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਕੇ ਸਿੱਖ ਕੌਮ ਨੂੰ ਖ਼ਤਮ ਕਰਨ ਦਾ ਯਤਨ ਕੀਤਾ, ਉਹਨਾਂ ਦਿਨਾਂ ਵਿਚ ਪੰਜਾਬ ਹਕੂਮਤ ਨੇ ਪੰਚਾਇਤੀ ਚੋਣਾਂ ਦਾ ਐਲਾਨ ਕਰਵਾ ਕੇ ਸਿੱਖਾਂ ਦੇ ਜ਼ਖ਼ਮ ਕੁਰੇਦੇ ਹਨ। ਸਿੱਖ ਜਥੇਬੰਦੀਆਂ ਨੇ ਕਿਹਾ ਕਿ ਸ਼ਹੀਦੀਆਂ ਵਾਲੇ ਦਿਨਾਂ ਵਿਚ ਪੰਚਾਇਤੀ ਚੋਣਾਂ ਦੌਰਾਨ ਸ਼ਰਾਬ ਤੇ ਹੋਰ ਵੱਡੀ ਪੱਧਰ 'ਤੇ ਨਸ਼ੇ ਵੰਡੇ ਜਾਣਗੇ ਅਤੇ ਜਸ਼ਨ ਦੇ ਢੋਲ ਵਜਾਏ ਜਾਣਗੇ ਜੋ ਠੀਕ ਨਹੀਂ ਹੋਵੇਗਾ। ਬਠਿੰਡਾ ਤੋਂ ਜਾਰੀ ਪ੍ਰੈਸ ਨੋਟ ਵਿਚ ਦਲ ਖ਼ਾਲਸਾ ਦੇ ਮੀਤ ਪ੍ਰਧਾਨ ਬਾਬਾ ਹਰਦੀਪ ਸਿੰਘ ਮਹਿਰਾਜ, ਕੇਂਦਰੀ ਵਰਕਿੰਗ ਕਮੇਟੀ ਮੈਂਬਰ ਗੁਰਵਿੰਦਰ ਸਿੰਘ ਬਠਿੰਡਾ, ਜ਼ਿਲ੍ਹਾ ਪ੍ਰਧਾਨ ਭਾਈ ਸੁਰਿੰਦਰ ਸਿੰਘ ਨਥਾਣਾ, ਭਾਈ ਭਗਵਾਨ ਸਿੰਘ ਸੰਧੂ ਖੁਰਦ, ਮੀਤ ਪ੍ਰਧਾਨ ਭਾਈ ਜੀਵਨ ਸਿੰਘ, ਜ਼ਿਲ੍ਹਾ ਜਨਰਲ ਸਕੱਤਰ ਬਲਕਰਨ ਸਿੰਘ ਡੱਬਵਾਲੀ, ਪੰਜਾਬੀ ਮਾਂ ਬੋਲੀ ਸਤਿਕਾਰ ਕਾਰਵਾਈ ਜਥੇਬੰਦੀ ਪੰਜਾਬ ਵੱਲੋਂ ਲਖਵੀਰ ਸਿੰਘ ਲੱਖਾ ਸਿਧਾਣਾ, ਬਲਜਿੰਦਰ ਸਿੰਘ ਕੋਟਭਾਰਾ, ਨਿੱਕਾ ਸਿਧਾਣਾ, ਜਗਰੂਪ ਸਿੰਘ ਵਿਦਰੋਹੀ, ਸਿੱਖ ਸਟੂਡੈਂਟਸ ਫੈਡਰੇਸ਼ਨ 1984 ਵੱਲੋਂ ਪਰਨਜੀਤ ਸਿੰਘ ਜੱਗੀ ਕੋਟਫੱਤਾ, ਸੁਖਪਾਲ ਸਿੰਘ ਬਾਬਾ ਪਾਲਾ, ਸਿੱਖ ਯੂਥ ਆਫ ਪੰਜਾਬ ਦੇ ਭਾਈ ਹਰਪ੍ਰੀਤ ਸਿੰਘ ਬਠਿੰਡਾ, ਜਗਤਾਰ ਸਿੰਘ

ਬਾਕੀ ਸਫ਼ਾ 29 'ਤੇ

## ਐਮਪੀ ਕੋਟੇ ਦੇ ਫੰਡਾਂ ਦੀ ਕਾਣੀ ਵੰਡ

# "ਅੰਨ੍ਹਾ ਵੰਡੇ ਰਿਉੜੀਆਂ, ਮੁੜ-ਮੁੜ ਆਪਣਿਆਂ ਨੂੰ ਦੇਵੇ"

**ਬਠਿੰਡਾ/ਬਿਊਰੋ ਨਿਊਜ਼ :** ਮੈਂਬਰ ਪਾਰਲੀਮੈਂਟ ਨੂੰ ਹਰ ਸਾਲ ਆਪਣੇ ਹਲਕੇ ਦੇ ਵਿਕਾਸ ਲਈ ਸਰਕਾਰੀ ਫੰਡ ਦਾ ਜੋ ਪੈਸਾ ਮਿਲਦਾ ਹੈ, ਉਸ ਦੀ ਕਾਣੀ ਵੰਡ ਦਾ ਮਾਮਲਾ ਸਾਹਮਣੇ ਆਇਆ ਹੈ। ਪੰਜਾਬੀ ਦੀ ਇਕ ਕਹਾਵਤ ਹੈ ਕਿ, "ਅੰਨ੍ਹਾ ਵੰਡੇ ਰਿਊੜੀਆਂ, ਮੁੜ-ਮੁੜ ਆਪਣਿਆਂ ਨੂੰ ਦੇਵੇ"। ਇਸ ਮਾਮਲੇ ਵਿਚ ਇਹ ਪੂਰੀ ਢੁਕਦੀ ਹੈ। ਸੰਸਦ ਮੈਂਬਰ, ਕੇਂਦਰੀ ਫ਼ੰਡ ਵੰਡਣ ਵਿਚ ਸਿਆਸੀ ਮੁਲਾਹਜ਼ੇਦਾਰੀਆਂ ਵੀ ਪੁਗਾਉਂਦੇ ਹਨ, ਜਿਸ ਕਾਰਨ ਐਮਪੀ ਕੋਟੇ ਦੇ ਫ਼ੰਡ ਹਲਕੇ ਦੀਆਂ ਹੱਦਾਂ ਵੀ ਟੱਪ ਜਾਂਦੇ ਹਨ। ਹਲਕੇ ਤੋਂ ਇਲਾਵਾ ਇਹ ਫ਼ੰਡ ਕਈ ਵਾਰ ਦੂਜੇ ਰਾਜਾਂ ਵਿਚ ਵੀ ਦਿੱਤੇ ਜਾਂਦੇ ਹਨ। ਐਮਪੀ ਫ਼ੰਡਾਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲੋਕ ਸਭਾ ਮੈਂਬਰ ਆਪਣੇ ਹਲਕੇ ਤੋਂ ਬਾਹਰ 25 ਲੱਖ ਦੇ ਫ਼ੰਡ ਦੇ ਸਕਦਾ ਹੈ। ਇਵੇਂ ਹੀ ਰਾਜ ਸਭਾ ਮੈਂਬਰ ਕਿਧਰੇ ਵੀ ਫ਼ੰਡ ਵੰਡ ਸਕਦਾ ਹੈ। ਇਹੋ ਨਿਯਮ ਸੰਸਦ ਮੈਂਬਰਾਂ ਲਈ ਮੁਲਾਹਜ਼ੇਦਾਰੀ ਪੁਗਾਉਣ ਦਾ ਰਾਹ ਖੋਲ੍ਹਦੇ ਹਨ।

ਸਰਕਾਰੀ ਵੇਰਵਿਆਂ ਅਨੁਸਾਰ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਆਪਣੇ ਹਲਕੇ ਤੋਂ ਬਾਹਰ ਉਤਰਾਖੰਡ ਦੇ ਜ਼ਿਲ੍ਹਾ ਰੁਦਰਪ੍ਰਯਾਗ ਦੇ ਡਿਪਟੀ ਕਮਿਸ਼ਨਰ ਨੂੰ ਸੌਂਦ (ਨਗਰਾਸੂ) ਲਈ 25 ਲੱਖ ਰੁਪਏ ਅਤੇ ਉਸ ਤੋਂ ਪਹਿਲਾਂ ਖ਼ਾਲਸਾ ਕਾਲਜ ਅੰਮ੍ਰਿਤਸਰ ਨੂੰ 10 ਲੱਖ ਦੇ ਫ਼ੰਡ ਦਿੱਤੇ ਹਨ। ਇਸੇ ਤਰ੍ਹਾਂ ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਆਪਣੇ ਵਿਧਾਇਕ ਲੜਕੇ ਦੇ ਹਲਕਾ ਸਨੌਰ ਨੂੰ ਕਰੀਬ 43 ਲੱਖ ਦੇ ਫ਼ੰਡ ਦਿੱਤੇ ਹਨ। ਸੰਸਦ ਮੈਂਬਰ ਕਈ ਵਾਰ ਫੰਡਾਂ ਦੇ ਮਾਮਲੇ ਵਿਚ ਦਿਸ਼ਾ-ਨਿਰਦੇਸ਼ ਵੀ ਉਲੰਘ ਜਾਂਦੇ ਹਨ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਨਿਯਮਾਂ ਦੇ ਦਾਇਰੇ ਤੋਂ ਬਾਹਰ ਜਾ ਕੇ 15ਵੀਂ ਲੋਕ ਸਭਾ ਦੌਰਾਨ 61.20 ਲੱਖ ਰੁਪਏ ਅਤੇ 16ਵੀਂ ਲੋਕ ਸਭਾ ਦੌਰਾਨ 94.27 ਲੱਖ ਰੁਪਏ ਦੇ ਫ਼ੰਡ ਸਿਫ਼ਾਰਸ਼ ਕਰ ਦਿੱਤੇ ਸਨ, ਜਿਨ੍ਹਾਂ ਨੂੰ ਰੱਦ ਕਰ ਕੇ ਰਾਸ਼ੀ ਵਾਪਸ ਮੰਗਵਾਈ ਗਈ। ਇਸੇ ਤਰ੍ਹਾਂ ਜ਼ਿਲ੍ਹਾ ਮੋਗਾ ਵਿਚ ਨਿਯਮਾਂ ਤੋਂ ਉਲਟ 23.30 ਲੱਖ ਰੁਪਏ ਫ਼ੰਡ ਦਿੱਤੇ ਗਏ, ਜੋ ਮਗਰੋਂ ਨੋਡਲ ਜ਼ਿਲ੍ਹੇ ਨੂੰ ਵਾਪਸ ਭੇਜ ਦਿੱਤੇ ਗਏ। ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਚੇਅਰਮੈਨੀ ਵਾਲੇ ਦਸਮੇਸ਼ ਗਰਲਜ਼ ਕਾਲਜ ਆਫ਼ ਐਜੂਕੇਸ਼ਨ, ਪਿੰਡ ਬਾਦਲ ਦੀ ਇਮਾਰਤ ਲਈ 10 ਲੱਖ ਦੇ ਫ਼ੰਡ ਦਿੱਤੇ ਹਨ। ਰਾਜ ਸਭਾ ਮੈਂਬਰ ਰਾਜ ਬੱਬਰ ਨੇ ਬਾਦਲਾਂ ਦੇ ਜੱਦੀ ਜ਼ਿਲ੍ਹੇ ਮੁਕਤਸਰ ਵਿਚ 25 ਲੱਖ ਦੇ ਫੰਡ ਦਿੱਤੇ ਹਨ, ਜਦੋਂਕਿ ਕੁਮਾਰੀ ਸ਼ੈਲਜਾ (ਅੰਬਾਲਾ) ਨੇ ਮੁਕਤਸਰ ਜ਼ਿਲ੍ਹੇ ਨੂੰ 21.22 ਲੱਖ ਦੇ ਫ਼ੰਡ ਜਾਰੀ ਕੀਤੇ। ਐਮ.ਪੀ ਸ਼ਮਸ਼ੇਰ ਸਿੰਘ ਦੂਲੋ ਨੇ ਵੀ ਇਸ ਜ਼ਿਲ੍ਹੇ ਨੂੰ 29.50 ਲੱਖ ਦੀ ਗਰਾਂਟ ਦਿੱਤੀ ਹੈ। ਐਮ.ਪੀ ਨਰੇਸ਼ ਗੁਜਰਾਲ ਨੇ ਸਭ ਤੋਂ ਵੱਧ ਫ਼ੰਡ ਬਾਦਲਾਂ ਦੇ ਹਲਕੇ ਵਿਚ ਭੇਜੇ ਹਨ। ਵੇਰਵਿਆਂ ਅਨੁਸਾਰ ਸ੍ਰੀ ਗੁਜਰਾਲ ਨੇ ਸਾਲ 2011-12 ਤੋਂ ਹੁਣ ਤੱਕ ਬਠਿੰਡਾ, ਮਾਨਸਾ ਤੇ ਮੁਕਤਸਰ ਜ਼ਿਲ੍ਹੇ ਨੂੰ 12 ਕਰੋੜ ਤੋਂ ਉੱਪਰ

**ਬਾਕੀ ਸਫ਼ਾ 24 'ਤੇ**

# ਧੀ ਮਾਰਨ ਦੇ ਕੇਸ 'ਚੋਂ ਬੀਬੀ ਜਗੀਰ ਕੌਰ ਬਰੀ

**ਸੀਬੀਆਈ ਜਾਂਚ 'ਚ ਨਿਕਲੀਆਂ ਖਾਮੀਆਂ**

**ਚੰਡੀਗੜ੍ਹ/ਬਿਊਰੋ ਨਿਊਜ਼ :**



ਬਰੀ ਹੋਣ ਬਾਅਦ ਅੰਮ੍ਰਿਤਸਰ ਵਿਚ ਬੀਬੀ ਜਗੀਰ ਕੌਰ ਮੀਡੀਆ ਨਾਲ ਗੱਲਬਾਤ ਕਰਦੇ ਹੋਏ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਮੁਖੀ ਬੀਬੀ ਜਗੀਰ ਕੌਰ ਨੂੰ ਆਪਣੀ ਧੀ ਹਰਪ੍ਰੀਤ ਕੌਰ ਦੀ ਅਪਰੈਲ 2000 ਵਿਚ ਹੋਈ ਭੇਤਭਰੀ ਹਾਲਤ ਵਿਚ ਮੌਤ ਦੇ ਮਾਮਲੇ ਵਿਚ ਵੱਡੀ ਰਾਹਤ ਮਿਲੀ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅਕਾਲੀ ਆਗੂ ਬੀਬੀ ਜਗੀਰ ਕੌਰ ਨੂੰ ਆਪਣੀ ਹੀ ਧੀ ਨੂੰ ਅਗਵਾ ਕਰਨ ਤੇ ਜਬਰੀ ਗਰਭਪਾਤ ਕਰਵਾਉਣ ਦੇ ਦੋਸ਼ਾਂ 'ਚੋਂ ਬਰੀ ਕਰ ਦਿੱਤਾ ਹੈ। ਜਸਟਿਸ ਏਬੀ.ਚੌਧਰੀ ਤੇ ਕੁਲਦੀਪ ਸਿੰਘ ਦੀ ਅਗਵਾਈ ਵਾਲੇ ਡਿਵੀਜ਼ਨ ਬੈਂਚ ਨੇ ਪਟਿਆਲਾ ਦੀ ਵਿਸ਼ੇਸ਼ ਸੀਬੀਆਈ ਅਦਾਲਤ ਵੱਲੋਂ ਸੁਣਾਏ ਫੈਸਲੇ ਨੂੰ ਪਾਸੇ ਰੱਖਦਿਆਂ ਕੇਸ ਵਿਚ ਮੁਲਜ਼ਮਾਂ ਵਜੋਂ ਨਾਮਜ਼ਦ ਤਿੰਨ ਹੋਰਨਾਂ ਨੂੰ ਵੀ ਦੋਸ਼ ਮੁਕਤ ਕਰਾਰ ਦੇ ਦਿੱਤਾ ਹੈ।

ਪਟਿਆਲਾ ਦੇ ਵਧੀਕ ਸੈਸ਼ਨ ਜੱਜ ਵੱਲੋਂ 30 ਮਾਰਚ 2012 ਨੂੰ ਨਿਸ਼ਾਨ ਸਿੰਘ, ਬੀਬੀ ਜਗੀਰ ਕੌਰ, ਪਰਮਜੀਤ ਸਿੰਘ ਰਾਏਪੁਰ ਤੇ ਦਲਵਿੰਦਰ ਕੌਰ ਢੇਸੀ ਨੂੰ ਸੁਣਾਈ ਸਜ਼ਾ ਦਾ ਖੰਡਨ ਕਰਦਿਆਂ ਕਿਹਾ ਕਿ ਅਸੀਂ ਇਸ ਫ਼ੈਸਲੇ ਨੂੰ ਲਾਂਭੇ ਰੱਖਦਿਆਂ ਉਪਰੋਕਤ ਸਾਰਿਆਂ ਨੂੰ ਦੋਸ਼ ਮੁਕਤ ਕਰਾਰ ਦਿੰਦੇ ਹਾਂ।

ਅਦਾਲਤ ਨੇ ਕਿਹਾ ਕਿ ਟਰਾਇਲ ਕੋਰਟ ਦੇ ਫੈਸਲੇ ਨੂੰ ਪੜ੍ਹਦਿਆਂ ਇਹ ਲਗਦਾ ਹੈ ਕਿ ਗਵਾਹਾਂ ਵੱਲੋਂ ਦਰਜ ਹਲਫ਼ਨਾਮਿਆਂ ਤੇ ਸਬੂਤਾਂ ਨੂੰ ਬੇਵਜ੍ਹਾ ਨਜ਼ਰਅੰਦਾਜ਼ ਕੀਤਾ ਗਿਆ ਸੀ। ਬੈਂਚ ਨੇ ਕਿਹਾ ਕਿ ਸੀਬੀਆਈ ਦੀ ਜਾਂਚ ਵਿਚ ਵੀ ਕੁਝ ਖਾਮੀਆਂ ਸਨ। ਸੀਬੀਆਈ ਅਦਾਲਤ ਨੇ ਬੀਬੀ ਜਗੀਰ ਕੌਰ ਸਮੇਤ ਤਿੰਨ ਹੋਰਨਾਂ ਮੁਲਜ਼ਮਾਂ ਨੂੰ ਉਪਰੋਕਤ ਦੋਸ਼ਾਂ ਤਹਿਤ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਸੀ। ਜਿਨ੍ਹਾਂ ਤਿੰਨ ਹੋਰਨਾਂ ਨੂੰ ਦੋਸ਼ ਮੁਕਤ ਕਰਾਰ ਦਿੱਤਾ ਗਿਆ ਹੈ, ਉਨ੍ਹਾਂ ਵਿਚ ਦਲਵਿੰਦਰ ਕੌਰ ਢੇਸੀ, ਪਰਮਜੀਤ ਸਿੰਘ ਰਾਏਪੁਰ ਤੇ ਨਿਸ਼ਾਨ ਸਿੰਘ ਸ਼ਾਮਲ ਹਨ।

ਬਚਾਅ ਪੱਖ ਦੇ ਵਕੀਲ ਵਿਨੋਦ ਘਈ ਨੇ ਕਿਹਾ ਕਿ, ਇਸਤਗਾਸਾ ਧਿਰ ਸਾਰੇ ਦੋਸ਼ੀਆਂ ਖ਼ਿਲਾਫ਼ ਆਈਪੀਸੀ ਦੀਆਂ ਧਾਰਾਵਾਂ 120 ਬੀ, 313, 365 ਤੇ 344 ਤਹਿਤ ਲੱਗੇ ਦੋਸ਼ਾਂ ਨੂੰ ਸਾਬਤ ਕਰਨ ਵਿਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ।

ਕਾਬਿਲੇਗੌਰ ਹੈ ਕਿ ਸਾਲ 2000 ਵਿੱਚ ਹਰਪ੍ਰੀਤ ਕੌਰ ਦੀ ਰਹੱਸਮਈ ਹਾਲਾਤ ਵਿਚ ਮੌਤ ਮਗਰੋਂ ਕਮਲਜੀਤ ਸਿੰਘ (ਜੋ ਹਰਪ੍ਰੀਤ ਕੌਰ ਦਾ ਪਤੀ ਹੋਣ ਦਾ ਦਾਅਵਾ ਕਰਦਾ ਸੀ) ਵੱਲੋਂ ਅਦਾਲਤ ਦਾ ਬੂਹਾ ਖੜਕਾਉਣ ਮਗਰੋਂ ਹਾਈ ਕੋਰਟ ਦੀਆਂ ਹਦਾਇਤਾਂ 'ਤੇ ਕੇਸ ਦੀ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ ਗਈ ਸੀ। ਸੀਬੀਆਈ ਨੇ ਜਾਂਚ ਮਗਰੋਂ ਦਾਅਵਾ ਕੀਤਾ ਸੀ ਕਿ ਮਾਰਚ-2000 ਵਿੱਚ ਬੀਬੀ ਜਗੀਰ ਕੌਰ ਦੀ ਧੀ ਹਰਪ੍ਰੀਤ ਕੌਰ ਨੂੰ ਇਕ ਘਰ 'ਚ ਬੰਦ ਕਰਕੇ ਟੀਕਿਆਂ ਨਾਲ ਬੇਸੁੱਧ ਕਰਨ ਮਗਰੋਂ ਉਹਦਾ ਜਬਰੀ ਗਰਭਪਾਤ ਕੀਤਾ ਗਿਆ। ਸਾਲ 2012 ਵਿਚ ਪਟਿਆਲਾ ਦੀ ਵਿਸ਼ੇਸ਼ ਸੀਬੀਆਈ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤੇ ਜਾਣ ਮਗਰੋਂ ਬੀਬੀ ਜਗੀਰ ਕੌਰ ਨੂੰ ਅਕਾਲੀ-ਭਾਜਪਾ ਸਰਕਾਰ ਤੋਂ ਅਸਤੀਫ਼ਾ ਦੇਣਾ ਪਿਆ ਸੀ।

ਸੀਬੀਆਈ ਕੋਰਟ ਦੇ ਇਸ ਫ਼ੈਸਲੇ ਨੂੰ ਚੁਣੌਤੀ ਦਿੰਦੀ ਪਟੀਸ਼ਨ ਹਾਈ ਕੋਰਟ ਵਿਚ ਬਕਾਇਆ ਹੋਣ ਕਰਕੇ ਬੀਬੀ ਜਗੀਰ ਕੌਰ ਨੂੰ ਸੰਨ 2017 ਪੰਜਾਬ ਅਸੈਂਬਲੀ ਦੀਆਂ ਚੋਣਾਂ ਤੋਂ ਵੀ ਲਾਂਭੇ ਹੋਣਾ ਪਿਆ ਸੀ।


DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

## ਚੀਨ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਦਾ ਸਵਾਗਤ

**ਬੀਜਿੰਗ/ਬਿਊਰੋ ਨਿਊਜ਼ :** ਚੀਨ ਨੇ ਕਰਤਾਰਪੁਰ ਸਾਹਿਬ-ਡੇਰਾ ਬਾਬਾ ਨਾਨਕ ਲਾਂਘਾ ਖੋਲ੍ਹਣ ਦੇ ਭਾਰਤ ਤੇ ਪਾਕਿਸਤਾਨ ਦੇ ਯਤਨਾਂ ਦਾ ਸਵਾਗਤ ਕੀਤਾ ਹੈ। ਚੀਨ ਨੇ ਕਿਹਾ ਕਿ ਇਸ ਕਦਮ ਨਾਲ ਦੋਵਾਂ ਮੁਲਕਾਂ ਵਿਚ ਸੰਵਾਦ ਤੇਜ਼ ਹੋਏਗਾ। ਇਨ੍ਹਾਂ ਦੇ ਮਤਭੇਦਾਂ ਦਾ ਸੁਲਝਣਾ ਵਿਸ਼ਵ ਸ਼ਾਂਤੀ ਤੇ ਵਿਕਾਸ ਲਈ ਕਾਫੀ ਅਹਿਮ ਹੈ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੇਂਗ ਸ਼ੁਆਂਗ ਨੇ ਪ੍ਰੈੱਸ ਕਾਨਫਰੰਸ ਵਿਚ ਲਾਂਘੇ ਸਬੰਧੀ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਭਾਰਤ ਤੇ ਪਾਕਿਸਤਾਨ ਦਰਮਿਆਨ ਚੰਗੀ ਗੱਲਬਾਤ ਵੇਖ ਕੇ ਉਨ੍ਹਾਂ ਨੂੰ ਖ਼ੁਸ਼ੀ ਹੋਈ ਹੈ। ਦੱਖਣ ਏਸ਼ੀਆ ਵਿਚ ਇਹ ਦੋਵੇਂ ਦੇਸ਼ ਅਹਿਮ ਹਨ। ਇਨ੍ਹਾਂ ਦੇ ਸਬੰਧਾਂ ਦੀ ਸਥਿਰਤਾ ਦਾ ਵਿਸ਼ਵ ਸ਼ਾਂਤੀ ਤੇ ਵਿਕਾਸ ਲਈ ਬੇਹੱਦ ਖ਼ਾਸ ਮਹੱਤਵ ਹੈ। ਉਨ੍ਹਾਂ ਉਮੀਦ ਜਤਾਈ ਕਿ ਦੋਵੇਂ ਦੇਸ਼ ਆਪਣੇ ਦਰਮਿਆਨ ਤਾਲਮੇਲ ਬਿਠਾਈ ਰੱਖਣਗੇ।

## ਸੰਨ 2030 ਤਕ ਹੋਰ ਭਿਆਨਕ ਹੋ ਜਾਵੇਗੀ 'ਏਡਜ਼'

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕੌਮਾਂਤਰੀ ਸਿਹਤ ਸੰਗਠਨ ਨੇ ਆਪਣੀ ਇਕ ਰਿਪੋਰਟ ਵਿਚ ਦਾਅਵਾ ਕੀਤਾ ਹੈ ਕਿ ਜੇਕਰ ਸਮਾਂ ਰਹਿੰਦੇ ਏਡਜ਼ ਦੀ ਬਿਮਾਰੀ 'ਤੇ ਕਾਬੂ ਨਹੀਂ ਪਾਇਆ ਗਿਆ ਤਾਂ ਸੰਨ 2030 ਤਕ ਰੋਜ਼ਾਨਾ ਤਕਰੀਬਨ 80 ਲੋਕਾਂ ਦੀ ਮੌਤ ਸਿਰਫ਼ ਇਸ ਲਾਇਲਾਜ ਬਿਮਾਰੀ ਕਰਕੇ ਹੋਣ ਲੱਗ ਜਾਵੇਗੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦੱਖਣੀ ਏਸ਼ੀਆ ਵਿਚ ਬੱਚਿਆਂ, ਅੱਲ੍ਹੜਾਂ ਤੇ ਗਰਭਵਤੀ ਔਰਤਾਂ ਵਿਚ ਏਡਜ਼ ਦੀ ਲਾਗ ਬੇਹੱਦ ਤੇਜ਼ੀ ਨਾਲ ਫੈਲ ਰਹੀ ਹੈ। ਪਾਕਿਸਤਾਨ ਵਿਚ ਤਕਰੀਬਨ 5,800, ਨੇਪਾਲ ਵਿਚ 1,600, ਬੰਗਲਾਦੇਸ਼ ਵਿਚ ਤਕਰੀਬਨ 1,000 ਤੇ ਦੱਖਣੀ ਏਸ਼ੀਆ ਵਿਚੋਂ ਸਭ ਤੋਂ ਵੱਧ 1,20,000 ਏਡਜ਼ ਗ੍ਰਸਤ ਲੋਕ ਭਾਰਤ ਵਿਚ ਰਹਿੰਦੇ ਹਨ। ਰਿਪੋਰਟ ਵਿਚ ਚੇਤਾਵਨੀ ਦਿੱਤੀ ਗਈ ਹੈ ਕਿ ਜੇਕਰ ਸਮਾਂ ਰਹਿੰਦੇ ਕਾਬੂ ਨਹੀਂ ਕੀਤਾ ਗਿਆ ਤਾਂ ਸਾਲ 2030 ਤਕ ਹਰ ਰੋਜ਼ ਤਕਰੀਬਨ 80 ਲੋਕ ਇਸ ਬਿਮਾਰੀ ਕਾਰਨ ਮਰਿਆ ਕਰਨਗੇ। ਯੂਨੀਸੈਫ ਦੇ ਮੁਖੀ ਹੇਨਰੀਏਟਾ ਫ਼ੋਰ ਨੇ ਕਿਹਾ ਕਿ ਰਿਪੋਰਟ ਇਸ ਗੱਲ ਨੂੰ ਸਪੱਸ਼ਟ ਕਰਦੀ ਹੈ ਕਿ ਅੱਲ੍ਹੜ ਉਮਰ ਦੇ ਨੌਜਵਾਨਾਂ ਵਿੱਚ ਏਡਜ਼ ਦਾ ਖ਼ਾਤਮਾ ਬੇਹੱਦ ਲਾਜ਼ਮੀ ਹੈ। ਹਾਲਾਂਕਿ, ਰਿਪੋਰਟ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਪਿਛਲੇ ਅੱਠ ਸਾਲਾਂ ਦੌਰਾਨ ਮਾਂ ਦੇ ਗਰਭ ਵਿੱਚ ਬੱਚੇ ਨੂੰ ਹੋਣ ਵਾਲੀ ਐਚਆਈਵੀ ਇਨਫੈਕਸ਼ਨ ਨੂੰ 40% ਤਕ ਘਟਾ ਲਿਆ ਹੈ, ਪਰ ਹਾਲੇ ਵੀ ਬੱਚਿਆਂ ਦੇ ਇਸ ਬਿਮਾਰੀ ਦੀ ਲਪੇਟ ਵਿੱਚ ਆਉਣ ਦੇ ਦੋ ਤਿਹਾਈ ਮਾਮਲੇ ਜੱਚਾ ਤੋਂ ਬੱਚੇ ਨੂੰ ਇਨਫੈਕਸ਼ਨ ਹੋਣ ਦੇ ਸਾਹਮਣੇ ਆ ਰਹੇ ਹਨ।

# ਬੰਦੀ ਸਿੰਘਾਂ ਦੀ ਰਿਹਾਈ ਲਈ ਸਰਕਾਰ ਮੁੜ ਸਰਗਰਮ



**ਜਲੰਧਰ/ਬਿਊਰੋ ਨਿਊਜ਼ :** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਮੌਕੇ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ 'ਚ ਬੰਦ ਸਜ਼ਾ ਪੂਰੀ ਕਰ ਚੁੱਕੇ ਸਿੱਖ ਬੰਦੀਆਂ ਦੀ ਰਿਹਾਈ ਦੀਆਂ ਸੰਭਾਵਨਾਵਾਂ ਤਲਾਸ਼ੀਆਂ ਜਾ ਰਹੀਆਂ ਹਨ। ਪੰਜਾਬ ਸਰਕਾਰ ਸਿੱਖ ਭਾਈਚਾਰੇ ਪ੍ਰਤੀ ਸਦਭਾਵਨਾ ਦਾ ਪ੍ਰਗਟਾਵਾ ਕਰਨ ਲਈ ਇਸ ਖਾਤਿਰ ਸਰਗਰਮ ਹੋਈ ਦੱਸੀ ਜਾਂਦੀ ਹੈ। ਸੂਤਰਾਂ ਮੁਤਾਬਕ ਅਜਿਹੇ 18 ਸਿੱਖ ਬੰਦੀਆਂ ਦੇ ਕੇਸ ਮਨਜ਼ੂਰੀ ਲਈ ਪੰਜਾਬ ਸਰਕਾਰ ਵਲੋਂ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭੇਜੇ ਜਾ ਰਹੇ ਹਨ। ਪਤਾ ਲੱਗਾ ਹੈ ਕਿ ਇਸ ਸਬੰਧੀ ਸਾਰੇ ਵੇਰਵੇ ਤੇ ਤੱਥ ਇਕੱਤਰ ਕਰ ਲਏ ਗਏ ਹਨ। ਗੌਰਤਲਬ ਹੈ ਕਿ ਬਰਗਾੜੀ ਇਨਸਾਫ਼ ਮੋਰਚੇ ਦੀ ਵੀ ਇਕ ਮੰਗ ਇਹ ਹੈ ਕਿ ਸਾਰੇ ਸਿੱਖ ਬੰਦੀ ਰਿਹਾਅ ਕੀਤੇ ਜਾਣ।

ਪੰਜਾਬ ਦੇ ਜੇਲ੍ਹਾਂ ਬਾਰੇ ਮੰਤਰੀ ਸ. ਸੁਖਜਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਸਜ਼ਾ ਭੁਗਤ ਚੁੱਕੇ ਸਿੱਖ ਬੰਦੀਆਂ ਦੀ ਸੂਚੀ ਤਿਆਰ ਕਰਵਾਈ ਗਈ ਹੈ ਤੇ ਰਿਪੋਰਟਾਂ ਤਿਆਰ ਕਰਨ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਜਿਹੇ ਬੰਦੀਆਂ ਦੀ ਰਿਹਾਈ ਲਈ ਕੇਂਦਰ ਸਰਕਾਰ ਨੂੰ ਸਿਫ਼ਾਰਸ਼ ਭੇਜਣਗੇ। ਸ: ਰੰਧਾਵਾ ਨੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾਂ ਗੁਰਪੁਰਬ ਸਮਾਗਮਾਂ ਮੌਕੇ ਸਜ਼ਾ ਭੁਗਤ ਚੁੱਕੇ ਸਾਰੇ ਸਿੱਖ ਬੰਦੀਆਂ ਦੀ ਰਿਹਾਈ ਨਾਲ ਚੰਗਾ ਸੰਕੇਤ ਦਿੱਤਾ ਜਾਵੇ ਤੇ ਸਿੱਖ ਸਮਾਜ ਦੀ ਮੰਗ ਨੂੰ ਪੂਰਾ ਕੀਤਾ ਜਾਵੇ।

ਸਰਕਾਰ ਦੇ ਵਿਚਾਰਗੋਚਰੇ 18 ਬੰਦੀਆਂ ਵਿਚੋਂ 5 ਬੁੜੈਲ ਜੇਲ੍ਹ ਚੰਡੀਗੜ੍ਹ, 3 ਉੱਤਰ ਪ੍ਰਦੇਸ਼ ਦੀ ਮੁਰਾਦਾਬਾਦ ਕੇਂਦਰੀ ਜੇਲ੍ਹ ਅਤੇ ਇਕ-ਇਕ ਤਿਹਾੜ ਜੇਲ੍ਹ ਦਿੱਲੀ ਤੇ ਜੈਪੁਰ ਦੀ ਜੇਲ੍ਹ ਵਿਚ ਹਨ। ਬਾਕੀ ਸਾਰੇ ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਹਨ। ਵਰਨਣਯੋਗ ਹੈ ਕਿ ਉਕਤ ਸਾਰੇ ਬੰਦੀਆਂ ਨੂੰ ਪੰਜਾਬ ਤੋਂ ਬਾਹਰਲੇ ਰਾਜਾਂ 'ਚ ਸਜ਼ਾਵਾਂ ਹੋਈਆਂ ਹਨ ਤੇ ਪਿਛਲੇ ਸਾਲਾਂ 'ਚ ਪਿਤਰੀ ਰਾਜ ਹੋਣ ਕਰਕੇ ਪੰਜਾਬ ਦੀਆਂ ਜੇਲ੍ਹਾਂ ਵਿਚ ਤਬਦੀਲ ਕੀਤੇ ਗਏ ਹਨ। ਸਰਕਾਰੀ ਸੂਤਰਾਂ ਅਨੁਸਾਰ ਉਕਤ ਕੈਦੀਆਂ ਵਿਚੋਂ ਕੁਝ ਹੋਰ ਨੂੰ ਪੰਜਾਬ 'ਚ ਤਬਦੀਲ ਕੀਤੇ ਜਾਣ ਬਾਰੇ ਵੀ ਸਬੰਧਿਤ ਰਾਜਾਂ ਨਾਲ ਚਿੱਠੀ-ਪੱਤਰ ਚੱਲ ਰਿਹਾ ਹੈ। ਪਤਾ ਲੱਗਾ ਹੈ ਕਿ ਜੇਲ੍ਹਾ 'ਚ ਬੰਦ ਸਾਰੇ ਕੈਦੀਆਂ ਦੀ ਰਿਹਾਈ ਲਈ ਸਬੰਧਿਤ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਤੇ ਐਸਐਸਪੀਜ਼ ਨੂੰ ਰਿਪੋਰਟ ਦੇਣ ਲਈ ਕਿਹਾ ਜਾ ਰਿਹਾ ਹੈ। ਪਹਿਲਾਂ ਵੀ ਸ਼ਤਾਬਦੀਆਂ ਮੌਕੇ ਕੈਦੀਆਂ ਦੀ ਰਿਹਾਈ ਬਾਰੇ ਫ਼ੈਸਲੇ ਲਏ ਜਾਂਦੇ ਹਨ ਪਰ ਕੈਪਟਨ ਸਰਕਾਰ ਇਸ ਮੌਕੇ ਸਿੱਖ ਪੰਥ ਤੇ ਸੰਗਠਨਾਂ ਦੀ ਕਾਫ਼ੀ ਸਮੇਂ ਤੋਂ ਚਲੀ ਆ ਰਹੀ ਕੈਦ ਭੁਗਤ ਚੁੱਕੇ ਬੰਦੀਆਂ ਦੀ ਰਿਹਾਈ ਦਾ ਫ਼ੈਸਲਾ ਕਰਕੇ ਸਿੱਖ ਭਾਈਚਾਰੇ ਅੰਦਰ ਚੰਗਾ ਸੰਕੇਤ ਦੇਣਾ ਚਾਹੁੰਦੀ ਹੈ। ਰਿਹਾਅ ਕੀਤੇ ਜਾਣ ਵਾਲੇ 18 ਸਿੱਖ ਬੰਦੀਆਂ ਵਿਚੋਂ ਬਹੁਤੇ ਅਜਿਹੇ ਹਨ ਜਿਨ੍ਹਾਂ ਨੇ ਅਦਾਲਤ ਵਲੋਂ ਦਿੱਤੀ ਸਜ਼ਾ ਤੋਂ ਕਈ-ਕਈ ਸਾਲ ਵੱਧ ਸਜ਼ਾ ਭੁਗਤ ਲਈ ਹੈ। 18 ਸਿੱਖ ਬੰਦੀਆਂ ਵਿਚ ਨਾਭਾ ਜੇਲ੍ਹ 'ਚ ਬੰਦ ਲਾਲ ਸਿੰਘ, ਦਿਲਬਾਗ ਸਿੰਘ ਅਤੇ ਬਲਵੀਰ ਸਿੰਘ ਬੀਰਾ, ਅੰਮ੍ਰਿਤਸਰ ਜੇਲ੍ਹ 'ਚ ਬੰਦ ਪ੍ਰੋ. ਦੇਵਿੰਦਰਪਾਲ ਸਿੰਘ ਭੁੱਲਰ ਤੇ ਗੁਰਦੀਪ ਸਿੰਘ ਖਹਿਰਾ, ਤਿਹਾੜ ਜੇਲ੍ਹ 'ਚ ਦਯਾ ਸਿੰਘ ਲਾਹੌਰੀਆ, ਚੰਡੀਗੜ੍ਹ ਬੁੜੈਲ ਜੇਲ੍ਹ 'ਚ ਲਖਵਿੰਦਰ ਸਿੰਘ ਲੱਖਾ, ਗੁਰਮੀਤ ਸਿੰਘ, ਸ਼ਮਸ਼ੇਰ ਸਿੰਘ, ਪਰਮਜੀਤ ਸਿੰਘ ਭਿਉਰਾ ਅਤੇ ਜਗਤਾਰ ਸਿੰਘ ਤਾਰਾ, ਜੈਪੁਰ ਜੇਲ੍ਹ 'ਚ ਹਰਨੇਕ ਸਿੰਘ ਭੱਪ, ਉਤਰ ਪ੍ਰਦੇਸ਼ ਦੀ ਮੁਰਾਦਾਬਾਦ ਕੇਂਦਰੀ ਜੇਲ੍ਹ 'ਚ ਸੁਰਿੰਦਰ ਸਿੰਘ ਛਿੰਦਾ, ਸਤਨਾਮ ਸਿੰਘ, ਦਿਆਲ ਸਿੰਘ ਅਤੇ ਸੁੱਚਾ ਸਿੰਘ ਅਤੇ ਪਟਿਆਲਾ ਕੇਂਦਰੀ ਜੇਲ੍ਹ 'ਚ ਸੁਬੇਗ ਸਿੰਘ ਤੇ ਨੰਦ ਸਿੰਘ ਬੰਦੀ ਹਨ। ਸੁਬੇਗ ਸਿੰਘ ਤੇ ਨੰਦ ਸਿੰਘ ਅਜਿਹੇ ਬੰਦੀ ਹਨ ਜਿਹੜੇ 30 ਸਾਲ ਤੋਂ ਵੱਧ ਸਮਾਂ ਕੈਦ ਭੁਗਤ ਚੁੱਕੇ ਹਨ। ਬਾਕੀ ਵੀ ਬਹੁਤੇ 25 ਸਾਲ ਤੋਂ ਵਧੇਰੇ ਸਮੇਂ ਤੋਂ ਜੇਲ੍ਹਾਂ 'ਚ ਬੰਦ ਹਨ ਤੇ ਇਹ ਲਗਪਗ ਸਾਰੇ ਇਸ ਸਮੇਂ ਬਜ਼ੁਰਗ ਅਵਸਥਾ ਵਿਚ ਹਨ। ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਉਕਤ ਸਾਰੇ ਕੈਦੀਆਂ ਦੇ ਕੇਸ ਬਣਾ ਕੇ ਕੇਂਦਰ ਸਰਕਾਰ ਨੂੰ ਭੇਜ ਰਹੀ ਹੈ ਤੇ ਆਉਣ ਵਾਲੇ ਦਿਨਾਂ ਵਿਚ ਕਿਸੇ ਸਮੇਂ ਵੀ ਉਨ੍ਹਾਂ ਦੀ ਪੱਕੀ ਰਿਹਾਈ ਦੇ ਹੁਕਮ ਵੀ ਹੋ ਸਕਦੇ ਹਨ।

# ਹੁਣ ਸਿੱਖ ਕਤਲੇਆਮ ਦੀ ਜਾਂਚ ਲਈ ਦੋ ਮੈਂਬਰੀ ਟੀਮ ਹੀ ਮਨਜ਼ੂਰ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕੇਂਦਰ ਨੇ ਸੁਪਰੀਮ ਕੋਰਟ ਨੂੰ ਕਿਹਾ ਹੈ ਕਿ ਸੰਨ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ 186 ਮਾਮਲਿਆਂ ਦੀ ਨਿਗਰਾਨੀ ਕਰ ਰਹੀ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ ਦੇ ਇਕ ਮੈਂਬਰ ਸੇਵਾ ਮੁਕਤ ਆਈਪੀਐਸ ਅਫਸਰ ਰਾਜਦੀਪ ਸਿੰਘ ਵੱਲੋਂ ਅਸਮਰੱਥਾ ਜ਼ਾਹਿਰ ਕੀਤੇ ਜਾਣ ਕਾਰਨ ਉਨ੍ਹਾਂ ਦੀ ਥਾਂ ਕਿਸੇ ਹੋਰ ਨੂੰ ਨਿਯੁਕਤ ਕੀਤੇ ਜਾਣ ਦੀ ਜ਼ਰੂਰਤ ਨਹੀਂ ਹੈ।



ਕੇਂਦਰ ਸਰਕਾਰ ਨੇ ਜਸਟਿਸ ਮਦਨ ਬੀ ਲੋਕੁਰ ਤੇ ਦੀਪਕ ਗੁਪਤਾ 'ਤੇ ਆਧਾਰਤ ਬੈਂਚ ਨੂੰ ਕਿਹਾ ਕਿ ਜੇਕਰ ਵਿਸ਼ੇਸ਼ ਜਾਂਚ ਟੀਮ (ਸਿੱਟ) ਦੇ ਬਾਕੀ ਦੋ ਮੈਂਬਰ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਟ ਐਸਐਨ ਢੀਂਗਰਾ ਤੇ ਮੌਜੂਦਾ ਆਈਪੀਐਸ ਅਫਸਰ ਅਭਿਸ਼ੇਕ ਦੁਲਾਰ ਕੇਸਾਂ ਦੀ ਜਾਂਚ ਜਾਰੀ ਰੱਖਣ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ। ਬੈਂਚ ਨੇ ਕਿਹਾ ਕਿ ਕਿਉਂਕਿ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ ਗਠਿਤ ਕਰਨ ਦਾ ਫ਼ੈਸਲਾ 11 ਜਨਵਰੀ ਨੂੰ ਤਿੰਨ ਜੱਜਾਂ 'ਤੇ ਆਧਾਰਤ ਬੈਂਚ ਨੇ ਲਿਆ ਸੀ ਅਤੇ ਉਹ ਦੋ ਜੱਜਾਂ ਦੇ ਰੂਪ ਵਿਚ ਇਸ 'ਚ ਸੁਧਾਰ ਨਹੀਂ ਕਰ ਸਕਦੇ। ਵਧੀਕ ਸੋਲੀਸਿਟਰ ਜਨਰਲ (ਏਐਸਜੀ) ਪਿੰਕੀ ਆਨੰਦ ਨੇ ਕੇਂਦਰ ਵੱਲੋਂ ਅਦਾਲਤ 'ਚ ਪੇਸ਼ ਹੁੰਦਿਆਂ ਕਿਹਾ ਕਿ ਅਪੀਲਕਰਤਾ ਦੇ ਵਕੀਲ ਦੇ ਇਸ ਸੁਝਾਅ 'ਤੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ ਕਿ ਦੋ ਮੈਂਬਰ ਆਪਣਾ ਕੰਮ ਜਾਰੀ ਰੱਖ ਸਕਦੇ ਹਨ। ਜ਼ਿਕਰਯੋਗ ਹੈ ਕਿ ਸਿਖਰ ਅਦਾਲਤ ਨੇ 11 ਜਨਵਰੀ ਨੂੰ ਸਾਬਕਾ ਜਸਟਿਸ ਐਸਐਨ ਢੀਂਗਰਾ ਦੀ ਪ੍ਰਧਾਨਗੀ ਹੇਠ ਤਿੰਨ ਮੈਂਬਰੀ ਟੀਮ ਗਠਿਤ ਕੀਤੀ ਸੀ। ਟੀਮ ਨੇ ਸੰਨ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਉਨ੍ਹਾਂ 186 ਮਾਮਲਿਆਂ ਦੀ ਅਗਲੇਰੀ ਜਾਂਚ ਕਰਨੀ ਸੀ, ਜਿਨ੍ਹਾਂ ਨੂੰ ਬੰਦ ਕਰਨ ਲਈ ਪਹਿਲਾਂ ਰਿਪੋਰਟ ਦਾਖਲ ਕੀਤੀ ਗਈ ਸੀ। ਨਵੰਬਰ-1984 ਦੇ ਸਿੱਖ ਕਤਲੇਆਮ ਦੌਰਾਨ ਪੁਲਬੰਗਸ਼ ਗੁਰਦੁਆਰੇ ਨੂੰ ਸਾੜਨ ਤੇ ਹੈੱਡ ਗ੍ਰੰਥੀ ਬਾਦਲ ਸਿੰਘ ਦੇ ਕਤਲ ਵਿੱਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨਾਲ ਜੁੜੇ ਮਾਮਲੇ ਵਿਚ ਜੇਲ੍ਹ ਵਿਚ ਬੰਦ ਅਭਿਸ਼ੇਕ ਵਰਮਾ ਦਾ ਲਾਈ-ਡਿਟੈਕਟਰ ਟੈਸਟ ਰੋਹਿਣੀ ਵਿਚ ਦਿੱਲੀ ਸਰਕਾਰ ਦੀ ਸੀਐਸਐਫਐਲ ਵਿਖੇ ਚੱਲ ਰਿਹਾ ਹੈ। ਦਿੱਲੀ ਕਮੇਟੀ ਦੇ ਕਾਨੂੰਨੀ ਸੈੱਲ ਦੇ ਆਗੂ ਜੇਐੱਸ. ਜੌਲੀ ਨੇ ਦੱਸਿਆ ਕਿ ਅਭਿਸ਼ੇਕ ਵਰਮਾ ਨੇ ਲਾਈ-ਡਿਟੈਕਟਰ ਟੈਸਟ ਕਰਵਾਉਣ ਦੀ ਹਾਮੀ ਭਰ ਦਿੱਤੀ ਸੀ ਜਿਸ ਮਗਰੋਂ ਕੜਕੜਡੂਮਾ ਅਦਾਲਤ ਨੇ ਵਧੀਕ ਮੁੱਖ ਮੈਟਰੋਪੋਲਿਟਨ ਮੈਜਿਸਟ੍ਰੇਟ ਅਮਿਤ ਕੁਮਾਰ ਨੇ ਹਥਿਆਰ ਵਪਾਰੀ ਅਭਿਸ਼ੇਕ ਵਰਮਾ ਦਾ ਉਪਰੋਕਤ ਟੈਸਟ ਕਰਨ ਦਾ ਹੁਕਮ ਦਿੱਤਾ ਸੀ ਪਰ ਮਸ਼ੀਨ ਦੀ ਖਰਾਬੀ ਕਾਰਨ ਇਹ ਸੰਭਵ ਨਹੀਂ ਹੋ ਸਕਿਆ ਸੀ। ਜਗਦੀਸ਼ ਟਾਈਟਲਰ ਨੇ ਇਸ ਟੈਸਟ ਵਿੱਚੋਂ ਲੰਘਣ ਤੋਂ ਇਨਕਾਰ ਕਰ ਦਿੱਤਾ ਸੀ।

# ਸਿੱਖ ਕੁੜੀ ਮੁਸਲਮਾਨ ਸਹੇਲੀ ਦੀ ਜਾਨ ਬਚਾਉਣ ਵਾਸਤੇ ਗੁਰਦਾ ਦੇਣ ਲਈ ਰਾਜ਼ੀ ਪਰ ਪਰਿਵਾਰ ਨਾਖੁਸ਼

*ਅਪਾਹਜ ਪਿਤਾ ਨੇ ਆਪਣੀ ਧੀ ਨੂੰ ਫੈਸਲੇ 'ਤੇ ਮੁੜ ਵਿਚਾਰ ਕਰਨ ਲਈ ਕਿਹਾ*



ਮਨਜੋਤ ਕੋਹਲੀ (ਕਾਲੇ ਕੁੜਤੇ 'ਚ) ਆਪਣੀ ਸਹੇਲੀ ਸਮਰੀਨ ਅਖ਼ਤਰ ਨਾਲ

ਜੰਮੂ/ਬਿਊਰੋ ਨਿਊਜ਼ :

ਜੰਮੂ-ਕਸ਼ਮੀਰ ਵਿਚ ਇਕ ਸਿੱਖ ਕੁੜੀ ਵੱਲੋਂ ਆਪਣੀ ਮੁਸਲਿਮ ਸਹੇਲੀ ਨੂੰ ਕਿਡਨੀ ਦੇਣ ਦਾ ਮਾਮਲਾ ਗਰਮਾਉਂਦਾ ਜਾ ਰਿਹਾ ਹੈ। ਸਮਾਜਿਕ ਤੇ ਮਨੁੱਖੀ ਅਧਿਕਾਰਾਂ ਬਾਰੇ ਕਾਰਕੁਨ ਮਨਜੋਤ ਸਿੰਘ ਕੋਹਲੀ (23 ਸਾਲ) ਨੇ ਹਾਲ ਹੀ 'ਚ ਰਾਜੌਰੀ ਜ਼ਿਲ੍ਹੇ 'ਚ ਰਹਿਣ ਵਾਲੀ ਆਪਣੀ 22 ਸਾਲਾ ਮੁਸਲਿਮ ਦੋਸਤ ਸਮਰੀਨ ਅਖ਼ਤਰ ਨੂੰ ਕਿਡਨੀ ਦੇਣ ਦਾ ਫ਼ੈਸਲਾ ਜਨਤਕ ਕੀਤਾ ਹੈ। ਉਸ ਦੇ ਪਰਿਵਾਰ ਨੂੰ ਇਸ 'ਤੇ ਇਤਰਾਜ਼ ਹੈ ਅਤੇ ਸ੍ਰੀਨਗਰ ਦਾ ਹਸਪਤਾਲ ਇਸ ਪ੍ਰਕਿਰਿਆ 'ਚ ਦੇਰੀ ਕਰ ਰਿਹਾ ਹੈ। ਉਸ ਦੇ ਅਪਾਹਜ ਪਿਤਾ ਨੇ ਆਪਣੀ ਧੀ ਨੂੰ ਫੈਸਲੇ 'ਤੇ ਮੁੜ ਵਿਚਾਰ ਕਰਨ ਲਈ ਕਿਹਾ ਹੈ ਅਤੇ ਨਾਲ ਹੀ ਇਸ ਮਾਮਲੇ 'ਚ ਸੂਬੇ ਦੇ ਰਾਜਪਾਲ ਤੋਂ ਵੀ ਦਖਲ ਮੰਗਿਆ ਹੈ।

ਮਨਜੋਤ ਦਾ ਪਿਤਾ ਗੁਰਦੀਪ ਸਿੰਘ 75 ਫੀਸਦ ਅਪਾਹਜ ਹੈ ਅਤੇ ਉਹ ਚੱਲਣ-ਫਿਰਨ ਤੋਂ ਅਸਮਰਥ ਹੈ। ਉਸ ਨੇ ਊਧਮਪੁਰ ਸਥਿਤ ਆਪਣੀ ਰਿਹਾਇਸ਼ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, 'ਮੈਂ ਹੱਥ ਜੋੜ ਕੇ ਆਪਣੀ ਧੀ ਨੂੰ ਮੈਨੂੰ ਇਸ ਪ੍ਰੇਸ਼ਾਨੀ ਤੋਂ ਰਾਹਤ ਦਿਵਾਉਣ ਲਈ ਇਹ ਫ਼ੈਸਲਾ ਬਦਲਣ ਦੀ ਅਪੀਲ ਕਰਦਾ ਹਾਂ। ਤੁਹਾਨੂੰ ਮੇਰੀ ਹਾਲਤ ਬਾਰੇ ਪਤਾ ਹੀ ਹੈ ਅਤੇ ਉਸ ਬਾਅਦ ਮੈਨੂੰ ਸੰਭਾਲਣ ਵਾਲਾ ਕੋਈ ਨਹੀਂ ਹੈ।'

ਉਨ੍ਹਾਂ ਸੌਰਾ ਦੇ ਸ਼ੇਰ-ਏ-ਕਸ਼ਮੀਰ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਐੱਸਕੇਆਈਐੱਮਐੱਸ) ਨੂੰ ਪਹਿਲਾਂ ਹੀ ਨੋਟਿਸ ਭੇਜਿਆ ਹੈ ਜਿਸ 'ਚ ਉਨ੍ਹਾਂ ਆਪਣੀ ਬੇਟੀ ਦੇ ਫ਼ੈਸਲੇ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਇਸ 'ਚ ਪਰਿਵਾਰ ਦੀ ਕੋਈ ਸਹਿਮਤੀ ਨਹੀਂ ਹੈ। ਮਨਜੋਤ ਸਿੰਘ (ਕੌਰ) ਦੇ ਮਾਪਿਆਂ ਨਾਲ ਸਾਲ 2014 'ਚ ਹਾਦਸਾ ਹੋਇਆ ਸੀ ਜਿਸ 'ਚ ਉਸ ਦੀ ਮਾਂ ਦੀ ਮੌਤ ਹੋ ਗਈ ਸੀ ਤੇ ਪਿਤਾ ਗੰਭੀਰ ਜ਼ਖ਼ਮੀ ਹੋ ਗਏ ਸਨ। ਗੁਰਦੀਪ ਸਿੰਘ ਦਾ ਵੱਡਾ ਅਪਰੇਸ਼ਨ ਹੋਇਆ ਸੀ। ਉਨ੍ਹਾਂ ਆਪਣੀ ਬੇਟੀ ਦੇ ਇਸ ਫ਼ੈਸਲੇ 'ਚ ਦਖਲ ਦੇਣ ਲਈ ਰਾਜਪਾਲ ਸੱਤਿਆਪਾਲ ਮਲਿਕ ਨੂੰ ਵੀ ਅਪੀਲ ਕੀਤੀ ਹੈ।

ਦੂਜੇ ਪਾਸੇ ਮਨਜੋਤ ਸਿੰਘ ਨੇ ਕਿਹਾ, ਕਿ 'ਅਸੀਂ ਪਿਛਲੇ ਚਾਰ ਸਾਲਾਂ ਤੋਂ ਦੋਸਤ ਹਾਂ ਅਤੇ ਮੈਂ ਜਜ਼ਬਾਤੀ ਤੌਰ 'ਤੇ ਉਸ ਨਾਲ ਜੁੜੀ ਹੋਈ ਹਾਂ। ਨਾਲ ਹੀ ਮੇਰਾ ਇਨਸਾਨੀਅਤ 'ਚ ਵੀ ਪੂਰਾ ਭਰੋਸਾ ਹੈ ਜੋ ਮੈਨੂੰ ਕਿਡਨੀ ਦਾਨ ਕਰਨ ਲਈ ਪ੍ਰੇਰਿਤ ਕਰ ਰਿਹਾ ਹੈ।' ਉਸ ਨੇ ਕਿਹਾ, 'ਅਖ਼ਤਰ ਮੇਰੀ ਦੋਸਤ ਰਹੀ ਹੈ ਅਤੇ ਮੁਸ਼ਕਿਲ ਸਮੇਂ 'ਚ ਮੇਰੇ ਨਾਲ ਰਹੀ ਹੈ। ਮੈਂ ਉਸ ਨੂੰ ਲੋੜ ਪੈਣ 'ਤੇ ਆਪਣੀ ਇਕ ਕਿਡਨੀ ਦੇਣ ਦਾ ਫ਼ੈਸਲਾ ਕੀਤਾ ਹੈ।'

# ਵਿਸ਼ਵ ਸਿੱਖ ਪਾਰਲੀਮੈਂਟ ਦੇ ਵਫਦ ਵੱਲੋਂ ਲਹਿੰਦੇ ਪੰਜਾਬ ਦੇ ਗਵਰਨਰ ਨਾਲ ਮੁਲਾਕਾਤ

**ਲਾਹੌਰ/ਬਿਊਰੋ ਨਿਊਜ਼ :** ਵਰਲਡ ਸਿੱਖ ਪਾਰਲੀਮੈਂਟ ਦੇ ਵਫਦ ਨੇ ਭਾਈ ਜੋਗਾ ਸਿੰਘ ਯੂਕੇ ਅਤੇ ਭਾਈ ਅਵਤਾਰ ਸਿੰਘ ਸੰਘੇੜਾ ਦੀ ਅਗਵਾਈ ਵਿਚ ਲਹਿੰਦੇ ਪੰਜਾਬ ਦੇ ਗਵਰਨਰ ਜਨਾਬ ਮੁਹੰਮਦ ਸਰਵਰ ਨਾਲ ਮੁਲਾਕਾਤ ਕੀਤੀ ਅਤੇ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਇਕ ਚਿੱਠੀ ਉਹਨਾਂ ਨੂੰ ਸੌਂਪੀ ਗਈ।



ਮੁਲਾਕਾਤ ਦੌਰਾਨ ਭਾਈ ਜੋਗਾ ਸਿੰਘ ਨੇ ਸਿੱਖ ਸੰਗਤਾਂ ਵਲੋਂ ਲੰਬੇ ਸਮੇਂ ਤੋਂ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹੇ ਜਾਣ ਦੀ ਮੰਗ ਨੂੰ ਪਾਕਿਸਤਾਨੀ ਸਰਕਾਰ ਵਲੋਂ ਪ੍ਰਵਾਨ ਕੀਤੇ ਜਾਣ ਦੀ ਸ਼ਲਾਘਾ ਕੀਤੀ ਅਤੇ ਪਾਕਿਸਤਾਨੀ ਆਗੂਆਂ ਵਲੋਂ ਭਾਰਤ ਸਰਕਾਰ ਵਲੋਂ ਪਾਏ ਜਾ ਰਹੇ ਅੜਿੱਕਿਆਂ ਦੇ ਬਾਵਜੂਦ ਲਏ ਗਏ ਇਸ ਫੈਸਲੇ ਨੂੰ ਦਲੇਰਾਨਾ ਅਤੇ ਸਿਧਾਂਤਕ ਕਰਾਰ ਦਿੱਤਾ ਹੈ। ਵਫਦ ਵਿਚ ਭਾਈ ਹਰਵਿੰਦਰ ਸਿੰਘ, ਭਾਈ ਰਣਜੀਤ ਸਿੰਘ ਵੀ ਸ਼ਾਮਲ ਸਨ। ਵਰਲਡ ਸਿੱਖ ਪਾਰਲੀਮੈਂਟ ਵਲੋਂ ਦਿੱਤੀ ਗਈ ਇਸ ਚਿੱਠੀ ਵਿਚ ਅਗਲੇ ਸਾਲ ਆ ਰਹੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਨੂੰ ਪਾਕਿਸਤਾਨ ਵਿਚ ਵੱਡੇ ਪੱਧਰ ਉਤੇ ਮਨਾਉਣ ਦਾ ਸੁਝਾਅ ਦਿੱਤਾ।

ਬਾਕੀ ਸਫ਼ਾ 28 'ਤੇ

# ਭਾਰਤ ਵਿਚ 3 ਕਰੋੜ ਤੋਂ ਵੱਧ ਨੌਜਵਾਨ ਬੇਰੁਜ਼ਗਾਰ

## ਪੋਸਟ ਗਰੈਜੂਏਟ ਆਲੂ-ਗੰਢੇ ਵੇਚਣ ਨੂੰ ਮਜਬੂਰ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਰੁਜ਼ਗਾਰ ਦਾ ਮਸਲਾ ਆਮ ਲੋਕਾਂ ਲਈ ਰੋਟੀ ਦਾ ਮਸਲਾ ਹੈ, ਤਨ ਢਕਣ ਦਾ ਮਸਲਾ ਹੈ, ਪਰਿਵਾਰ ਲਈ ਮੁਢਲੀਆਂ ਲੋੜਾਂ ਦੀ ਪੂਰਤੀ ਦਾ ਮਸਲਾ ਹੈ ਪਰ ਅਫਸੋਸ ਕਿ ਭਾਰਤ ਦੇ ਹਾਕਮਾਂ ਲਈ ਰੁਜ਼ਗਾਰ ਦਾ ਮਸਲਾ ਮਹਿਜ਼ ਇਕ ਚੋਣ ਚੋਚਲਾ ਹੈ। ਇਸ ਲਈ ਚੋਣ ਪ੍ਰਚਾਰ ਵੇਲੇ ਹਰ ਘਰ ਨੌਕਰੀ, ਕਰੋੜਾਂ ਲੱਖਾਂ ਨੌਕਰੀਆਂ ਪੈਦਾ ਕਰਕੇ ਦੇਣ ਦੇ ਲਿਖਤੀ ਵਾਅਦੇ ਚੋਣ ਮੈਨੀਫੈਸਟੋ ਵਿੱਚ ਕੀਤੇ ਜਾਂਦੇ ਹਨ ਪਰ ਸੱਤਾ ਵਾਲੇ ਤਖ਼ਤ 'ਤੇ ਬਹਿਣ ਮਗਰੋਂ ਸਿਆਸੀ ਪਾਰਟੀਆਂ ਨੂੰ ਰੁਜ਼ਗਾਰ ਕੋਈ ਮਸਲਾ ਨਹੀਂ ਲੱਗਦਾ ਤੇ ਹਿੰਦੂ-ਮੁਸਲਮ ਦੀ ਸਿਆਸਤ ਸ਼ੁਰੂ ਹੋ ਜਾਂਦੀ ਹੈ, ਜਿਵੇਂ ਮੌਜੂਦਾ ਭਗਵਾਂਧਾਰੀਆਂ ਦੀ ਹਕੂਮਤ ਕਰ ਰਹੀ ਹੈ।
ਸੰਨ 2014 ਵਿਚ ਲੋਕ ਸਭਾ ਦੀਆਂ ਚੋਣਾਂ ਸਮੇਂ ਨਰਿੰਦਰ ਮੋਦੀ ਨੇ ਨੌਜਵਾਨਾਂ ਲਈ 1 ਕਰੋੜ ਨੌਕਰੀਆਂ ਸਿਰਜਣ ਦਾ ਵਾਅਦਾ ਕੀਤਾ ਸੀ ਜੋ ਅਜੇ ਤੱਕ ਪੂਰਾ ਨਹੀਂ ਹੋ ਸਕਿਆ। ਇਕ ਜਾਣਕਾਰੀ ਮੁਤਾਬਿਕ ਦੇਸ਼ ਵਿਚ 3 ਕਰੋੜ ਤੋਂ ਜ਼ਿਆਦਾ ਨੌਜਵਾਨ ਬੇਰੋਜ਼ਗਾਰ ਹਨ।




## ਚਪੜਾਸੀ ਮਾਲੀ ਲੱਗਣ ਲਈ ਇੰਜੀਨੀਅਰ, ਵਕੀਲ ਭਰਦੇ ਨੇ ਫਾਰਮ

ਬੇਰੋਜ਼ਗਾਰੀ ਦੀ ਸਥਿਤੀ ਦਾ ਅੰਦਾਜ਼ਾ ਇਸੇ ਤੋਂ ਲਾਇਆ ਜਾ ਸਕਦਾ ਹੈ ਕਿ ਪਿਛਲੇ ਸਾਲ ਰਾਜਸਥਾਨ ਵਿਧਾਨ ਸਭਾ ਸਕੱਤਰੇਤ ਵਲੋਂ ਚਪੜਾਸੀਆਂ ਦੇ 18 ਅਹੁਦਿਆਂ ਲਈ ਅਪਲਾਈ ਕਰਨ ਵਾਲੇ 13,000 ਉਮੀਦਵਾਰਾਂ ਵਿਚ 129 ਇੰਜੀਨੀਅਰ, 23 ਵਕੀਲ, ਇਕ ਚਾਰਟਰਡ ਅਕਾਊਂਟੈਂਟ ਅਤੇ 393 ਆਰਟਸ ਵਿਚ ਪੋਸਟ-ਗ੍ਰੈਜੂਏਟ ਸਨ। ਰਾਜਸਥਾਨ ਦੇ ਦੌਸਾ ਵਿਚ ਇਤਿਹਾਸ ਵਿਚ ਪੋਸਟ-ਗ੍ਰੈਜੂਏਟ ਇਕ ਨੌਜਵਾਨ ਨੂੰ ਸਬਜ਼ੀ ਦੀ ਰੇਹੜੀ ਲਾਉਂਦੇ ਦੇਖਿਆ ਗਿਆ।
ਇਸ ਸਾਲ ਜਨਵਰੀ ਵਿਚ ਮੱਧ ਪ੍ਰਦੇਸ਼ ਵਿਚ 8ਵੀਂ ਪਾਸ ਯੋਗਤਾ ਅਤੇ 7500 ਰੁਪਏ ਮਹੀਨਾ ਤਨਖਾਹ ਵਾਲੀ ਚਪੜਾਸੀ ਦੀ ਨੌਕਰੀ ਦੇ 57 ਅਹੁਦਿਆਂ ਲਈ ਮਿਲਣ ਵਾਲੀਆਂ 60,000 ਅਰਜ਼ੀਆਂ ਵਿਚ ਵੱਡੀ ਗਿਣਤੀ ਵਿਚ ਇੰਜੀਨੀਅਰ, ਐਮਬੀਏ. ਅਤੇ ਪੀਐਚਡੀ. ਉਮੀਦਵਾਰਾਂ ਦੀਆਂ ਅਰਜ਼ੀਆਂ ਸ਼ਾਮਿਲ ਸਨ।
ਹੁਣੇ ਜਿਹੇ ਪੰਜਾਬ ਤੇ ਹਰਿਆਣਾ ਸਰਕਾਰਾਂ ਵਲੋਂ 'ਜੇਲ ਵਾਰਡਨ' ਅਤੇ ਚੌਥੇ ਦਰਜੇ ਦੀਆਂ ਚਪੜਾਸੀ, ਮਾਲੀ ਤੇ ਬੇਲਦਾਰ ਦੀਆਂ ਆਸਾਮੀਆਂ ਲਈ ਅਪਲਾਈ ਕਰਨ ਵਾਲਿਆਂ ਵਿਚ ਇੰਜੀਨੀਅਰਾਂ ਤੋਂ ਲੈ ਕੇ ਅਧਿਆਪਕ ਅਤੇ ਹੋਰ ਉੱਚ ਸਿੱਖਿਆ ਪ੍ਰਾਪਤ ਉਮੀਦਵਾਰ ਸ਼ਾਮਿਲ ਹਨ। ਪੰਜਾਬ ਵਿਚ ਜੇਲ ਵਾਰਡਨਾਂ ਦੀਆਂ 267 ਆਸਾਮੀਆਂ ਲਈ 57,000 ਬਿਨੈਕਾਰਾਂ ਵਿਚ 20000 ਗ੍ਰੈਜੂਏਟ, 22000 ਪੋਸਟ-ਗ੍ਰੈਜੂਏਟ, 1700 ਇੰਜੀਨੀਅਰ ਅਤੇ ਹੋਰ ਯੋਗਤਾ ਪ੍ਰਾਪਤ ਉਮੀਦਵਾਰ ਸ਼ਾਮਿਲ ਹਨ। ਪੁਲਸ ਕਾਂਸਟੇਬਲ ਦੇ ਬਰਾਬਰ ਦੇ ਇਸ ਅਹੁਦੇ 'ਤੇ ਤਾਇਨਾਤ ਮੁਲਾਜ਼ਮਾਂ ਦੀ ਡਿਊਟੀ ਵਿਚ ਜੇਲਾਂ ਵਿਚ ਬੰਦ ਗੁੰਡਾ ਅਨਸਰਾਂ, ਗੈਂਗਸਟਰਾਂ ਅਤੇ ਸ਼ਾਤਿਰ ਅਪਰਾਧੀਆਂ ਨੂੰ ਕਾਬੂ ਵਿਚ ਰੱਖਣਾ ਸ਼ਾਮਿਲ ਹੈ। ਇਸ ਆਸਾਮੀ ਲਈ ਘੱਟੋ-ਘੱਟ ਵਿੱਦਿਅਕ ਯੋਗਤਾ ਇੰਟਰਮੀਡੀਏਟ (12ਵੀਂ ਕਲਾਸ) ਪਾਸ ਹੈ ਪਰ ਇਸ ਅਹੁਦੇ ਲਈ ਵੱਡੀ ਗਿਣਤੀ ਵਿਚ ਉੱਚ ਯੋਗਤਾ ਪ੍ਰਾਪਤ ਉਮੀਦਵਾਰਾਂ ਵਲੋਂ ਸਰੀਰਕ ਜਾਂਚ ਪ੍ਰੀਖਿਆ ਪਾਸ ਕਰ ਲੈਣ ਤੋਂ ਬਾਅਦ ਸਬੰਧਿਤ ਅਧਿਕਾਰੀ ਚੌਂਚਿੱਤੀ ਵਿਚ ਪੈ ਗਏ ਹਨ।
ਅਧਿਕਾਰੀਆਂ ਦਾ ਕਹਿਣਾ ਹੈ ਕਿ "ਇਸ ਅਹੁਦੇ 'ਤੇ ਨਿਯੁਕਤ ਉੱਚ ਯੋਗਤਾ ਪ੍ਰਾਪਤ ਉਮੀਦਵਾਰਾਂ ਤੋਂ ਜੇਲਾਂ ਵਿਚ ਅਨੁਸ਼ਾਸਨ ਬਣਾਈ ਰੱਖਣ ਲਈ ਤਾਕਤ ਦੀ ਵਰਤੋਂ ਕਰਨ ਦੀ ਉਮੀਦ ਕਰਨਾ ਫਜ਼ੂਲ ਹੀ ਹੋਵੇਗਾ। ਪਹਿਲਾਂ ਹੀ ਅਸੀਂ ਕੁਝ ਸਮਾਂ ਪਹਿਲਾਂ ਪੰਜਾਬ ਪੁਲਸ ਵਿਚ ਭਰਤੀ ਕੀਤੇ ਗਏ ਕਾਂਸਟੇਬਲਾਂ ਦੇ ਮਾਮਲੇ ਵਿਚ ਸਮੱਸਿਆਵਾਂ ਝੱਲ ਰਹੇ ਹਾਂ।"
ਇਸੇ ਨੂੰ ਦੇਖਦਿਆਂ ਹੁਣ ਨਵੇਂ ਰੰਗਰੂਟਾਂ ਨੂੰ ਜੇਲ ਦੀ ਡਿਊਟੀ ਕਰਨ ਵਿਚ ਸਮਰੱਥ ਬਣਾਉਣ ਲਈ ਅਧਿਕਾਰੀਆਂ ਨੇ ਉਨ੍ਹਾਂ ਦੀ ਸਿਖਲਾਈ ਦੀ ਮਿਆਦ ਹੋਰ 6 ਮਹੀਨੇ ਵਧਾਉਣ ਦਾ ਫੈਸਲਾ ਲਿਆ ਹੈ।

## ਪ੍ਰੋਫੈਸਰ ਲੱਗਣ ਦੇ ਹੱਕਦਾਰ ਬੇਲਦਾਰ ਭਰਤੀ ਹੋਣ ਨੂੰ ਵੀ ਤਿਆਰ

ਹਰਿਆਣੇ ਵਿਚ ਵੀ ਸਥਿਤੀ ਇਸ ਨਾਲੋਂ ਵੱਖਰੀ ਨਹੀਂ ਹੈ ਅਤੇ ਉਥੇ ਚਪੜਾਸੀ, ਮਾਲੀ ਤੇ ਬੇਲਦਾਰ ਦੇ ਗਰੁੱਪ-ਡੀ ਵਿਚ 20,000 ਰੁਪਏ ਮਹੀਨਾ ਤਨਖਾਹ ਵਾਲੇ ਚੌਥੇ ਦਰਜੇ ਦੇ 18216 ਅਹੁਦਿਆਂ ਲਈ ਪਿਛਲੇ ਸਾਲ ਨਵੰਬਰ ਵਿਚ ਲਿਖਤੀ ਇਮਤਿਹਾਨ ਵਿਚ ਬੈਠਣ ਵਾਲੇ 9 ਲੱਖ ਉਮੀਦਵਾਰਾਂ ਵਿਚ ਅਧਿਆਪਕਾਂ ਸਮੇਤ ਕਈ ਉੱਚ ਸਿੱਖਿਆ ਪ੍ਰਾਪਤ ਉਮੀਦਵਾਰ ਸ਼ਾਮਿਲ ਸਨ। ਇਨ੍ਹਾਂ ਵਿਚ ਸੰਸਕ੍ਰਿਤ ਵਿਚ ਪੋਸਟ-ਗ੍ਰੈਜੂਏਟ ਡਿਗਰੀ ਨਾਲ ਇਕ ਬੀਐੱਡ. ਟੀਚਰ ਵੀ ਸ਼ਾਮਿਲ ਸੀ, ਜੋ ਇਕ ਪ੍ਰਾਈਵੇਟ ਸਕੂਲ ਵਿਚ 5000 ਰੁਪਏ ਮਹੀਨਾ ਤਨਖਾਹ 'ਤੇ ਪੜ੍ਹਾ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਬੀਐੱਡ. ਕਰਨ ਤੋਂ 10 ਸਾਲਾਂ ਬਾਅਦ ਵੀ ਉਹ ਸਰਕਾਰੀ ਸਕੂਲ ਵਿਚ ਨੌਕਰੀ ਹਾਸਿਲ ਨਹੀਂ ਕਰ ਸਕਿਆ, ਇਸ ਲਈ ਉਸ ਨੇ ਚਪੜਾਸੀ ਦੇ ਅਹੁਦੇ ਲਈ ਅਪਲਾਈ ਕੀਤਾ ਹੈ। ਇਸੇ ਤਰ੍ਹਾਂ ਮਾਸ ਕਮਿਊਨੀਕੇਸ਼ਨ ਵਿਚ ਮਾਸਟਰਜ਼ ਡਿਗਰੀ ਹੋਲਡਰ ਅਤੇ ਸੋਸ਼ਿਓਲੋਜੀ ਵਿਚ ਮਾਸਟਰਜ਼ ਡਿਗਰੀ ਹੋਲਡਰ ਉਮੀਦਵਾਰਾਂ ਤੋਂ ਇਲਾਵਾ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹਾਉਣ ਲਈ ਲਿਆ ਜਾਣ ਵਾਲਾ ਕੌਮੀ ਪਾਤਰਤਾ ਇਮਤਿਹਾਨ ਪਾਸ ਕਰ ਚੁੱਕੇ ਉਮੀਦਵਾਰ ਵੀ ਅਪਲਾਈ ਕਰਨ ਵਾਲਿਆਂ ਵਿਚ ਸ਼ਾਮਿਲ ਹਨ।

**ਪੋਸਟ-ਗਰੈਜੂਏਟ ਸਬਜ਼ੀ ਵੇਚਣ ਨੂੰ ਹੋਏ ਮਜਬੂਰ :** ਰਾਜਸਥਾਨ ਦੇ ਦੌਸਾ ਵਿਚ ਇਤਿਹਾਸ ਵਿਚ ਪੋਸਟ-ਗ੍ਰੈਜੂਏਟ ਇਕ ਨੌਜਵਾਨ ਨੂੰ ਸਬਜ਼ੀ ਦੀ ਰੇਹੜੀ ਲਾਉਂਦੇ ਦੇਖਿਆ ਗਿਆ। ਉਸ ਦਾ ਕਹਿਣਾ ਹੈ ਕਿ ਜਦੋਂ ਉਸ ਦੀ ਡਿਗਰੀ ਤੇ ਸੂਬਾ ਸਰਕਾਰ ਉਸ ਨੂੰ ਨੌਕਰੀ ਨਾ ਦਿਵਾ ਸਕੀ ਤਾਂ ਉਸ ਨੇ ਸਬਜ਼ੀ ਵੇਚਣ ਦਾ ਆਪਣਾ ਖ਼ੁਦ ਦਾ ਧੰਦਾ ਸ਼ੁਰੂ ਕਰ ਦਿੱਤਾ। ਹਾਲਾਂਕਿ ਕੋਈ ਵੀ ਕੰਮ ਛੋਟਾ ਨਹੀਂ ਹੁੰਦਾ ਪਰ ਘੱਟ ਯੋਗਤਾ ਵਾਲੇ ਅਹੁਦਿਆਂ ਲਈ ਉੱਚ ਸਿੱਖਿਆ ਪ੍ਰਾਪਤ ਉਮੀਦਵਾਰਾਂ ਵਲੋਂ ਅਰਜ਼ੀਆਂ ਦੇਣ ਲਈ ਮਜਬੂਰ ਹੋਣਾ ਕੋਈ ਚੰਗਾ ਸੰਕੇਤ ਨਹੀਂ ਹੈ। ਨੌਜਵਾਨਾਂ ਦਾ ਹੋਰ ਮੁਲਕਾਂ ਵਿੱਚ ਪ੍ਰਵਾਸ ਰੋਕਣ ਲਈ ਦੇਸ਼ ਵਿਚ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨਾ ਜ਼ਰੂਰੀ ਹੈ ਤਾਂ ਕਿ ਇਥੇ ਤਿਆਰ ਹੋ ਰਹੀਆਂ ਪ੍ਰਤਿਭਾਵਾਂ ਦੀ ਸਹੀ ਵਰਤੋਂ ਹੋ ਸਕੇ। ਵੈਸੇ ਅੱਜ ਦੀ ਘੜੀ ਤਾਂ ਇਸ ਮੁੱਦੇ ਉੱਤੇ ਗੱਲ ਕਰਨ ਦਾ ਕੋਈ ਫਾਇਦਾ ਹੀ ਨਹੀਂ, ਕਿਉਂਕਿ ਮੌਜੂਦਾ ਹਾਕਮ ਨਰੇਂਦਰ ਮੋਦੀ ਸਾਹਿਬ ਤਾਂ ਸਾਫ ਆਖ ਚੁੱਕੇ ਨੇ ਕਿ ਪਕੌੜੇ ਤਲ਼ ਕੇ ਵੇਚਣਾ ਵੀ ਤਾਂ ਰੁਜ਼ਗਾਰ ਹੈ..।

## ਪਾਠੀ ਸਿੰਘਾਂ ਦੇ ਮੰਦੇ ਹਾਲਾਤ ਦੀ 'ਪੰਥ' ਨੂੰ ਨਹੀਂ ਕੋਈ ਚਿੰਤਾ

**ਲੁਧਿਆਣਾ/ਬਿਊਰੋ ਨਿਊਜ਼ :** ਸਿੱਖ ਧਰਮ ਵਿਚ ਗੁਰੂ ਘਰ ਦੇ ਵਜ਼ੀਰ ਵੱਜੋਂ ਜਾਣੇ ਜਾਂਦੇ ਪਾਠੀ ਸਿੰਘਾਂ ਦੀ ਮਾਲੀ ਹਾਲਤ ਪਿਛਲੇ ਕਾਫ਼ੀ ਸਮੇਂ ਤੋਂ ਮੰਦੇਹਾਲ ਚਲੀ ਆ ਰਹੀ ਹੈ। ਇਨ੍ਹਾਂ ਕਥਿਤ "ਵਜ਼ੀਰਾਂ" ਨੂੰ ਇਕ ਦਿਹਾੜੀਦਾਰ ਮਜ਼ਦੂਰ ਨਾਲੋਂ ਵੀ ਘੱਟ ਮਿਹਨਤਾਨਾ ਮਿਲ ਰਿਹਾ ਹੈ, ਜਿਸ ਨਾਲ ਉਹ ਆਪਣਾ ਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਬੜੀ ਮੁਸ਼ਕਿਲ ਨਾਲ ਚਲਾ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਗੁਰਦੁਆਰਿਆਂ 'ਚ ਲਗਪਗ 8 ਹਜ਼ਾਰ ਪਾਠੀ ਸਿੰਘ ਸ੍ਰੀ ਅਖੰਡ ਪਾਠ ਕਰਨ ਦੀ ਸੇਵਾ ਨਿਭਾਅ ਰਹੇ ਹਨ, ਜਿਨ੍ਹਾਂ ਨੂੰ ਪਹਿਲਾਂ ਪ੍ਰਤੀ ਅਖੰਡ ਪਾਠ 600 ਰੁਪਏ ਮਿਹਨਤਾਨਾ ਦਿੱਤਾ ਜਾਂਦਾ ਸੀ ਪਰ ਸ਼੍ਰੋਮਣੀ ਅਖੰਡ ਪਾਠੀ ਵੈਲਫ਼ੇਅਰ ਸੁਸਾਇਟੀ ਵਲੋਂ ਮਿਹਨਤਾਨਾ ਵਧਾਉਣ ਲਈ ਸੰਘਰਸ਼ ਕਰਨ ਤੋਂ ਬਾਅਦ 31 ਜੁਲਾਈ 2017 ਤੋਂ ਬਾਅਦ ਹਰ ਪਾਠੀ ਸਿੰਘ ਨੂੰ ਪ੍ਰਤੀ ਅਖੰਡ ਪਾਠ ਦਾ 800 ਰੁਪਏ ਮਿਹਨਤਾਨਾ ਦਿੱਤਾ ਜਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਹੁਤੇ ਗੁਰੂ ਘਰਾਂ 'ਚ ਪ੍ਰਤੀ ਮਹੀਨਾ 5 ਤੋਂ 8 ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਜਾਂਦੇ ਹਨ, ਜਿਨ੍ਹਾਂ 'ਚ ਸੇਵਾ ਨਿਭਾਉਣ ਵਾਲੇ ਪਾਠੀ ਸਿੰਘ ਨੂੰ 4 ਹਜ਼ਾਰ ਰੁਪਏ ਤੋਂ 6400 ਰੁਪਏ ਤੱਕ ਦਾ ਹੀ ਮਿਹਨਤਾਨਾ ਮਿਲਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਸੇਵਾ ਨਿਭਾਉਣ ਵਾਲੇ ਪਾਠੀ ਸਿੰਘਾਂ ਨੂੰ, ਜੋ ਭੇਟਾ ਪ੍ਰਤੀ ਸ੍ਰੀ ਅਖੰਡ ਪਾਠ ਸਾਹਿਬ ਦਿੱਤੀ ਜਾਂਦੀ ਹੈ, ਉਹ ਭੇਟਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਕੋਲੋਂ ਦੇਣ ਦੀ ਬਜਾਏ ਗੁਰੂ ਘਰਾਂ 'ਚ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਵਾਲੀ ਸੰਗਤ ਕੋਲੋਂ ਪ੍ਰਤੀ ਸ੍ਰੀ ਅਖੰਡ ਪਾਠ ਸਾਹਿਬ ਜੋ 7500 ਰੁਪਏ ਲੈਂਦੀ ਹੈ, ਉਸ ਵਿਚੋਂ ਹੀ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਗੁਰੂ ਘਰਾਂ 'ਚ ਪਾਠਾਂ ਦੀ ਸੇਵਾ ਨਿਭਾਉਣ ਵਾਲੇ 6 ਪਾਠੀਆਂ ਨੂੰ ਪ੍ਰਤੀ ਪਾਠੀ 800 ਰੁਪਏ ਅਦਾ ਕਰਕੇ ਸ਼੍ਰੋਮਣੀ ਕਮੇਟੀ 2700 ਰੁਪਏ ਬਚਾ ਲੈਂਦੀ ਹੈ। ਦਰਬਾਰ ਸਾਹਿਬ ਵਿਖੇ ਕੁੱਲ 8 ਪਾਠੀਆਂ ਨੂੰ 800 ਰੁਪਏ ਪ੍ਰਤੀ ਪਾਠੀ ਸਿੰਘ ਅਦਾ ਕਰਕੇ ਵੀ ਕਮੇਟੀ 1100 ਰੁਪਏ ਬਚਾ ਲੈਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਲਾਵਾ ਪੰਜਾਬ ਦੇ ਸਾਰੇ ਪਿੰਡਾਂ, ਕਸਬਿਆਂ, ਮੁਹੱਲਿਆਂ ਤੇ ਸ਼ਹਿਰਾਂ ਦੇ ਗੁਰੂ ਘਰਾਂ ਵਿਚ ਲਗਪਗ 60 ਹਜ਼ਾਰ ਪਾਠੀ ਸਿੰਘ ਨਿੱਤਨੇਮ ਕਰਨ, ਸ੍ਰੀ ਅਖੰਡ ਪਾਠ ਕਰਨ ਤੇ ਕੀਰਤਨ ਕਰਨ ਦੀ ਸੇਵਾ ਨਿਭਾਅ ਰਹੇ ਹਨ, ਜਿਸ ਦੇ ਬਦਲੇ ਪਾਠੀ ਸਿੰਘਾਂ ਨੂੰ 5 ਹਜ਼ਾਰ ਰੁਪਏ ਤੋਂ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਮਿਹਨਤਾਨਾਹੀ ਮਿਲਦਾ ਹੈ। 5 ਹਜ਼ਾਰ ਤੋਂ 10 ਹਜ਼ਾਰ ਵਿਚ ਕਿਸੇ ਵੀ ਪਰਿਵਾਰ ਦਾ ਗੁਜ਼ਾਰਾ ਚਲਾਉਣਾ ਔਖਾ ਹੀ ਨਹੀਂ ਸਗੋਂ ਅਸੰਭਵ ਹੈ। ਸ਼੍ਰੋਮਣੀ ਕਮੇਟੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜੋ ਪਾਠੀ ਸਿੰਘ ਰੱਖੇ ਗਏ ਹਨ, ਉਹ ਇਕ ਦਿਹਾੜੀਦਾਰ ਮਜ਼ਦੂਰ ਵਾਂਗ ਦਿਹਾੜੀ ਲਗਾ ਕੇ ਮਿਹਨਤਾਨਾ ਪ੍ਰਾਪਤ ਕਰ ਰਹੇ ਹਨ, ਜਦ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਾਕੀ ਮੁਲਾਜ਼ਮਾਂ ਨੂੰ ਪੱਕੀਆਂ ਤਨਖ਼ਾਹਾਂ ਤੇ ਹੋਰ ਭੱਤੇ ਮਿਲਦੇ ਹਨ। ਇਸ ਦੇ ਮੁਕਾਬਲੇ ਪਾਠੀ ਸਿੰਘਾਂ ਨੂੰ ਕੋਈ ਵੀ ਸਹੂਲਤ ਨਹੀਂ ਮਿਲ ਰਹੀ ਅਤੇ ਉਲਟਾ ਪਾਠੀ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਕਮਾਈ ਦਾ ਸਾਧਨ ਬਣੇ ਹੋਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪ੍ਰਤੀ ਸ੍ਰੀ ਅਖੰਡ ਪਾਠ 1100 ਰੁਪਏ ਤੋਂ 2700 ਰੁਪਏ ਬਚਾ ਰਹੀ ਹੈ। ਪੰਜਾਬ ਵਿਚ ਜੇਕਰ ਇਕ ਮਜ਼ਦੂਰ ਦਿਹਾੜੀ 'ਤੇ ਕੰਮ ਕਰਨ ਲਈ ਬੁਲਾਇਆ ਜਾਵੇ ਤਾਂ ਉਹ 300 ਰੁਪਏ ਤੋਂ 400 ਰੁਪਏ ਰੋਜ਼ਾਨਾ ਲੈਂਦਾ ਹੈ। ਇਸ ਦੇ ਮੁਕਾਬਲੇ ਪਾਠੀ ਸਿੰਘਾਂ ਨੂੰ 267 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਮਿਲਦੇ ਹਨ, ਜਦਕਿ ਜੁਲਾਈ 2017 ਤੋਂ ਪਹਿਲਾਂ ਪਾਠੀ ਸਿੰਘਾਂ ਨੂੰ ਪ੍ਰਤੀ ਦਿਨ 200 ਰੁਪਏ ਦੇ ਹਿਸਾਬ ਨਾਲ ਹੀ ਮਿਹਨਤਾਨਾ ਮਿਲਦਾ ਸੀ।

# ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਨੇ ਭਾਈਚਾਰੇ ਦੀ ਸੇਵਾ ਦੀ ਸਿਲਵਰ ਜੁਬਲੀ ਮਨਾਈ

**ਅਰਲਿੰਗਟਨ ਹਾਈਟਸ/ਬਿਊਰੋ ਨਿਊਜ਼ :**
ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਨੇ 1 ਦਸੰਬਰ, 2018 ਨੂੰ ਭਾਈਚਾਰੇ ਦੀ ਸੇਵਾ ਦੀ 25ਵੀਂ ਵਰ੍ਹੇਗੰਢ ਮਨਾਈ ਅਤੇ ਇਸ ਦੇ ਸਪਾਂਸਰਾਂ ਅਤੇ ਸਹਿਯੋਗੀਆਂ ਦਾ ਪੰਜਾਬੀ ਕਲਚਰਲ ਸੁਸਾਇਟੀ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ 'ਤੇ ਧੰਨਵਾਦ ਕਰਨ ਲਈ ਅਰਲਿੰਗਟਨ ਹਾਈਟਸ ਵਿਚ ਅਟਲਾਂਟਿਸ ਬੈਂਕੁਇਟ ਵਿਖੇ ਰਾਤਰੀ ਭੋਜ ਦਾ ਪ੍ਰਬੰਧ ਕੀਤਾ।






ਇਸ ਮੌਕੇ ਪੰਜਾਬੀ ਕਲਚਰਲ ਸੁਸਾਇਟੀ ਦੇ ਪ੍ਰਧਾਨ ਸੁਰਿੰਦਰ ਸਿੰਘ ਪਾਲੀਆ ਅਤੇ ਚੇਅਰਮੈਨ ਭੁਪਿੰਦਰ ਸਿੰਘ ਧਾਲੀਵਾਲ ਨੇ ਮਹਿਮਾਨਾਂ, ਉਨ੍ਹਾਂ ਦੇ ਪਰਿਵਾਰਾਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਬੋਲਦਿਆਂ ਚੇਅਰਮੈਨ ਭੁਪਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਤੁਹਾਡੇ ਸਹਿਯੋਗ ਤੋਂ ਬਿਨਾ ਇਹ ਸੰਭਵ ਨਹੀਂ ਸੀ ਹੋ ਸਕਦਾ। ਪੰਜਾਬੀ ਕਲਚਰਲ ਸੁਸਾਇਟੀ ਦੇ ਪ੍ਰਧਾਨ ਸੁਰਿੰਦਰ ਸਿੰਘ ਨੇ ਕਿਹਾ ਕਿ ਮੈਂ ਉਨ੍ਹਾਂ ਸਾਰੇ ਪਰਿਵਾਰਾਂ, ਸਪਾਂਸਰਾਂ, ਸਪੋਰਟਰਾਂ, ਵਲੰਟੀਅਰਾਂ ਅਤੇ ਪੰਜਾਬੀ ਕਲਚਰਲ ਸੁਸਾਇਟੀ ਦੇ ਮਿਹਨਤਕਸ਼ ਅਹੁਦੇਦਾਰਾਂ ਦਾ ਭਾਈਚਾਰੇ ਦੀ ਸੇਵਾ ਕਰਨ ਵਿਚ ਸਾਡਾ ਸਹਿਯੋਗ ਦੇਣ ਲਈ ਧੰਨਵਾਦ ਕਰਦਾ ਹਾਂ। ਇਸ ਮੌਕੇ ਮਨਜੀਤ ਸਿੰਘ ਭੱਲਾ ਅਤੇ ਰਜਿੰਦਰ ਸਿੰਘ ਮਾਗੋ ਨੇ ਪੰਜਾਬੀ ਕਲਚਰਲ ਸੁਸਾਇਟੀ ਦੇ ਪ੍ਰੋਗਰਾਮ, ਇਸ ਦੇ ਮਿਸ਼ਨ, ਸੈਮੀਨਾਰ, ਸੱਭਿਆਚਾਰਕ ਪ੍ਰੋਗਰਾਮਾਂ ਆਦਿ ਬਾਰੇ ਦੱਸਿਆ। ਇਸ ਮੌਕੇ ਅਮਰਦੇਵ ਸਿੰਘ ਬਦੇਸ਼ਾ, ਡਾ. ਅਮਰਜੀਤ ਸਿੰਘ, ਡਾ. ਨਵਦੀਪ ਕੌਰ ਸੰਧੂ, ਅਰਵਿੰਦਰ ਸਿੰਘ ਗਾਖਲ ਅਤੇ ਅਟਾਰਨੀ ਪੌਲ ਚਾਵਲਾ ਨੇ ਵੀ ਆਪਣੇ ਵਿਚਾਰ ਰੱਖੇ। ਨਿੰਮਾ ਡੱਲੇਵਾਲੀਆ ਤੇ ਮੋਨਾ ਭੱਲਾ ਨੇ ਆਪਣੇ ਸਾਥੀਆਂ ਨਾਲ ਪੰਜਾਬੀ ਗੀਤ-ਸੰਗੀਤ ਪੇਸ਼ ਕੀਤਾ ਅਤੇ ਪੀਸੀਐਸ ਵੱਲੋਂ ਚੇਅਰਮੈਨ ਭੁਪਿੰਦਰ ਸਿੰਘ ਧਾਲੀਵਾਲ ਤੇ ਪ੍ਰਧਾਨ ਸੁਰਿੰਦਰ ਸਿੰਘ ਪਾਲੀਆ ਨੇ ਇਨ੍ਹਾਂ ਗਾਇਕਾਂ ਦਾ ਸਨਮਾਨ ਕੀਤਾ। ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨਜ਼ ਦੇ ਮਿਸਟਰ ਸੁਨੀਲ ਸ਼ਾਹ (ਮੇਅਰ) ਨੇ ਵੀ ਭਾਈਚਾਰੇ ਦੀ ਸੇਵਾ ਦੀ ਅਪੀਲ ਕੀਤੀ।
ਇਸ ਦੌਰਾਨ ਪੰਜਾਬੀ ਲੇਖਿਕਾ ਗੁਰਲੀਨ ਕੌਰ ਦੀ ਕਿਤਾਬ "ਰੂਹਦਾਰੀ" ਅਤੇ ਨਿੰਮਾ ਡੱਲੇਵਾਲੀਆ ਦੀ "ਵਣਜਾਰਾ ਗੀਤਾਂ ਦਾ" ਵੀ ਰਿਲੀਜ਼ ਕੀਤੀਆਂ ਗਈਆਂ। ਅੰਤ ਵਿਚ ਪੀਸੀਐਸ ਦੇ ਮੀਤ ਪ੍ਰਧਾਨ ਬਿਕਰਮ ਸਿੰਘ ਚੌਹਾਨ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਸੁਸਾਇਟੀ ਦੀ 25ਵੀਂ ਵਰ੍ਹੇਗੰਢ ਦੀ ਯਾਦ ਵਿਚ ਮੋਮੈਂਟੋ ਵੱਜੋਂ ਖ਼ੂਬਸੂਰਤ ਮੱਗ ਦੇ ਕੇ ਸਨਮਾਨਿਤ ਕੀਤਾ।
ਪ੍ਰੋਗਰਾਮ ਨੂੰ ਸਫਲਤਾ ਨਾਲ ਨੇਪਰੇ ਚਾੜ੍ਹਨ ਵਿਚ ਬਲਵਿੰਦਰ ਸਿੰਘ ਗਿਰਨ, ਭੁਪਿੰਦਰ ਸਿੰਘ ਧਾਲੀਵਾਲ, ਸੁਖਮੇਲ ਸਿੰਘ ਅਟਵਾਲ, ਸੁਰਿੰਦਰ ਸਿੰਘ ਪਾਲੀਆ, ਮਨਜੀਤ ਸਿੰਘ ਭੱਲਾ, ਬਿਕਰਮ ਸਿੰਘ ਚੌਹਾਨ, ਪਰਵਿੰਦਰ ਸਿੰਘ ਨਨੂਆ, ਜਸਬੀਰ ਸਿੰਘ ਪਾਲੀਆ, ਮੋਹਿੰਦਰ ਸਿੰਘ ਸੈਣੀ, ਪੌਲ ਲੈਲ, ਭਿੰਦਰ ਸਿੰਘ ਪੰਮਾ, ਓਂਕਾਰ ਸਿੰਘ ਸੰਘਾ, ਗੁਰਮੀਤ ਸਿੰਘ ਢਿੱਲੋਂ, ਪਰਮਿੰਦਰ ਸਿੰਘ ਘੋਤੜਾ, ਯਾਦਵਿੰਦਰ ਸਿੰਘ ਗਰੇਵਾਲ, ਮਨਜੀਤ ਸਿੰਘ ਗਿੱਲ, ਵਿੱਕ ਸਿੰਘ, ਅਮਰਜੀਤ ਕੌਰ ਅਟਵਾਲ ਅਤੇ ਰਾਜਿੰਦਰ ਸਿੰਘ ਮਾਗੋ ਦਾ ਵਿਸ਼ੇਸ਼ ਯੋਗਦਾਨ ਰਿਹਾ।

# 'ਗੁਰਮੁਖਾਂ' ਦੀ ਬੇਰੁਖੀ ਤੇ ਨਸ਼ੇ ਦੀ ਮਾਰ ਦਾ ਸ਼ਿਕਾਰ ਬੱਚੇ ਕਿਧਰ ਨੂੰ ਜਾਣ ?

- **ਨਸ਼ਾ ਨਿਗਲ ਗਿਆ ਜ਼ਮੀਨ-ਜਾਇਦਾਦ, ਦਸਵੰਧ ਕੱਢਣਯੋਗ ਵੀ ਨਹੀਂ ਛੱਡੇ**
- **ਪੜਨ-ਗੁੜਨ ਲਈ ਤਰਲੇ ਲੈਂਦੇ ਨੇ ਗੁਰਸਿੱਖ ਬੱਚੇ, ਨਜ਼ਦੀਕ ਇਲਾਕੇ 'ਚ ਕੋਈ ਸਰਕਾਰੀ ਸਹੂਲਤ ਨਹੀਂ**
- **ਪਿੰਡ 'ਚੋਂ ਲੈ ਲਵੋ ਨਸ਼ਾ ਜਿੰਨਾ ਮਰਜ਼ੀ..**



**ਪਿੰਡ ਕੋਟਦਾਤਾ ਤੋਂ ਅਮਨਦੀਪ ਹਾਂਸ ਦੀ ਵਿਸ਼ੇਸ਼ ਰਿਪੋਰਟ**

"ਕੀਹਦੀ ਮੈਂ ਖੜਕਾਵਾਂ ਕੁੰਡੀ
ਕੀਹਨੂੰ ਮਾਰਾਂ ਅਵਾਜ਼,
ਘਰ ਘਰ ਮਸਤ ਕਲੰਦਰ
ਆਪਣੀ ਆਪਣੀ ਲਹਿਰ ਦੇ ਵਿੱਚ।
ਕੀਹਦੀ ਝੋਲੀ ਹੰਝੂ ਭਰੀਆਂ
ਅੱਖਾਂ ਦਿਆਂ ਨਿਚੋੜ,
ਝੋਲੀ ਵੀ ਨਈਂ ਰੱਖਦਾ ਕੋਈ
ਸਾਰੇ ਸ਼ਹਿਰ ਦੇ ਵਿੱਚ।"

.. .. ਸਾਡੇ ਤੁਹਾਡੇ ਪੰਜਾਬ ਵਿੱਚ ਸੱਚਮੁੱਚ ਕੋਈ ਅਜਿਹੀ ਝੋਲੀ ਨਈਂ ਰੱਖਦਾ ਜੀਹਦੇ ਚ ਦਰਦਾਂ ਮਾਰੇ ਆਪਣੇ ਅੱਥਰੂ ਕੇਰ ਸਕਣ.. । ਅਜਿਹੇ ਹੀ ਇਕ ਘਰ ਦੀ ਦਾਸਤਾਨ ਸਾਂਝੀ ਕਰ ਰਹੇ ਹਾਂ, ਜੀਹਦੀਆਂ ਕੰਧਾਂ ਦੀ ਕੂਕ ਸੁਣਨ ਵਾਲਾ ਐਥੇ ਪੰਜਾਬ ਵਿੱਚ ਤਾਂ ਕੋਈ ਨਹੀਂ ਹੈ। ਅੰਮ੍ਰਿਤਸਰ-ਫਿਰੋਜ਼ਪੁਰ ਰੋਡ 'ਤੇ ਤਰਨਤਾਰਨ ਜ਼ਿਲੇ ਦਾ ਲਹਿੰਦੇ ਵਾਲੇ ਪਾਸੇ ਪਿੰਡ ਪੈਂਦਾ ਹੈ ਕੋਟਦਾਤਾ।

2 ਕੁ ਹਜ਼ਾਰ ਦੀ ਵਸੋਂ ਵਾਲਾ ਇਹ ਪਿੰਡ ਵੀ ਪੰਜਾਬ ਦੇ ਸਰਕਾਰੀ ਦਯਾ ਦ੍ਰਿਸ਼ਟੀ ਤੋਂ ਸੱਖਣੇ ਪਿੰਡਾਂ ਵਰਗਾ ਹੈ। ਤਿੰਨ ਆਲੀਸ਼ਾਨ ਗੁਰਦੁਆਰਾ ਸਾਹਿਬ ਨੇ ਤੇ ਇਕ ਸੋਹਣਾ ਜਿਹਾ ਮੰਦਰ ਵੀ ਹੈ। ਦਿਨ ਰਾਤ ਪਾਠ ਪੂਜਾ ਦੇ ਸਪੀਕਰ ਵੱਜਦੇ ਰਹਿੰਦੇ ਨੇ। ਇਕ ਪ੍ਰਾਇਮਰੀ ਸਕੂਲ ਹੈ, ਅਗਲੀਆਂ ਜਮਾਤਾਂ ਲਈ ਕੁੜੀਆਂ ਮੁੰਡਿਆਂ ਨੂੰ 3 ਕੁ ਕਿਲੋਮੀਟਰ ਦੂਰ ਪੈਂਦੇ ਰੱਤਾ ਗੁੱਦਾ ਪਿੰਡ ਦੇ ਸਰਕਾਰੀ ਸਕੂਲ ਚ ਜਾਣਾ ਪੈਂਦਾ ਹੈ। ਮਹੌਲ ਸਹੀ ਨਹੀਂ, ਨਾ ਰਾਹ ਦਾ ਤੇ ਨਾ ਸਕੂਲ ਦਾ, ਇਸ ਕਰਕੇ ਬਹੁਤ ਸਾਰੀਆਂ ਕੁੜੀਆਂ ਪੰਜਵੀਂ ਜਮਾਤ ਪਾਸ ਕਰਨ ਮਗਰੋਂ ਘਰ ਵਿਚ ਗੋਹਾ-ਕੂੜਾ ਕਰਨ ਜੋਗੀਆਂ ਰਹਿ ਜਾਂਦੀਆਂ ਨੇ, ਜਾਂ ਸਿਲਾਈ ਸਿੱਖ ਕੇ ਆਪਣੇ ਗਲ਼ ਪਾਉਣ ਨੂੰ ਲੀੜੇ ਸਿਉਣ ਜੋਗੀਆਂ ਹੋ ਜਾਂਦੀਆਂ ਨੇ ਤੇ ਸਤਾਰਾਂ-ਅਠਾਰਾਂ ਦੀ ਉਮਰ ਤੱਕ ਅੱਪੜਦੀਆਂ-ਅੱਪੜਦੀਆਂ ਸਹੁਰੇ ਘਰ ਤੁਰ ਜਾਂਦੀਆਂ ਨੇ। ਪਿੰਡ ਵਿੱਚ ਇਕ ਨਿੱਜੀ ਸਕੂਲ ਹੈ, ਸ੍ਰੀ ਦਸ਼ਮੇਸ਼ ਸੀਨੀਅਰ ਸੈਕੰਡਰੀ ਸਕੂਲ। ਆਪਣੇ ਕੋਲੋਂ ਕਿਤਾਬਾਂ-ਕਾਪੀਆਂ, ਬਸਤੇ, ਵਰਦੀਆਂ ਲੈਣ ਦੀ ਬੰਦਿਸ਼ ਹੈ, ਮੋਟੀ ਫੀਸ ਹੈ। ਸਕੂਲ ਵਲੋਂ ਮਹਿੰਗੇ ਭਾਅ ਵੇਚੀਆਂ ਜਾ ਰਹੀਆਂ ਕਾਪੀਆਂ ਦੇ ਪਿਛਲੇ ਪੰਨੇ ਤੇ ਛਾਪਿਆ ਹੈ.. ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ.. ਸਕੂਲ ਵਾਲਿਆਂ ਦੀ ਲੁਟੇਰੀ ਮਾਨਸਿਕਤਾ ਦਾ ਮਜ਼ਾਕ ਉਡਾ ਰਹੀ ਹੈ ਇਹ ਤੁਕ ਕਿ ਕਿਹੜਾ ਸ਼ੁਭ ਕਰਮ ਕਰ ਰਹੇ ਨੇ ਆਪਣੇ ਕੋਲੋਂ ਮਹਿੰਗੇ ਭਾਅ ਸਮਾਨ ਵੇਚ ਕੇ। ਪਰ ਸਿਰ 'ਤੇ ਹੈਨੀ ਕੁੰਡਾ ਤੇ ਹਾਥੀ ਫਿਰੇ ਲੁੰਡਾ..। ਕਾਨੂੰਨਨ ਸਕੂਲ ਵਾਲਿਆਂ ਵਲੋਂ ਮਨਮਰਜ਼ੀ ਨਾਲ ਸਮਾਨ ਵੇਚਣਾ, ਜਾਂ ਮਰਜ਼ੀ ਦੀ ਦੁਕਾਨ ਤੋਂ ਹੀ ਖਰੀਦਣ ਲਈ ਮਜਬੂਰ ਕਰਨਾ ਮਨ੍ਹਾ ਹੈ ਪਰ ਜਦ ਪੁੱਛਣ ਵਾਲਾ ਕੋਈ ਨਹੀ ਤਾਂ ਕਾਹਦੇ ਕਾਨੂੰਨ..?



ਬੱਚੇ-ਬੱਚੀਆਂ ਪੜਨਾ ਚਾਹੁੰਦੇ ਨੇ ਤਾਂ ਮਾਪੇ ਆਪਣੇ ਵਿੱਤਾਂ ਨੂੰ ਗੰਢਾਂ ਦੇ ਕੇ ਇਸ ਨਿੱਜੀ ਸਕੂਲ ਵਿਚ ਬੱਚਿਆਂ ਨੂੰ ਭੇਜਦੇ ਨੇ, ਮਰਦੇ ਕੀ ਨਾ ਕਰਦੇ..। ਪਿੰਡ ਕੋਟਦਾਤਾ ਦੇ ਖਾਣਕਿਆਂ ਦੀ ਪੱਤੀ ਚ ਗੁਰਮੁਖ ਸਿੰਘ ਦਾ ਪਰਿਵਾਰ ਰਹਿੰਦਾ ਹੈ, ਜ਼ਿਮੀਂਦਾਰਾ ਪਰਿਵਾਰ ਹੈ।

"ਸਾਡੀ ਸਾਢੇ ਸੱਤ ਕਿੱਲੇ ਭੋਟੇ ਦੇ ਸਿਰ ਵਰਗੀ ਭੋਇੰ ਸੀ ਪਰ ਸਾਰੀ ਬਸ ਨਸ਼ੇ ਚ ਘੋਲ ਕੇ ਪੀ ਲਈ.. ਮਸਾਂ ਅੱਧਾ ਟੱਕ ਬਚਿਆ, ਉਹ ਵੀ ਤਾਂ ਕਿ ਮੈਂ ਰੌਲਾ ਪਾ-ਪਾ ਕੇ ਆਵਦੇ ਨੌਂਅ ਕਰ ਲਈ ਸੀ। ਮੈਨੂੰ ਪਤਾ ਸੀ ਬਈ ਨਿਆਣੇ ਰੁਲ ਜਾਣਗੇ, ਕਿਸੇ ਨੇ ਰੋਟੀ ਵੀ ਨਹੀਂ ਪੁੱਛਣੀ.. ਭੈਣ ਜੀ ਕੌਣ ਪੁੱਛਦਾ ਐਥੇ ?" 45-46 ਸਾਲਾ ਗੁਰਮੁਖ ਦੀ 43 ਕੁ ਸਾਲਾ ਘਰਵਾਲੀ ਰਣਜੀਤ ਕੌਰ ਕੱਚੇ ਵਿਹੜੇ 'ਚ ਤਰੇੜਾਂ ਪਾਟੀ ਕੰਧ ਨਾਲ ਮੁੜਦੇ ਪ੍ਰਛਾਵੇਂ ਚ ਸਾਡੇ ਲਈ ਮੰਜਾ ਡਾਹੁੰਦੀ ਹੋਈ ਸਾਰਾ ਦਰਦ ਕੇਰਾਂ ਈ ਸਾਡੀ ਝੋਲੀ ਚ ਪਲਟ ਦੇਣਾ ਚਾਹੁੰਦੀ ਸੀ। ਤਾਜ਼ਾ-ਤਾਜ਼ਾ ਵਿਹੜੇ 'ਚ ਫੇਰੀ ਗੋਹਾ-ਮਿੱਟੀ ਤੇ ਸਲੀਕੇ ਨਾਲ ਬਣਾਏ ਚੁੱਲਾ, ਚੁਰ ਤੇ ਤੰਦੂਰ, ਪੁਰਾਣੇ ਲੀੜਿਆਂ ਦੀਆਂ ਲੀਰਾਂ ਕੱਟ ਕੇ ਉਹਨਾਂ ਦੇ ਬੁਣੇ ਮੰਜੇ ਰਣਜੀਤ ਕੌਰ ਦੇ ਸੁੱਘੜ ਸਿਆਣੀ ਹੋਣ ਦਾ ਸਬੂਤ ਦੇ ਰਹੇ ਸੀ। ਜੱਦੀ ਘਰ ਵਿੱਚ ਹਿੱਸੇ 'ਚ ਆਏ ਦੋ ਕਮਰੇ, ਇਕ ਵਿਚ ਪੇਟੀ, ਦੋ-ਤਿੰਨ ਮੰਜੇ ਤੇ ਦੂਜੀ ਚ ਮੇਜ਼ ਤੇ ਰੱਖੇ ਭਾਂਡੇ ਤੇ ਕੋਲ ਹੀ ਦੋ ਬਸਤੇ ..। ਵਿਹੜੇ 'ਚ ਇਕ ਪਾਸੇ ਓਪਨ ਕਿਚਨ.. ਭਾਵ ਅੰਬਰ ਦੀ ਛੱਤ ਹੇਠ ਰਸੋਈ ਤੇ ਦੂਜੇ ਪਾਸੇ ਇਕ ਤੋਕੜ ਜਿਹੀ ਗਾਂ ਤੇ ਇਕ ਝੋਟੀ ਕੱਚੀ ਖੁਰਲੀ 'ਚ ਪਾਈ ਤੂੜੀ ਚ ਮਸਾਂ ਈ ਦਿਸਦੇ ਹਰੇ ਨੂੰ ਮੂੰਹ ਮਾਰ ਰਹੀਆਂ ਸੀ। ਪਸ਼ੂਆਂ ਦੇ ਸੁੱਕੇ ਤਾਂਬੜ ਘਰ ਦੀ ਸਾਰੀ ਹੋਣੀ ਬਿਆਨਣ ਲਈ ਕਾਫੀ ਸਨ।

ਰਣਜੀਤ ਕੌਰ 12 ਜਮਾਤਾਂ ਪਾਸ ਹੈ, ਸਿਲਾਈ ਕਰਦੀ ਹੈ, ਆਸ਼ਾ ਵਰਕਰ ਵੀ ਹੈ ਪਰ ਇਹ ਕਿਸੇ ਕੰਮ ਨਹੀ। ਸਿਲਾਈ ਦਾ ਕੰਮ ਆਉਂਦਾ ਨਹੀਂ, ਆਸ਼ਾ ਵਰਕਰ ਵਜੋਂ ਕੀਤੇ ਕੰਮ ਦੇ ਪੈਸੇ ਸਰਕਾਰ ਨਹੀਂ ਦਿੰਦੀ। ਜੇ ਮਿਲਦੇ ਵੀ ਨੇ ਤਾਂ 3-4 ਮਹੀਨਿਆਂ ਮਗਰੋਂ ਕਿਤੇ 5-7 ਸੌ ਰੁਪਿਆ ਮਿਲ ਜਾਂਦਾ.. ਇਹਦੇ ਨਾਲ ਕੀ ਬਣਦਾ। ਰਣਜੀਤ ਕੌਰ ਦੱਸਦੀ ਹੈ ਕਿ ਉਸ ਦਾ ਘਰਵਾਲਾ ਹੁਣ ਦੋ ਕੁ ਮਹੀਨੇ ਹੋਏ ਸਰਹਾਲੀ ਰਾਤ ਨੂੰ ਇਕ ਪੈਲੇਸ ਦੀ ਰਾਖੀ ਲਈ ਜਾਣ ਲੱਗਿਐ, ਚਾਰ ਹਜ਼ਾਰ ਮਹੀਨੇ ਦੇ ਮਿਲਦੇ ਨੇ। ਅੱਧਾ ਕਿੱਲਾ ਪੈਲੀ 'ਚੋਂ ਤਾਂ ਖਾਣ ਜੋਗੀ ਕਣਕ ਵੀ ਨਹੀਂ ਆਉਂਦੀ ਤੇ ਉਹ ਵੀ ਪਿੰਡ ਦੇ ਤਿੰਨੇ ਗੁਰਦੁਆਰੇ ਤੇ ਮੰਦਰ ਵਾਲੇ ਹਰ ਛੇਵੀਂ ਮਹੀਨੀ ਉਗਰਾਹੀ ਨੂੰ ਆ ਜਾਂਦੇ ਨੇ, ਸਾਡੇ ਵਰਗੇ ਕੀ ਖਾਣ ਤੇ ਕੀ ਦਸਵੰਧ ਦੇਣ ਕਿਸੇ ਨੂੰ.. ਹਰ ਵਾਰ ਸ਼ਰਮਿੰਦੇ ਹੋਈਦਾ..। ਘਰਵਾਲਾ ਗੁਰਮੁਖ ਬਿਲਕੁਲ ਅਨਪੜ ਹੈ, ਵਿਹਲੜ ਦੇ ਲੜ ਤਾਂ ਲਾ ਦਿੱਤੀ ਕਿਉਂਕਿ ਪੇਕੇ ਘਰ ਚ ਨਸ਼ਾ ਵੜ ਗਿਆ ਸੀ। ਪਿਓ ਤੇ ਦੋ ਭਰਾ ਨਸ਼ੇ ਨੇ ਖਾ ਲਏ। ਤੀਜਾ ਭਰਾ ਨਸ਼ੇ ਦੀ ਦਲਦਲ 'ਚ ਪੂਰੀ ਤਰਾਂ ਧਸ ਚੁੱਕਿਆ, ਚੌਥਾ ਭਰਾ ਘਰ ਦੀਆਂ ਗਰਜ਼ਾਂ ਸਾਰਦਾ ਅੱਧਾ ਹੋ ਗਿਆ। ਉਹ 35 ਸਾਲ ਦਾ ਹੋ ਚੱਲਿਆ, ਕੋਈ ਆਪਣੀ ਧੀ ਨਹੀਂ ਉਹਦੇ ਲੜ ਲਾਉਂਦਾ ਕਿਉਂਕਿ ਘਰ 'ਚ ਕੁਝ ਵੀ ਨਹੀਂ ਰਹਿੰਦਾ, ਸਭ ਕੁਝ ਛੋਟੇ ਭਰਾ ਦੇ ਨਸ਼ੇ ਦੀ ਭੇਟ ਚੜ ਜਾਂਦੈ। ਰਣਜੀਤ ਕੌਰ ਦਾ ਇਹ ਭਰਾ ਕਿਸੇ ਦਾ ਟਰੱਕ ਚਲਾਉਂਦਾ ਹੈ, 3-4 ਮਹੀਨੇ ਘਰ ਨਹੀਂ ਆਉਂਦਾ ਪਰ ਮਹੀਨੇ ਦਾ ਮਸਾਂ 8 ਹਜ਼ਾਰ ਰੁਪਿਆ ਮਿਲਦਾ ਹੈ।

ਰਣਜੀਤ ਕੌਰ ਦੀ 16 ਸਾਲਾ ਧੀ ਅਨੁਪ੍ਰੀਤ ਕੌਰ ਧਰੇਕ ਦੇ ਸੁੱਕੇ ਡੱਕਿਆਂ ਨਾਲ ਅੱਗ ਮਚਾ ਕੇ ਚਾਹ ਧਰ ਲੈਂਦੀ ਹੈ, 13 ਸਾਲਾ ਜਸ਼ਨਦੀਪ ਸਿੰਘ ਚਾਅ ਨਾਲ ਤਬਲੇ ਦੀ ਜੋੜੀ ਚੁੱਕ ਲਿਆਉਂਦਾ ਹੈ, ਵਜਾ ਕੇ ਦਿਖਾਉਂਦਾ ਹੈ। ਦੱਸਦਾ ਹੈ ਕਿ ਤਿੰਨ ਸਾਲ ਤੋਂ ਕੀਰਤਨ ਸਿੱਖਦਾ ਹਾਂ ਪਰ ਇਥੇ ਕੋਈ ਸਿਖਾਉਣ ਵਾਲਾ ਨਹੀਂ ਤਾਂ ਕਰਕੇ 7 ਕਿਲੋਮੀਟਰ ਦੂਰ ਸਰਹਾਲੀ ਵਿਚ ਸਿੱਖਣ ਜਾਂਦਾਂ। ਦੋਵੇਂ ਭੈਣ-ਭਰਾ ਅੰਮ੍ਰਿਤਧਾਰੀ ਨੇ, ਪਾਠ ਕਰਦੇ ਨੇ, ਕੀਰਤਨ 'ਚ ਦਿਲਚਸਪੀ ਰੱਖਦੇ ਨੇ, ਗੁਰਮਤਿ ਦੀ ਸਿੱਖਿਆ ਲੈਣੀ ਚਾਹੁੰਦੇ ਨੇ ਪਰ ਮਾਝੇ ਦੀ ਧਰਤੀ 'ਤੇ ਵੀ ਉਹਨਾਂ ਲਈ ਕੋਈ ਰਾਹ ਨਹੀਂ, ਕੋਈ ਮਦਦਗਾਰ ਨਹੀਂ ਲੱਭਦਾ। ਵੱਡਾ ਪੁੱਤ ਸੁਖਬੀਰ ਸਿੰਘ 20 ਸਾਲ ਦਾ ਹੈ, 10ਵੀ ਪਾਸ ਕਰਨ ਮਗਰੋਂ ਹਟ ਗਿਆ, 13-14 ਕੁ ਸਾਲ ਦੀ ਉਮਰ ਦਾ ਸੀ ਜਦ ਤੋਂ ਨਸ਼ੇ ਚ ਪੈ ਗਿਆ। ਟੀਕੇ ਲਾਉਂਦਾ ਹੈ, ਗੋਲੀਆਂ ਖਾਂਦਾ ਹੈ, ਚਿੱਟਾ ਵੀ ਉਹਨੂੰ ਚੱਟੀ ਜਾ ਰਿਹੈ। ਕਈ ਵਾਰ ਨਸ਼ਾ ਛੁਡਵਾਉਣ ਲਈ ਸਰਕਾਰੀ ਕੇਂਦਰਾਂ 'ਚ ਲੈ ਕੇ ਗਈ ਪਰ ਪਿੰਡ ਵਾਪਸ ਆ ਕੇ ਨਸ਼ੇੜੀ ਦੋਸਤਾਂ ਦਾ ਸਾਥ ਨਾ ਛੁੱਟਦਾ ਤਾਂ ਸੁਖਬੀਰ ਫੇਰ ਨਸ਼ੇ 'ਚ ਪੈ ਜਾਂਦਾ। ਘਰੋਂ ਪੈਸੇ ਨਹੀਂ ਲੈਂਦਾ, ਯਾਰ ਦੋਸਤ ਹੀ ਨਸ਼ਾ ਕਰਵਾ ਦਿੰਦੇ ਨੇ। ਅੱਕ ਕੇ ਰਣਜੀਤ ਕੌਰ ਨੇ ਭਰਾ ਨਾਲ ਟਰੱਕ ਉਤੇ ਭੇਜ ਦਿੱਤਾ ਪਰ ਓਥੇ ਨਸ਼ੇ ਦੀ ਤੋਟ 'ਚ ਟਰੱਕ ਦੇ ਸ਼ੀਸ਼ੇ ਭੰਨ ਦਿੱਤੇ, ਮਾਮੇ ਨਾਲ ਲੜ ਪਿਆ ਤਾਂ ਉਸ ਨੇ ਵਾਪਸ ਘੱਲ ਦਿਤਾ। ਹੁਣ ਮਹੀਨਾ ਹੋ ਗਿਆ, ਘਰੇ ਬੈਠਾ ਰਹਿੰਦਾ ਜਾਂ ਫੇਰ ਬਾਹਰ ਮੁੰਡਿਆਂ 'ਚ ਜਾ ਕੇ ਨਸ਼ਾ ਕਰਨ ਲੱਗ ਜਾਂਦਾ। ਜਦੋਂ ਅਸੀਂ ਕਿਹਾ ਕਿ ਸਰਕਾਰ ਨੇ ਡੈਪੋ ਪ੍ਰੋਗਰਾਮ ਸ਼ੁਰੂ ਕੀਤਾ ਹੈ, ਸੁਖਬੀਰ ਦਾ ਇਲਾਜ ਕਰਾਓ। ਆਸ਼ਾ ਵਰਕਰਾਂ ਦੀ ਤਾਂ ਸਗੋਂ ਡਿਊਟੀ ਲਾਈ ਹੈ, ਸਰਕਾਰ ਨੇ ਨਸ਼ੇ ਵਾਲਿਆਂ ਦੇ ਇਲਾਜ ਲਈ, ਤਾਂ ਡੈਪੋ ਦਾ ਕੱਚਾ ਚਿੱਠਾ ਬਿਆਨਦੀ ਰਣਜੀਤ ਕੌਰ ਦੱਸਦੀ ਹੈ ਕਿ ਪਿੰਡੋ-ਪਿੰਡੀ ਮੋਹਤਬਰਾਂ ਨੇ ਨਸ਼ੇੜੀਆਂ ਦੇ ਆਈ ਕਾਰਡ ਬਣਾ ਦਿੱਤੇ ਕਿ ਫਲਾਣੇ ਸੈਂਟਰ ਤੋਂ ਦਵਾ ਪੀ ਆਇਆ ਕਰੋ ਤੇ ਹਾਜ਼ਰੀ ਲਵਾ ਆਇਆ ਕਰੋ। ਗਿਣਤੀ ਪੂਰੀ ਕਰਨੀ ਹੈ ਕਿ ਐਨੇ ਨਸ਼ੇੜੀਆਂ ਦਾ ਇਲਾਜ ਹੋ ਰਿਹੈ ਪਰ ਮੁੰਡੇ ਨਾਲੇ ਤਾਂ ਜਾ ਕੇ ਨਸ਼ੇ ਛੱਡਣ ਵਾਲੀ ਦਵਾ ਪੀ ਆਉਂਦੇ ਨੇ, ਆ ਕੇ ਫੇਰ ਨਸ਼ਾ ਕਰ ਲੈਂਦੇ ਨੇ। ਤਰਨਤਾਰਨ ਵਾਲੇ ਸਰਕਾਰੀ ਨਸ਼ਾ ਛੁਡਾਊ ਕੇਂਦਰ ਬਾਰੇ ਦੱਸਦੀ ਹੈ ਕਿ ਜਿਹੜਾ ਡਾਕਟਰ ਓਥੇ ਸਰਕਾਰੀ ਕੇਂਦਰ 'ਚ ਇਲਾਜ ਕਰਦਾ ਹੈ, ਉਹਦਾ ਆਪਣਾ ਵੀ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ ਹੈ, ਜਿੱਥੇ ਉਹ ਇਕ ਮਰੀਜ਼ ਤੋਂ 60 ਹਜ਼ਾਰ ਰੁਪਿਆ ਲੈਂਦਾ ਤੇ ਜਿਹੜੀ ਨਸ਼ਾ ਛੱਡਣ ਵਾਲੀ ਗੋਲੀ 35 ਰੁਪਏ ਦੀ ਉਹ ਜੀਭ ਹੇਠ ਰੱਖਣ



ਨੂੰ ਦਿੰਦਾ, ਮੁੰਡੇ ਉਹੀ ਗੋਲੀ ਘੋਲ-ਘੋਲ ਕੇ ਟੀਕੇ ਲਾਈ ਜਾਂਦੇ ਨੇ। ਆਹ ਐ ਕੈਪਟਨ ਸਰਕਾਰ ਦਾ ਡੈਪੋ ਪ੍ਰੋਗਰਾਮ..। ਜਦ ਨਸ਼ਾ ਵੇਚਣਾ ਬੰਦ ਨਹੀ ਕਰਨਗੇ, ਫੇਰ ਇਹੋ ਜਿਹੇ ਪ੍ਰੋਗਰਾਮਾਂ ਦਾ ਕੀ ਫਾਇਦਾ, ਘਰ-ਘਰ ਤਾਂ ਗੋਲੀਆਂ ਟੀਕੇ ਵਿਕੀ ਜਾਂਦੇ ਨੇ।

ਰਣਜੀਤ ਕੌਰ ਦਾ ਅੰਦਰ ਪਾਟਦਾ ਹੈ, ਜਦ ਆਖਦੀ ਹੈ, "ਇਕ ਮੁੰਡਾ ਤਾਂ ਨਸ਼ੇ ਨੇ ਖਾ ਲੈਣੈ ਪਰ ਦੂਜੇ ਦੋ ਜੁਆਕ ਪੜਨਾ ਚਾਹੁੰਦੇ ਨੇ। ਸਰਕਾਰੀ ਸਕੂਲ ਹੈ ਨਹੀਂ, ਪ੍ਰਾਈਵੇਟ 'ਚ ਲਾਏ ਨੇ। ਕੁੜੀ ਦੇ ਹਰ ਵਾਰ 90 ਫੀਸਦੀ ਤੋਂ ਵੱਧ ਅੰਕ ਆਉਂਦੇ ਨੇ ਪਰ ਹਜ਼ਾਰ ਰੁਪਿਆ ਹਰ ਮਹੀਨੇ ਫੀਸ ਵੀ ਨਹੀਂ ਭਰੀ ਜਾਂਦੀ। ਸਾਡੀ ਸਿੱਖਾਂ ਦੀ ਤਾਂ ਕੋਈ ਸੁਣਵਾਈ ਨਹੀਂ, ਸਾਡੇ ਤਾਂ ਗੁਰਮੁਖ ਭਾਈ-ਭੈਣਾਂ ਸਾਡੇ ਵੱਲ ਫੋਕਾ ਧਰਵਾਸਾ ਵੀ ਨਹੀਂ ਸੁੱਟਦੇ ਤੇ ਆਹ ਈਸਾਈਆਂ ਦੇ ਭਾਈ ਬੰਧੂ ਕਿਸੇ ਨੂੰ ਡੋਲਣ ਨਹੀਂ ਦਿੰਦੇ.. ।" ਇਸ ਤਰਾਂ ਰਣਜੀਤ ਕੌਰ ਨਿੱਕੀਆਂ-ਨਿੱਕੀਆਂ ਗੱਲਾਂ 'ਚ ਸਾਡੇ ਅਜੋਕੇ ਸਮਾਜ ਦਾ ਵੱਡਾ ਕੌੜਾ ਸੱਚ ਬਿਆਨ ਧਰਦੀ ਹੈ।

## ਗਾਇਕ ਗੁਰਦਾਸ ਮਾਨ ਨੂੰ ਪਦਮਸ੍ਰੀ ਦੇਣ ਦੀ ਮੰਗ

ਸਿਆਟਲ/ਗੁਰਚਰਨ ਸਿੰਘ ਢਿੱਲੋਂ, ਪੰਜਾਬੀ ਦੇ ਹਰਮਨਪਿਆਰੇ ਗਾਇਕ ਗੁਰਦਾਸ ਮਾਨ ਨੂੰ ਪਦਮਸ੍ਰੀ ਖਿਤਾਬ ਨਾਲ ਨਿਵਾਜਿਆ ਜਾਣਾ ਚਾਹੀਦਾ ਹੈ। ਇਹ ਮੰਗ "ਸਰਬੱਤ ਦਾ ਭਲਾ" ਜਥੇਬੰਦੀ ਸਿਆਟਲ ਦੇ ਮੁਖੀ ਦਯਿਆਬੀਰ ਸਿੰਘ ਪਿੰਟੂ ਬਾਠ ਤੇ ਸਮੂਹ ਮੈਂਬਰਾਂ, ਸੈਲਮਾ ਤੋਂ ਲਾਲ ਸਿੱਧੂ, ਰਾਜਿੰਦਰ ਜੌਹਲ, ਸਪੋਕੇਨ ਤੋਂ ਪਵਨ ਕੌਰ ਢਿੱਲੋਂ ਸਮੇਤ ਬਹੁਤ ਸਾਰੇ ਆਮ ਲੋਕਾਂ ਨੇ ਕੀਤੀ ਹੈ। ਇਨ੍ਹਾਂ ਦਾ ਮੰਨਣਾ ਹੈ ਕਿ ਇਸ ਨਾਲ ਪੰਜਾਬੀ ਸੱਭਿਆਚਾਰ ਦਾ ਮਾਣ-ਸਤਿਕਾਰ ਹੋਰ ਵਧੇਗਾ। ਜ਼ਿਕਰਯੋਗ ਹੈ ਕਿ ਭਾਰਤ ਦੇ ਰਾਸ਼ਟਰਪਤੀ ਵਲੋਂ ਵੱਖ ਵੱਖ ਖਿੱਤਿਆਂ ਵਿਚ ਨਾਮਵਰ ਸ਼ਖਸੀਅਤਾਂ ਵਿਚੋਂ ਹਰੇਕ ਸਾਲ 'ਪਦਮਸ੍ਰੀ' ਖਿਤਾਬ ਨਾਲ ਸਨਮਾਨਿਆ ਜਾਂਦਾ ਹੈ। ਪੰਜਾਬੀ ਗਾਇਕਾਂ ਵਿਚੋਂ ਦੋ ਨਾਮਵਰ ਸ਼ਖਸੀਅਤਾਂ ਹੰਸ ਰਾਜ ਹੰਸ ਤੇ ਪਿਆਰੇ ਲਾਲ ਵਡਾਲੀ ਨੂੰ 'ਪਦਮਸ੍ਰੀ' ਖਿਤਾਬ ਨਾਲ ਸਨਮਾਨਿਆ ਜਾ ਚੁੱਕਾ ਹੈ।

*ਸਫ਼ਾ 21 ਦੀ ਬਾਕੀ*

## "ਅੰਨ੍ਹਾ ਵੰਡੇ ਰਿਉੜੀਆਂ, ਮੁੜ-ਮੁੜ ਆਪਣਿਆਂ ਨੂੰ ਦੇਵੇ"

ਫ਼ੰਡ ਭੇਜੇ ਹਨ, ਜਿਨ੍ਹਾਂ ਵਿਚ ਪਿੰਡ ਬਾਦਲ ਦੇ ਕਾਲਜ ਨੂੰ ਦਿੱਤੇ 15 ਲੱਖ ਵੀ ਸ਼ਾਮਲ ਹਨ। ਬਿਹਾਰ ਦੇ ਇੱਕ ਐਮ.ਪੀ ਨੇ ਵੀ ਜ਼ਿਲ੍ਹਾ ਮੁਕਤਸਰ ਵਿਚ 25 ਲੱਖ ਦੇ ਫ਼ੰਡ ਦਿੱਤੇ ਹਨ। ਐਮ.ਪੀ ਬਲਵਿੰਦਰ ਸਿੰਘ ਭੂੰਦੜ ਨੇ ਵੀ ਪਿੰਡ ਬਾਦਲ ਦੇ ਦਸਮੇਸ਼ ਗਰਲਜ਼ ਕਾਲਜ ਆਫ਼ ਐਜੂਕੇਸ਼ਨ ਨੂੰ ਪੰਜ ਲੱਖ ਰੁਪਏ ਸਮੇਤ ਪਿੰਡ ਨੂੰ 15 ਲੱਖ ਅਤੇ ਪਿੰਡ ਮਲੂਕਾ ਵਿਚ 12 ਲੱਖ ਦੇ ਫ਼ੰਡ ਭੇਜੇ ਹਨ। ਐਮ.ਪੀ ਰਵਨੀਤ ਬਿੱਟੂ ਨੇ ਆਪਣੇ ਹਲਕੇ ਤੋਂ ਬਾਹਰ 90 ਲੱਖ ਦੇ ਫ਼ੰਡ ਦਿੱਤੇ ਹਨ, ਜਿਨ੍ਹਾਂ 'ਚੋਂ 21 ਲੱਖ ਰੁਪਏ ਜ਼ਿਲ੍ਹਾ ਅੰਮ੍ਰਿਤਸਰ ਵਿਚ ਭੇਜੇ ਹਨ। 'ਆਪ' ਦੇ ਐਮ.ਪੀ ਹਰਿੰਦਰ ਸਿੰਘ ਖ਼ਾਲਸਾ ਨੇ 21 ਲੱਖ ਦੇ ਫ਼ੰਡ ਪਟਿਆਲਾ ਤੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਦਿੱਤੇ ਹਨ। ਹਲਕਾ ਫ਼ਿਰੋਜ਼ਪੁਰ 'ਤੇ ਬਾਹਰਲੇ ਪੈਸੇ ਦਾ ਮੀਂਹ ਵਰ੍ਹਿਆ ਹੈ। ਐਮ.ਪੀ ਐੱਚ.ਕੇ.ਦੂਆ ਨੇ ਜ਼ਿਲ੍ਹਾ ਫ਼ਿਰੋਜ਼ਪੁਰ ਵਿਚ 4.24 ਕਰੋੜ ਦੇ ਫ਼ੰਡ ਦਿੱਤੇ ਹਨ, ਜਦੋਂਕਿ ਰਣਜੀਤ ਸਿੰਘ ਬ੍ਰਹਮਪੁਰਾ ਨੇ 1.23 ਕਰੋੜ, ਰਤਨ ਸਿੰਘ ਅਜਨਾਲਾ ਨੇ 1.70 ਕਰੋੜ ਤੇ ਅੰਬਿਕਾ ਸੋਨੀ ਨੇ 1.26 ਕਰੋੜ ਇਸ ਜ਼ਿਲ੍ਹੇ ਵਿਚ ਵੰਡੇ ਹਨ। ਐਮ.ਪੀ ਭਗਵੰਤ ਮਾਨ ਨੇ ਪੀਜੀਆਈ ਚੰਡੀਗੜ੍ਹ ਲਈ ਸੈਂਕੜੇ ਸਟਰੈਚਰ ਖ਼ਰੀਦ ਕੇ ਦਿੱਤੇ ਹਨ ਤੇ ਉਨ੍ਹਾਂ ਹਲਕੇ ਤੋਂ ਬਾਹਰ ਹੋਰ 15 ਲੱਖ ਭੇਜੇ ਹਨ। ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਹਲਕਾ ਲੰਬੀ ਲਈ ਕਰੀਬ 55 ਲੱਖ ਰੁਪਏ ਦੇ ਫ਼ੰਡ ਦਿੱਤੇ, ਜਿਨ੍ਹਾਂ 'ਚੋਂ ਪਿੰਡ ਬਾਦਲ ਦੇ ਦਸਮੇਸ਼ ਗਰਲਜ਼ ਕਾਲਜ ਆਫ਼ ਐਜੂਕੇਸ਼ਨ ਅਤੇ ਖੇਡਾਂ ਲਈ 19 ਲੱਖ ਦੇ ਫ਼ੰਡ ਦਿੱਤੇ। ਦੂਜੇ ਪਾਸੇ, ਹਰਿਆਣਾ ਦੇ ਐਮ.ਪੀ ਈਸ਼ਵਰ ਸਿੰਘ ਨੇ ਜ਼ਿਲ੍ਹਾ ਸੰਗਰੂਰ ਵਿਚ 5 ਲੱਖ ਦੇ ਫ਼ੰਡ ਭੇਜੇ ਹਨ। ਦੱਸਣਯੋਗ ਹੈ ਕਿ ਐਮ.ਪੀ ਗੁਰਜੀਤ ਸਿੰਘ ਔਜਲਾ ਵੱਲੋਂ ਚੰਡੀਗੜ੍ਹ ਦੇ ਗੌਲਫ਼ ਕਲੱਬ ਨੂੰ 20 ਲੱਖ ਦੀ ਗਰਾਂਟ ਦਿੱਤੇ ਜਾਣ ਦਾ ਵਿਵਾਦ ਉੱਠਿਆ ਸੀ ਤੇ ਉਸ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਵੱਲੋਂ 2012 ਵਿਚ ਸਨਾਵਰ ਸਕੂਲ ਨੂੰ ਇੱਕ ਕਰੋੜ ਦੇ ਫ਼ੰਡ ਦੇਣ ਦਾ ਮਾਮਲਾ ਹਾਈ ਕੋਰਟ ਪੁੱਜ ਗਿਆ ਸੀ। ਸੂਤਰ ਆਖਦੇ ਹਨ ਕਿ ਕਈ ਵਾਰ ਲਿਹਾਜ਼ਾਂ ਪਾਲਣ ਖ਼ਾਤਰ ਵੀ ਸੰਸਦੀ ਕੋਟੇ ਦੇ ਫ਼ੰਡਾਂ ਦੀ ਵਰਤੋਂ ਹੁੰਦੀ ਹੈ।

# ਸਿੱਖ ਸਿਧਾਂਤ : ਸ਼ਬਦ ਤੋਂ ਸ਼ਹਾਦਤ ਤਕ

**ਡਾ. ਜਸਪਾਲ ਕੌਰ ਕਾਂਗ**
ਪ੍ਰੋਫੈਸੈਰ ਅਤੇ ਚੇਅਰਪਰਸਨ
ਗੁਰੂ ਨਾਨਕ ਸਿੱਖ ਅਧਿਐਨ ਵਿਭਾਗ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

ਸਿੱਖ ਇਤਿਹਾਸ ਅਤੇ ਬਾਣੀਕਾਰਾਂ ਦੇ ਸੱਚ ਦੀ ਜੇ ਪਛਾਣ ਕਰਨੀ ਹੋਵੇ ਤਾਂ ਇਸ ਸੱਚ ਦੀ ਰੇਖਾਕਾਰੀ ਸ਼ਬਦ ਤੋਂ ਸ਼ਹਾਦਤ ਵਾਲੀ ਹੋਵੇਗੀ। ਸ਼ਬਦ ਮੂਲ ਚੇਤਨਾ ਹੈ ਅਤੇ ਸ਼ਹਾਦਤ ਇਸ ਚੇਤਨਾ ਵਿਚੋਂ ਪੈਦਾ ਹੋਣ ਵਾਲੀ ਸਿਖ਼ਰ ਹੈ। ਸੱਚ ਲਈ ਸ਼ਹਾਦਤ ਉਹੀ ਦੇ ਸਕਦਾ ਹੈ ਜੋ ਚੇਤਨਾ ਦੀ ਧਰਾਤਲ ਉੱਪਰ ਸੱਚ ਦਾ ਰੂਪ ਹੋ ਗਿਆ ਹੈ। ਅਜਿਹੀ ਸਿਖ਼ਰ ਅਵਸਥਾ ਉੱਪਰ ਪਹੁੰਚਿਆ ਵਿਅਕਤੀ ਹੀ ਦੂਸਰਿਆਂ ਲਈ ਕੁਰਬਾਨ ਹੋ ਸਕਦਾ ਹੈ। ਸ਼ਹਾਦਤ ਉਹ ਵਿਅਕਤੀ ਦੇ ਸਕਦਾ ਹੈ ਜੋ ਸਰੀਰ ਤੋਂ ਪਾਰ ਚਲਿਆ ਗਿਆ, ਜਿਸ ਲਈ ਸਰੀਰ ਦੂਜੈਲੀ ਹੋਂਦ ਹੈ। ਸ਼ਹਾਦਤ ਦੇਣ ਵਾਲਾ ਸਰੀਰ ਦੀ ਪੱਧਰ ਉਤੇ ਨਹੀਂ ਬਲਕਿ ਆਤਮਾ ਦੀ ਪੱਧਰ ਉੱਪਰ ਜੀਊਂਦਾ ਹੈ। ਇਹੀ ਰਹੱਸ ਹੈ ਕਿ ਜੋ ਆਤਮਾ ਦੀ ਧਰਾਤਲ ਉੱਪਰ ਵਿਚਰ ਰਿਹਾ ਹੈ, ਉਸ ਲਈ ਸਰੀਰ ਦਾ ਦੁਖ, ਦੁਖ ਨਹੀਂ ਹੁੰਦਾ। ਤੱਤੀਆਂ ਤਵੀਆਂ, ਉਬਲਦੀਆਂ ਦੇਗਾਂ ਅਤੇ ਸਲੀਬਾਂ ਉੱਪਰ ਟੰਗੇ ਜਾਣ ਵਾਲੇ ਆਤਮਾ ਦੀ ਧਰਾਤਲ ਉੱਪਰ ਹੀ ਟਿਕੇ ਹੁੰਦੇ ਹਨ। ਇਹ ਉਹ ਮਹਾਨ ਹੋਂਦਾਂ ਹਨ ਜੋ ਸਰੀਰ ਤੋਂ ਪਾਰ ਚਲੀਆਂ ਗਈਆਂ ਹਨ। ਇਨ੍ਹਾਂ ਲਈ ਕਾਲ ਦਾ ਡਰ-ਭਉ ਵਿਅਰਥ ਹੈ। ਸ਼ਹਾਦਤ ਦੇਣ ਵਾਲੇ ਵਿਅਕਤੀ ਜ਼ਿੰਦਗੀ ਦੇ ਅਰਥ ਮਰਨ ਵਿਚੋਂ ਲੱਭਦੇ ਹਨ। ਇਹ ਉਹ ਮਰਜੀਵੜੇ ਹੁੰਦੇ ਹਨ ਜੋ ਕਾਇਆ ਤੋਂ ਪਾਰ ਆਤਮਿਕ ਧਰਾਤਲ ਉੱਪਰ ਅਕਾਲ ਵਿਚ ਅਭੇਦ ਹੋ ਚੁੱਕੇ ਹੁੰਦੇ ਹਨ। ਅਕਾਲ ਵਿਚ ਅਭੇਦ ਰਹਿਣ ਵਾਲੇ ਵਿਅਕਤੀ ਲਈ ਮਰਨ ਜੀਊਣ ਦੇ ਅਰਥ ਪਾਰਗਾਮੀ ਹੋ ਜਾਂਦੇ ਹਨ। ਮੂਲ ਨੁਕਤਾ ਇਹ ਹੈ ਕਿ ਜੋ ਆਤਮਾ ਦੀ ਧਰਤੀ ਉਪਰ ਜੀਊ ਰਿਹਾ ਹੈ, ਉਸ ਲਈ ਦੁਨਿਆਵੀ ਜਾਂ ਸਰੀਰਕ ਦੁਖ ਮਿਟ ਗਏ ਹੁੰਦੇ ਹਨ। ਇਹ ਉਹ ਅਮਰ ਆਤਮਾਵਾਂ ਹੁੰਦੀਆਂ ਹਨ, ਜਿਨ੍ਹਾਂ ਦਾ ਮਨੋਬਲ ਸਥਿਰ ਤੇ ਟਿਕਿਆ ਹੁੰਦਾ ਹੈ। ਜਦੋਂ ਮਨ ਟਿਕਾਓ ਵਿਚ ਹੋਵੇ, ਉਦੋਂ ਹੀ ਕੋਈ ਵਿਅਕਤੀ ਸ਼ਹਾਦਤ ਦੇ ਬਿੰਦੂ ਤਕ ਪਹੁੰਚਦਾ ਹੈ। ਅਸਲ ਰਹੱਸ ਹੀ ਇਹ ਹੈ ਕਿ ਸੁਖਮਨੀ ਰਚਣ ਵਾਲਾ ਕਰਤਾਰੀ ਮਨੁੱਖ ਹੀ ਸ਼ਹਾਦਤ ਦੇ ਸਕਦਾ ਹੈ। ਸੁਖਮਨੀ ਟਿਕਾਓ ਅਤੇ ਸਥਿਰਤਾ ਦੀ ਪ੍ਰਤੀਕ ਹੈ ਅਤੇ ਸੁਖਮਨੀ ਵਿਚੋਂ ਹੀ ਸ਼ਹਾਦਤ ਦਾ ਜਨਮ ਹੁੰਦਾ ਹੈ। ਸੁਖਮਨੀ ਸ਼ਬਦ ਦੀ ਜੀਵੰਤ ਸ਼ਕਤੀ ਹੈ ਅਤੇ ਇਸੇ ਸ਼ਕਤੀ ਵਿਚੋਂ ਹੀ ਸ਼ਹਾਦਤ ਪ੍ਰਗਟ ਹੋਈ ਹੈ। ਸ਼ਹਾਦਤ ਵਾਲਾ ਸ਼ਹੀਦ ਮੌਤ ਨੂੰ ਵੰਗਾਰਦਾ ਹੈ। ਉਸ ਦੇ ਸ਼ਬਦ ਚਿੰਤਨ ਰਾਹੀਂ ਆਤਮਾ ਕਾਲ ਦੇਸ਼ ਤੋਂ ਉਪਰ ਚਲੀ ਜਾਂਦੀ ਹੈ। ਸ਼ਹਾਦਤ ਦੇਣ ਵਾਲਾ ਵਿਅਕਤੀਤਵ ਗਿਆਨ ਦੀ ਉਚੇਰੀ ਅਵਸਥਾ ਉਪਰ ਵਿਚਰ ਰਿਹਾ ਹੁੰਦਾ ਹੈ। ਗਿਆਨ ਉਸ ਨੂੰ ਕਾਇਆ/ਮੋਹ ਮਾਇਆ ਦੇ ਰਿਸ਼ਤਿਆਂ ਤੋਂ ਉਪਰ ਲੈ ਜਾਂਦਾ ਹੈ, ਉਸ ਲਈ ਇਕੋ ਮਾਰਗ ਅਕਾਲ ਵਿਚ ਅਭੇਦ ਹੋਣਾ ਹੈ। ਸ਼ਹਾਦਤ ਦੇ ਕੇ ਉਹ ਅਕਾਲ ਅਭੇਦ ਹੁੰਦਾ ਹੈ। ਇਹੀ ਰਹੱਸ ਹੈ ਕਿ ਸ਼ਹਾਦਤ ਦੇਣ ਵਾਲਾ ਮਿਟਦਾ ਨਹੀਂ, ਸਿਮਰਤੀਆਂ ਦੇ ਦੇਸ਼ ਵਿਚ ਟਿਕ ਜਾਂਦਾ ਹੈ, ਦੂਜਿਆਂ ਲਈ ਆਦਰਸ਼ ਬਣ ਜਾਂਦਾ ਹੈ। ਇਹ ਤੱਥ ਬੜਾ ਸਪੱਸ਼ਟ ਹੈ ਕਿ ਗਿਆਨ ਹੀ ਦੁਖ ਨੂੰ ਦਾਰੂ ਬਣਾਉਂਦਾ ਹੈ। ਬਾਣੀਕਾਰ ਅਤੇ ਉਨ੍ਹਾਂ ਦੇ ਅਨਿੰਨ ਪੈਰੋਕਾਰ ਗਿਆਨ ਦੀਆਂ ਉਚੇਰੀਆ ਸਿਖ਼ਰਾਂ ਉੱਪਰ ਵਿਚਰਨ ਵਾਲੀਆਂ ਚੇਤੰਨ ਹੋਂਦਾਂ ਸਨ, ਸ਼ਬਦ ਦੇ ਝਰੋਖੇ ਵਿਚੋਂ ਬ੍ਰਹਮ ਤੀਕ ਪਹੁੰਚੇ ਹੋਏ ਵਿਅਕਤੀ ਸਨ। ਇਸੇ ਚੇਤਨਾ ਵਿਚੋਂ ਹੀ ਉਹ ਸ਼ਹਾਦਤ ਦਾ ਜਾਮ ਪੀਂਦੇ ਰਹੇ ਹਨ। ਗਿਆਨ-ਵਿਹੂਣਾ ਵਿਅਕਤੀ ਪਲ-ਪਲ ਥਿੜਕਦਾ ਹੈ, ਉਸ ਲਈ ਕਾਇਆ ਹੀ ਸੱਚ ਹੈ। ਉਹ ਸ਼ਹਾਦਤ ਦੇਣਾ ਤਾਂ ਦੂਰ ਰਿਹਾ, ਉਹ ਸ਼ਹਾਦਤ ਦੇਣ ਵਾਲੇ ਦੀ ਕਰਨੀ ਦੇਖ ਕੇ ਕੰਬਦਾ ਹੈ। ਸੋ ਸਪੱਸ਼ਟ ਹੈ ਕਿ ਸ਼ਹਾਦਤ ਉਹ ਦਿੰਦਾ ਹੈ ਜੋ ਆਤਮਾ ਦੀ ਧਰਾਤਲ ਉੱਪਰ ਵਿਚਰਦਾ ਹੈ, ਜੋ ਗਿਆਨਵਾਨ ਹੈ ਅਤੇ ਸ਼ਬਦਾਂ ਦੇ ਝਰੋਖੇ ਵਿਚ ਬ੍ਰਹਮ ਦੀ ਪ੍ਰਤੀਤੀ ਕਰਦਾ ਹੈ। ਅਜਿਹੇ ਵਿਅਕਤੀ ਲਈ ਕਾਲ ਦਾ ਡਰ, ਡਰ ਨਹੀਂ ਹੁੰਦਾ, ਉਹ ਕਾਲ ਵਿਚੋਂ ਅਕਾਲ ਤੀਕ ਪਹੁੰਚਦਾ ਹੈ, ਮਨ ਦੀ ਸਥਿਰਤਾ ਅਜਿਹੇ ਮਹਾਂ-ਪੁਰਸ਼ਾਂ ਦੀ ਸ਼ਕਤੀ ਹੁੰਦੀ ਹੈ। ਮੌਤ ਦੇ ਰਹੱਸ ਨੂੰ ਪਛਾਣਨ ਵਾਲਾ ਹੀ ਸ਼ਹਾਦਤ ਦੇਂਦਾ ਹੈ। ਆਤਮਾ ਦੀ ਧਰਤੀ ਉੱਪਰ ਵਿਚਰ ਕੇ ਹੀ ਸ਼ਹਾਦਤ ਦਿੱਤੀ ਜਾ ਸਕਦੀ ਹੈ। ਸ਼ਬਦ ਅਤੇ ਸਬਰ ਦੀ ਸਿਖ਼ਰ ਵਿਚੋਂ ਹੀ ਸ਼ਹਾਦਤ ਪੈਦਾ ਹੁੰਦੀ ਹੈ। ਬਾਣੀਕਾਰਾਂ ਦੀ ਬਾਣੀ ਸ਼ਬਦ ਦਾ ਸਿਖ਼ਰ ਹੈ, ਉਨ੍ਹਾਂ ਦੀ ਕਰਨੀ ਸਬਰ ਦੀ ਬੁਲੰਦੀ ਹੈ। ਜੋ ਸ਼ਬਦਾਂ ਦਾ ਸਿਖ਼ਰ ਸਿਰਜਦਾ ਹੈ, ਉਹ ਫਿਰ ਚੁੱਪ ਨਹੀਂ ਰਹਿੰਦਾ। ਸ਼ਹਾਦਤ ਇਸੇ ਲਈ ਪ੍ਰਮਾਣਿਕ ਬਣਦੀ ਹੈ ਕਿਉਂਕਿ ਸ਼ਹਾਦਤ ਦੇਣ ਵਾਲਾ ਗਿਆਨਵਾਨ ਹੁੰਦਾ ਹੈ, ਉਸ ਦੀ ਸੋਚ ਗਗਨੀ ਚਰਿੱਤਰ ਵਾਲੀ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ



ਪਹਿਲਾਂ ਬਾਣੀਕਾਰ ਸਨ, ਰੱਬੀ ਗਿਆਨ ਅਤੇ ਸ਼ਬਦ ਚਿੰਤਨ ਦੀ ਅਗੰਮੀ ਸੂਝ ਰੱਖਣ ਵਾਲੇ ਸਨ। ਉਨ੍ਹਾਂ ਨੇ ਆਪਣੀ ਸ਼ਹਾਦਤ ਚਿੰਤਨ ਦੇ ਝਰੋਖੇ ਵਿਚੋਂ ਦਿੱਤੀ ਹੈ ਅਤੇ ਜਿਹੜੀ ਸ਼ਹਾਦਤ ਚਿੰਤਨ ਵਿਚੋਂ ਪੈਦਾ ਹੁੰਦੀ ਹੈ, ਉਹ ਸ਼ਹਾਦਤ ਸਰਬਕਾਲੀ ਹੋ ਜਾਂਦੀ ਹੈ। ਸ਼ਹਾਦਤ ਦੇ ਪ੍ਰਸੰਗ ਵਿਚ ਇਹ ਨੁਕਤਾ ਧਿਆਨਯੋਗ ਹੈ ਕਿ ਅਸਲ ਸ਼ਹਾਦਤ ਉਹ ਹੈ ਜਦੋਂ ਸ਼ਹਾਦਤ ਦੇਣ ਵਾਲੇ ਕੋਲ ਬਚਣ ਦੇ ਪੂਰੇ ਮੌਕੇ ਵੀ ਹੋਣ ਪਰ ਉਹ ਇਨ੍ਹਾਂ ਮੌਕਿਆਂ ਦੇ ਬਾਵਜੂਦ ਆਪਣਾ ਆਪਾ ਅਰਪਣ ਕਰ ਦੇਵੇ। ਇਹ ਅਸਲ ਸ਼ਹਾਦਤ ਕਹੀ ਜਾਵੇਗੀ। ਮਿਸਾਲ ਵਜੋਂ ਗੁਰੂ ਅਰਜਨ, ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ ਅਤੇ ਛੋਟੇ ਸ਼ਾਹਿਬਜ਼ਾਦਿਆਂ ਕੋਲ ਬਚਣ ਦੇ ਅਨੇਕ ਮੌਕੇ ਸਨ। ਇਹ ਸ਼ਹੀਦ ਜੇਕਰ ਅਣਚਾਹੀਆਂ ਸਥਿਤੀਆਂ ਨਾਲ ਸਮਝੌਤਾ ਕਰ ਲੈਂਦੇ ਤਾਂ ਸਰਬਕਾਲੀ ਨਾ ਬਣਦੇ, ਸ਼ਹੀਦ ਦਾ ਦਰਜਾ ਪ੍ਰਾਪਤ ਨਾ ਕਰਦੇ। ਕਮਾਲ ਦਾ ਤੱਥ ਇਹ ਹੈ ਕਿ ਗੁਰੂ ਆਪ ਪਹਿਲਾਂ ਸ਼ਹਾਦਤ ਦਾ ਮਾਡਲ ਦੇ ਰਹੇ ਹਨ ਅਤੇ ਉਨ੍ਹਾਂ ਦੇ ਅਨੁਯਾਈ ਉਨ੍ਹਾਂ ਦੀਆਂ ਪੈੜਾਂ ਉੱਪਰ ਸ਼ਹਾਦਤ ਦਾ ਜਾਮ ਪੀਂਦੇ ਹਨ। ਭਾਈ ਦਿਆਲਾ ਉਬਲਦੀ ਦੇਗ ਵਿਚ ਉਬਾਲਿਆ ਗਿਆ ਜਦ ਕਿ ਅਜਿਹੀ ਸ਼ਹਾਦਤ ਪਹਿਲਾਂ ਗੁਰੂ ਆਪ ਦੇ ਰਹੇ ਹਨ। ਧਰਤੀ ਉੱਪਰ ਅਜਿਹੀਆਂ ਮਿਸਾਲਾਂ ਵਿਰਲੀਆਂ ਹਨ ਕਿ ਆਪਣੇ ਆਪ ਦਾ ਬੰਦ ਬੰਦ ਖ਼ੁਦ ਕਟਵਾਉਣਾ। ਦਰਅਸਲ ਗੁਰੂ ਸਾਹਿਬਾਨ ਨੇ ਆਪਣੇ ਅਨੁਯਾਈਆਂ ਅੰਦਰ ਅਜਿਹੀ ਚੇਤਨਾ ਪੈਦਾ ਕਰ ਦਿੱਤੀ ਸੀ ਕਿ ਸ਼ਹਾਦਤ ਵਿਚੋਂ ਉਹ ਆਪਣੀ ਜ਼ਿੰਦਗੀ ਲੱਭਦੇ ਰਹੇ ਹਨ। ਜਿਸ ਧਰਮ ਦੇ ਪਹਿਲੇ ਗੁਰੂ ਨੇ ਜ਼ਾਲਮ ਹਾਕਮ ਨੂੰ ਪਾਪ ਦੀ ਜੰਞ ਵਾਲਾ ਕਿਹਾ ਹੋਵੇ, ਜੇਲ੍ਹ ਵਿਚ ਚੱਕੀ ਪੀਸੀ ਹੋਵੇ, ਉਸ ਧਰਮ ਦੀ ਪਛਾਣ ਸ਼ਹਾਦਤ ਰਾਹੀਂ ਹੀ ਹੋਣੀ ਸੀ। ਦੂਜਾ, ਬਾਣੀਕਾਰਾਂ ਨੇ ਜਦੋਂ ਆਪਣੇ ਅਨੁਯਾਈਆ ਅੰਦਰੋਂ ਮੌਤ ਦਾ ਭਉ ਹੀ ਮੁਕਾ ਦਿੱਤਾ ਸੀ ਤਾਂ ਅਜਿਹੇ ਧਰਮ ਵਿਚ ਘਰ ਘਰ ਸ਼ਹੀਦ ਪੈਦਾ ਹੋਣਾ ਸੁਭਾਵਕ ਹੀ ਸੀ। ਪ੍ਰੋ. ਪੂਰਨ ਸਿੰਘ ਜਦੋਂ ਪੰਜਾਬ ਦੇ ਜਵਾਨਾਂ ਬਾਰੇ ਇਹ ਕਹਿੰਦਾ ਹੈ ਕਿ ਜਵਾਨ ਪੰਜਾਬ ਦੇ, ਮੌਤ ਨੂੰ ਮਖੌਲਾਂ ਕਰਨ ਤਾਂ ਇਸ ਦਾ ਅਰਥ ਹੀ ਇਹ ਹੈ ਕਿ ਗੁਰੂਆਂ ਨੇ ਇਸ ਧਰਤੀ ਦੀ ਮਿੱਟੀ ਵਿਚ ਅਜਿਹਾ ਬੀਜ ਬੀਜਿਆ ਕਿ ਸ਼ਹਾਦਤ ਹੀ ਇਨ੍ਹਾਂ ਦੀ ਪਛਾਣ ਬਣ ਗਈ। ਇਹ ਉਹੀ ਧਰਤੀ, ਉਹੀ ਲੋਕ ਸਨ ਜੋ ਹਮਲਾਵਰਾਂ ਅੱਗੇ ਗੋਡੇ ਟੇਕਦੇ ਸਨ, ਡਰ ਭਉ ਵਿਚ ਥਰ-ਥਰ ਕੰਬਦੇ ਸਨ। ਗੁਰੂ ਸਾਹਿਬਾਨ ਨੇ ਇਸ ਧਰਤੀ ਦੇ ਲੋਕਾਂ ਅੰਦਰ ਅਜਿਹੀ ਚੇਤਨਾ ਲਗਾਈ ਕਿ ਉਹ ਹੱਸ-ਹੱਸ ਜਾਨਾਂ ਵਾਰ ਗਏ ਪਰ ਸਿਰੜ ਨਹੀਂ ਹਾਰਿਆ। ਇਹ ਉਹ ਲੋਕ ਸਨ, ਜਿਨ੍ਹਾਂ ਨੂੰ ਗੁਰੂ ਨੇ ਇਹ ਸਮਝਾਇਆ ਕਿ ' ।। ਪਹਿਲਾਂ ਮਰਨ ਕਬੂਲ ਕਰ, ਜੀਵਨ ਕੀ ਛਡਿ ਆਸ।।' ਇਸ ਚੇਤਨਾ ਵਿਚੋਂ ਇਕ ਨਵੇਂ ਮਨੁੱਖ ਦਾ ਜਨਮ ਹੋਇਆ ਜਿਸ ਨੇ ਸ਼ਹਾਦਤ ਨੂੰ ਆਪਣੀ ਹੋਣੀ ਬਣਾਇਆ ਅਤੇ ਮੌਤ ਦੇ ਝਰੋਖੇ ਵਿਚੋਂ ਜ਼ਿੰਦਗੀ ਦੇ ਦੀਦਾਰ ਕੀਤੇ। ਗੁਰੂ ਨਾਨਕ ਦੇ ਇਹ ਬੋਲ ।। ਜਉ ਤਉ ਪ੍ਰੇਮ ਖੇਲਣ ਕਾ ਚਾਉ।। ਸਿਰੁ ਧਰਿ ਤਲੀ ਗਲੀ ਮੇਰੀ ਆਉ।।ਹੀ ਮਾਰਗ ਦਰਸ਼ਕ ਸਨ, ਜਿਨ੍ਹਾਂ ਉੱਪਰ ਤੁਰਦਿਆਂ ਸ਼ਹਾਦਤ ਦੀ ਜਾਗ ਲੱਗੀ। ਸ਼ਹਾਦਤ ਦਾ ਬੀਜ ਉਦੋਂ ਹੀ ਬੀਜਿਆ ਗਿਆ ਸੀ ਜਦੋਂ ਗੁਰੂ ਨੇ 'ਬਾਬਰ' ਨੂੰ ਵੰਗਾਰਿਆ ਸੀ। ਇਹ ਵੰਗਾਰ ਹੀ ਪਹਿਲੀ ਪੌੜੀ ਸੀ ਜੋ ਸ਼ਹਾਦਤ ਦਾ ਆਧਾਰ ਬਣੀ ਸੀ। ਗੁਰੂ ਅਰਜਨ ਜੀ ਲਈ ਬੜਾ ਸਹਿਜ ਸੀ ਕਿ ਉਹ ਇਕ ਬੋਲ ਰਾਹੀਂ ਕਹਿਰ ਤੋਂ ਬਚ ਸਕਦੇ ਸਨ। ਜੇ ਉਹ ਅਜਿਹਾ ਕਰਦੇ ਤਾਂ ਸ਼ਹਾਦਤ ਦੇ ਸਿਖ਼ਰ ਜਾਂ ਸ਼ਹੀਦਾਂ ਦੇ ਸਿਰਤਾਜ ਨਾ ਬਣਦੇ। ਅਸਲ ਵਿਚ ਗੁਰੂ ਇਕ ਨਵੀਂ ਕੌਮ ਅਤੇ ਨਵੇਂ ਮਨੁੱਖ ਦੀ ਸਾਜਨਾ ਕਰ ਰਹੇ ਸਨ। ਇਹ ਸਾਜਨਾ ਤਾਂ ਹੀ ਹੋਣੀ ਸੀ ਜੇ ਪਹਿਲਾਂ ਗੁਰੂ ਆਪ ਸ਼ਹਾਦਤ ਦਿੰਦੇ। ਅਜਿਹਾ ਬਾਣੀਕਾਰਾਂ ਨੇ ਕਰਕੇ ਵਿਖਾਇਆ। ਖ਼ਾਲਸਾ ਜੋ ਸ਼ਹਾਦਤ ਦਾ ਪ੍ਰਤੀਕ ਹੈ, ਉਸ ਨੂੰ ਗੁਰੂ ਨੇ ਪਹਿਲਾ ਸਬਕ ਹੀ ਸੀਸ ਦੇਣ ਦਾ ਪੜ੍ਹਾਇਆ ਸੀ। ਸ਼ਹਾਦਤ ਵਿਚੋਂ ਹੀ ਖ਼ਾਲਸੇ ਦਾ ਜਨਮ ਹੋਇਆ ਸੀ। ਗੁਰੂ ਦਾ ਸੀਸ ਹੀ ਸੰਕੇਤ ਸੀ ਕਿ ਖ਼ਾਲਸਾ ਬਣਨ ਲਈ ਸ਼ਹਾਦਤ ਦੇਣੀ ਪੈਣੀ ਹੈ। ਸ਼ਹਾਦਤ ਸਰੀਰ ਦੀ ਵੀ ਹੈ, ਕਾਮਨਾਵਾਂ ਦੀ ਵੀ। ਖ਼ਾਲਸੇ ਦੀ ਪਛਾਣ ਹੀ ਇਹ ਹੈ ਕਿ ਉਹ ਸ਼ੁਭ ਕਰਮਨ ਲਈ ਲੜਦਾ ਹੈ। ਉਹ ਨਿਸ਼ਚੈ ਨਾਲ ਜਿੱਤ ਪ੍ਰਾਪਤ ਕਰਦਾ ਹੈ ਅਤੇ ਜੇ ਸ਼ੁਭ ਕਰਮ ਕਰਦਿਆਂ ਸ਼ਹਾਦਤ ਦੇਣੀ ਪਵੇ ਤਾਂ ਗੁਰੂ ਕਾ ਖ਼ਾਲਸਾ ਇਕ ਪਲ ਵਿਚ ਆਪਾ ਵਾਰ ਦਿੰਦਾ ਹੈ। ਇਹੀ ਸ਼ਹਾਦਤ ਸਿੱਖ ਧਰਮ, ਬਾਣੀਕਾਰਾਂ ਅਤੇ ਅਨੁਯਾਈਆਂ ਦੀ ਪਛਾਣ ਹੈ।

ਸਿੱਖ ਇਤਿਹਾਸ ਵੱਲ ਝਾਤੀ ਪਾਈਏ ਤਾਂ ਰਹੱਸ ਦੀ ਪ੍ਰਤੀਤੀ ਹੁੰਦੀ ਹੈ ਕਿ ਜੋ ਕੌਮ ਸ਼ਸਤਰ ਅਤੇ ਸ਼ਾਸਤਰ ਦੇ ਸੁਮੇਲ ਵਿਚੋਂ ਉਭਰੀ ਹੈ, ਉਸ ਕੌਮ ਦੀ ਸ਼ਨਾਖ਼ਤ ਹੀ ਸ਼ਹਾਦਤ ਵਿਚੋਂ ਹੋਣੀ ਸੀ। ਗੁਰੂ ਅਰਜਨ ਜੀ ਤਸ਼ੱਦਦ ਸਹਿ ਰਹੇ ਸਨ ਤਾਂ ਸਾਈਂ ਮੀਆਂ ਮੀਰ ਬੋਲ ਉੱਠਿਆ ਸੀ ਕਿ ਜੇ ਕਹੋ ਤਾਂ ਸਭ ਫ਼ਨਾ ਕਰ ਸਕਦਾ ਹਾਂ। ਅੱਗੋਂ ਗੁਰੂ ਦਾ ਬੋਲ ਸੀ ਕਿ ਫਿਰ ਪ੍ਰੀਖਿਆ ਵਿਚ ਹਾਰ ਜਾਵਾਂਗਾ। ਪੰਚਮ ਗੁਰੂ ਨੇ ਸ਼ਹਾਦਤ ਦੇ ਕੇ ਸ਼ਹੀਦਾਂ ਦੇ ਸਿਰਤਾਜ ਹੋਣ ਦਾ ਮਾਣ ਪ੍ਰਾਪਤ ਕੀਤਾ ਸੀ। ਸੁਖਮਨੀ ਗੁਰੂ ਦੇ ਸਬਰ ਦੀ ਸ਼ਕਤੀ ਸੀ। ਜੇ ਬਾਣੀ ਅੰਦਰ ਇਹ ਸ਼ਕਤੀ ਨਾ ਹੁੰਦੀ ਤਾਂ ਸ਼ਹਾਦਤ ਦਾ ਰੂਪ ਕੋਈ ਹੋਰ ਹੋ ਜਾਣਾ ਸੀ। ਗੁਰੂ ਅਰਜਨ ਜੀ ਨੇ ਸ਼ਹਾਦਤ ਦਾ ਬੀਜ ਅਜਿਹਾ ਬੀਜਿਆ ਕਿ ਇਸ ਕੌਮ ਦਾ ਇਤਿਹਾਸ ਹੀ ਸ਼ਹਾਦਤਾਂ ਦਾ ਬਿੰਬ ਬਣ ਗਿਆ। ਸਿੱਖੀ ਸ਼ਾਹਦਤ ਦੀ ਪ੍ਰਤੀਕ ਹੋ ਨਿੱਬੜੀ। ਇਹ ਤੱਥ ਬੜਾ ਪ੍ਰਮਾਣਿਕ ਹੈ ਕਿ ਸਿੱਖ ਧਰਮ ਸੰਤ ਅਤੇ ਸੂਰਮੇ ਦਾ ਸੁਮੇਲ ਹੈ। ਸੰਤ ਪਹਿਲਾਂ ਚਿੰਤਨ ਰਾਹੀਂ ਇੰਦਰਿਆਵੀ ਵਿਕਾਰਾਂ ਨੂੰ ਮਾਰਦਾ ਹੈ ਅਤੇ ਸੂਰਮੇ ਦੇ ਰੂਪ ਵਿਚ ਉਹ ਸਰੀਰ ਦੀ ਸ਼ਹਾਦਤ ਦਿੰਦੇ ਹਨ। ਇਸ ਨੂੰ ਹੀ ਸ਼ਬਦ ਤੋਂ ਸ਼ਹਾਦਤ ਤੱਕ ਦੀ ਯਾਤਰਾ ਕਿਹਾ ਗਿਆ ਹੈ। ਸ਼ਬਦ ਦੇ ਝਰੋਖੇ ਵਿਚੋਂ ਆਤਮਿਕ ਸ਼ਕਤੀ ਜਾਗਦੀ ਹੈ ਅਤੇ ਜਾਗੀ ਹੋਈ ਆਤਮਾ ਹੀ ਸ਼ਹਾਦਤ ਦਾ ਜਾਮ ਪੀਂਦੀ ਹੈ। ਗੁਰੂ ਅਰਜਨ ਦੇਵ ਜੀ ਦਾ ਸਬਰ ਸੰਤੋਖ ਸ਼ਬਦਾਂ ਦੀ ਸੁਰ ਵਿਚੋਂ ਪੈਦਾ ਹੋਇਆ ਸੀ। ਇਸੇ ਸਬਰ ਵਿਚੋਂ ਹੀ ਏਡੀ ਵੱਡੀ ਸ਼ਹਾਦਤ ਸਾਕਾਰ ਹੋਈ ਹੈ। ਸ਼ਬਦ ਚਿੰਤਨ ਰਾਹੀਂ ਚੇਤਨਾ ਜਾਗਦੀ ਹੈ ਅਤੇ ਇਹੀ ਚੇਤਨਾ ਸ਼ਹਾਦਤ ਦੀ ਧਰਾਤਲ ਬਣਦੀ ਹੈ। ਗੁਰੂ ਅਰਜਨ ਦੇਵ ਸ਼ਬਦ ਚਿੰਤਨ ਅਤੇ ਸ਼ਹਾਦਤ ਦੋਹਾਂ ਦੇ ਪ੍ਰਤੀਕ ਬਣੇ ਹਨ। ਇਸੇ ਵਿਚੋਂ ਹੀ ਉਹ ਸਰਬਕਾਲ ਬਣੇ ਹਨ।

**ਗੁਰੂ ਅਰਜਨ ਜੀ ਨੇ ਸ਼ਹਾਦਤ ਦਾ ਬੀਜ ਅਜਿਹਾ ਬੀਜਿਆ ਕਿ ਇਸ ਕੌਮ ਦਾ ਇਤਿਹਾਸ ਹੀ ਸ਼ਹਾਦਤਾਂ ਦਾ ਬਿੰਬ ਬਣ ਗਿਆ। ਸਿੱਖੀ ਸ਼ਾਹਦਤ ਦੀ ਪ੍ਰਤੀਕ ਹੋ ਨਿੱਬੜੀ। ਇਹ ਤੱਥ ਬੜਾ ਪ੍ਰਮਾਣਿਕ ਹੈ ਕਿ ਸਿੱਖ ਧਰਮ ਸੰਤ ਅਤੇ ਸੂਰਮੇ ਦਾ ਸੁਮੇਲ ਹੈ। ਸੰਤ ਪਹਿਲਾਂ ਚਿੰਤਨ ਰਾਹੀਂ ਇੰਦਰਿਆਵੀ ਵਿਕਾਰਾਂ ਨੂੰ ਮਾਰਦਾ ਹੈ ਅਤੇ ਸੂਰਮੇ ਦੇ ਰੂਪ ਵਿਚ ਉਹ ਸਰੀਰ ਦੀ ਸ਼ਹਾਦਤ ਦਿੰਦੇ ਹਨ। ਇਸ ਨੂੰ ਹੀ ਸ਼ਬਦ ਤੋਂ ਸ਼ਹਾਦਤ ਤੱਕ ਦੀ ਯਾਤਰਾ ਕਿਹਾ ਗਿਆ ਹੈ। ਸ਼ਬਦ ਦੇ ਝਰੋਖੇ ਵਿਚੋਂ ਆਤਮਿਕ ਸ਼ਕਤੀ ਜਾਗਦੀ ਹੈ ਅਤੇ ਜਾਗੀ ਹੋਈ ਆਤਮਾ ਹੀ ਸ਼ਹਾਦਤ ਦਾ ਜਾਮ ਪੀਂਦੀ ਹੈ। ਗੁਰੂ ਅਰਜਨ ਦੇਵ ਜੀ ਦਾ ਸਬਰ ਸੰਤੋਖ ਸ਼ਬਦਾਂ ਦੀ ਸੁਰ ਵਿਚੋਂ ਪੈਦਾ ਹੋਇਆ ਸੀ। ਇਸੇ ਸਬਰ ਵਿਚੋਂ ਹੀ ਏਡੀ ਵੱਡੀ ਸ਼ਹਾਦਤ ਸਾਕਾਰ ਹੋਈ ਹੈ।**

# ਬਰਤਾਨੀਆ ਵਿਚ ਸਿੱਖ ਕੁੜੀਆਂ ਦੇ ਸ਼ੋਸ਼ਣ ਬਾਰੇ ਚਿੰਤਾਜਨਕ ਰਿਪੋਰਟ ਜਾਰੀ

## *ਸਿੱਖ ਮਾਪੇ ਆਪਣੇ ਬੱਚਿਆਂ ਨੂੰ ਧਰਮ ਤੇ ਗੌਰਵਮਈ ਵਿਰਸੇ ਦੀ ਜਾਣਕਾਰੀ ਦੇਣ*

**ਲੰਡਨ/ਬਿਊਰੋ ਨਿਊਜ਼ :** ਬਰਤਾਨੀਆ ਵਿਚ ਸਕੂਲਾਂ, ਕਾਲਜਾਂ ਅਤੇ ਯੂਨੀਵਰਸਟੀਆਂ ਵਿਚ ਪੜ੍ਹਦੀਆਂ ਸਿੱਖ ਕੁੜੀਆਂ ਨੂੰ ਲੰਮੇ ਸਮੇਂ ਤੋਂ ਕਥਿਤ ਮੁਸਲਮਾਨ ਵਿਅਕਤੀਆਂ ਵਲੋਂ ਵਰਗਲਾਉਣ, ਉਹਨਾਂ ਦਾ ਧਰਮ ਤਬਦੀਲ ਕਰਨ ਅਤੇ ਉਹਨਾਂ ਦੀ ਜ਼ਿੰਦਗੀ ਨੂੰ ਨਰਕ ਵਰਗੀ ਬਣਾਉਣ ਦਾ ਗੈਰ-ਸਮਾਜਿਕ ਵਰਤਾਰਾ ਲਗਾਤਾਰ ਜਾਰੀ ਹੈ। ਇਸ ਨੂੰ ਠੱਲ੍ਹ ਪਾਉਣ ਲਈ ਸਿੱਖ ਨੌਜਵਾਨ ਸਮੇਂ-ਸਮੇਂ ਟੱਕਰ ਵੀ ਲੈਂਦੇ ਆਏ ਹਨ ਅਤੇ ਬਹੁਤ ਸਾਰੇ ਕੇਸਾਂ ਵਿਚ ਸਿੱਖ ਨੌਜਵਾਨਾਂ ਵਲੋਂ ਦੋਸ਼ੀ ਅਸੱਭਿਅਕ ਵਿਅਕਤੀਆਂ ਨੂੰ ਸਬਕ ਸਿਖਾਇਆ ਗਿਆ ਹੈ, ਜਿਸ ਕਾਰਨ ਕਈ ਸਿੱਖ ਨੌਜਵਾਨਾਂ ਨੂੰ ਅਦਾਲਤੀ ਕੇਸਾਂ ਦਾ ਸਾਹਮਣਾ ਵੀ ਕਰਨਾ ਪਿਆ ਹੈ। ਇਸ ਬਾਰੇ ਗੁਰੂ ਨਾਨਕ ਗੁਰਦਵਾਰਾ ਸਮੈਦਿਕ ਵਿਖੇ ਸਿੱਖ ਯੂਥ ਯੂਕੇ ਅਤੇ ਸਮਾਰਟ ਟੀਮ ਵਲੋਂ ਬਕਾਇਦਾ ਪ੍ਰੈੱਸ ਕਾਨਫਰੰਸ ਦੌਰਾਨ ਇਕ ਬਹੁਤ ਦਰਦਨਾਕ ਅਤੇ ਚਿੰਤਾਜਨਕ ਰਿਪੋਰਟ ਨੂੰ ਜਨਤਕ ਕੀਤਾ ਗਿਆ, ਜਿਸ ਵਿਚ ਸਬੂਤਾਂ ਸਹਿਤ ਦਸਤਾਵੇਜ਼ ਪੇਸ਼ ਕੀਤੇ ਗਏ ਹਨ।



84 ਸਫਿਆਂ ਦੀ ਇਸ ਰਿਪੋਰਟ ਵਿਚ ਸੰਨ 1961 ਤੋਂ ਲੈ ਕੇ 2018 (57 ਸਾਲ ) ਤੱਕ ਦੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਸੰਸਦ ਮੈਂਬਰ ਸਰਾ ਚੈਂਪੀਅਨ ਨੇ ਇਸ ਰਿਪੋਰਟ ਨੂੰ ਬੇਹੱਦ ਗੰਭੀਰਤਾ ਨਾਲ ਲੈਂਦਿਆਂ ਇਸ ਦੀ ਨਿਰਪੱਖ ਜਾਂਚ ਕਰਵਾਉਣ ਅਤੇ ਦੋਸ਼ੀਆਂ ਨੂੰ ਸਖਤ ਸਜ਼ਾ ਦੇਣ ਦੀ ਆਵਾਜ਼ ਬੁਲੰਦ ਕੀਤੀ ਹੈ। ਖਚਾਖਚ ਭਰੀ ਪ੍ਰੈੱਸ ਕਾਨਫਰੰਸ ਨੂੰ ਸਿੱਖ ਯੂਥ ਯੂਕੇ ਦੇ ਭਾਈ ਦੀਪਾ ਸਿੰਘ, ਸਿੱਖ ਨੈੱਟਵਰਕ ਦੇ ਭਾਈ ਜੱਸ ਸਿੰਘ, ਯੂਨਾਈਟਿਡ ਖਾਲਸਾ ਦਲ ਯੂਕੇ ਦੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਧਰਮਯੁੱਧ ਜਥਾ ਯੂਕੇ ਦੇ ਭਾਈ ਚਰਨ ਸਿੰਘ, ਭਾਈ ਬਲਵਿੰਦਰ ਸਿੰਘ ਚਹੇੜੂ, ਸਿੱਖ ਕੌਂਸਲ ਯੂਕੇ ਦੇ ਭਾਈ ਗੁਰਮੇਜ ਸਿੰਘ ਕੰਦੋਲਾ, ਭਾਈ ਕੈਮ ਸਿੰਘ, ਭਾਈ ਗੁਰਪਰੀਤ ਸਿੰਘ, ਬੀਬੀ ਰੂਪੀ ਕੌਰ, ਬੀਬੀ ਕਰਨ ਕੌਰ ਅਤੇ ਸ਼ੇਰੇ ਪੰਜਾਬ ਦੇ ਦਲ ਸਿੰਘ ਢੇਸੀ ਨੇ ਸੰਬੋਧਨ ਕੀਤਾ। ਬਾਅਦ ਵਿਚ ਬਕਾਇਦਾ ਮੀਡੀਆ ਦੇ ਸਵਾਲਾਂ ਦੇ ਜਵਾਬ ਦਿੱਤੇ ਗਏ ਅਤੇ ਇਸ ਬਾਬਤ ਭਵਿੱਖ ਵਿਚ ਕਰਨ ਵਾਲੇ ਕਾਰਜਾਂ ਬਾਰੇ ਵੀ ਦੱਸਿਆ ਗਿਆ। ਸਿੱਖ ਯੂਥ ਯੂਕੇ ਵਲੋਂ ਸਥਾਪਤ ਕੀਤੇ ਸਮਾਰਟ ਸੈਂਟਰ ਦਾ ਸਾਥ ਦੇਣ ਲਈ ਸਿੱਖ ਸੰਗਤਾਂ ਅਤੇ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਨੂੰ ਅਪੀਲ ਕੀਤੀ ਗਈ ਤਾਂ ਕਿ ਪੀੜਤ ਬੱਚੀਆਂ ਦਾ ਬਚਾਅ ਕੀਤਾ ਜਾ ਸਕੇ ਅਤੇ ਭਵਿੱਖ ਵਿੱਚ ਵਾਪਰਨ ਵਾਲੀਆਂ ਸੰਭਾਵੀ ਘਟਨਾਵਾਂ ਦੀ ਅਗਾਊਂ ਰੋਕਥਾਮ ਕੀਤੀ ਜਾ ਸਕੇ। ਇਸ ਦੇ ਨਾਲ ਹੀ ਯੂਕੇ ਭਰ ਦੇ ਸਿੱਖ ਮਾਪਿਆਂ ਨੂੰ ਵੀ ਭਾਵਪੂਰਤ ਅਪੀਲ ਕਰਦਿਆਂ ਕਿਹਾ ਗਿਆ ਕਿ ਉਹ ਆਪਣੇ ਬੱਚਿਆਂ ਨੂੰ ਆਪਣੇ ਧਰਮ ਤੇ ਗੌਰਵਮਈ ਵਿਰਸੇ ਤੋਂ ਜਾਣੂ ਕਰਵਾਉਣ ਅਤੇ ਉਹਨਾਂ ਵਿਚ ਆਪਣੇ ਧਰਮ ਪ੍ਰਤੀ ਇਸ ਕਦਰ ਦ੍ਰਿੜਤਾ ਅਤੇ ਪ੍ਰਪੱਕਤਾ ਭਰਨ ਦੀਆਂ ਕੋਸ਼ਿਸ਼ਾਂ ਕਰਨ ਕਿ ਉਹਨਾਂ ਦੇ ਬੱਚੇ ਹਰ ਹਾਲਾਤ ਟਾਕਰਾ ਕਰਨ ਦੇ ਸਮਰੱਥ ਹੋ ਸਕਣ ਤੇ ਕੋਈ ਵੀ ਉਹਨਾਂ ਨੂੰ ਵਰਗਲਾ ਨਾ ਸਕੇ। ਪ੍ਰੈੱਸ ਕਾਨਫਰੰਸ ਵਿਚ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਅਤੇ ਤਰਮਨਜੀਤ ਸਿੰਘ ਢੇਸੀ ਦੇ ਸੁਨੇਹੇ ਵੀ ਸਾਂਝੇ ਕੀਤੇ ਗਏ।

# ਬਾਤਾਂ ਪਾਉਣੀਆਂ ਭੁੱਲੇ ਪੰਜਾਬੀ




**ਇਕਬਾਲ ਸਿੰਘ ਹਮਜਾਪੁਰ**

ਬਾਲ ਸਾਹਿਤ ਦੀਆਂ ਪ੍ਰਚੱਲਿਤ ਵਿਧਾਵਾਂ ਵਿਚ ਬਾਲ ਕਹਾਣੀ ਸਿਰਮੌਰ ਰਹੀ ਹੈ। ਬੱਚਿਆਂ ਨੂੰ ਸਿੱਖਿਆ ਦੇਣ ਲਈ ਰਚੇ ਗਏ ਸਾਹਿਤ ਵਿਚ ਵਧੇਰੇ ਕਹਾਣੀਆਂ ਹਨ। ਪੰਜਾਬੀ ਘਰਾਂ ਵਿਚ ਵੀ ਰਾਤ ਨੂੰ ਸੌਣ ਤੋਂ ਪਹਿਲਾਂ ਬੱਚਿਆਂ ਨੂੰ ਕਹਾਣੀਆਂ ਸੁਣਾਉਣਾ ਜ਼ਰੂਰੀ ਸਮਝਿਆ ਜਾਂਦਾ ਸੀ। ਰਾਤ ਨੂੰ ਸੁਣਾਈਆਂ ਜਾਣ ਵਾਲੀਆਂ ਕਹਾਣੀਆਂ ਨੂੰ 'ਬਾਤਾਂ' ਕਿਹਾ ਜਾਂਦਾ ਸੀ। ਪੰਜਾਬੀ ਘਰਾਂ ਵਿਚ ਨਾਨੀਆਂ-ਦਾਦੀਆਂ ਕੋਲ ਬਾਤਾਂ ਦਾ ਵੱਡਾ ਭੰਡਾਰ ਹੁੰਦਾ ਸੀ। ਇਸ ਭੰਡਾਰ ਵਿੱਚੋਂ ਬੱਚਿਆਂ ਦੀ ਮੰਗ ਅਨੁਸਾਰ ਬਾਤ ਪਾਈ ਜਾਂਦੀ ਸੀ। ਇਨ੍ਹਾਂ ਬਾਤਾਂ ਦਾ ਉਦੇਸ਼ ਬੱਚਿਆਂ ਦੀ ਸਾਰੇ ਦਿਨ ਦੀ ਥਕਾਵਟ ਲਾਹੁਣ ਦੇ ਨਾਲ-ਨਾਲ ਨੈਤਿਕ, ਸਮਾਜਿਕ ਤੇ ਅਧਿਆਤਮਕ ਸਿੱਖਿਆ ਦੇਣਾ ਹੁੰਦਾ ਸੀ।

ਅੱਜ ਬਾਤਾਂ ਪਾਉਣ ਦਾ ਰਿਵਾਜ਼ ਨਹੀਂ ਰਿਹਾ। ਸੋਸ਼ਲ ਮੀਡੀਆ ਤੇ ਸੂਚਨਾ-ਕ੍ਰਾਂਤੀ ਨੇ ਪੰਜਾਬੀਆਂ ਨੂੰ ਬਾਤ ਪਾਉਣੀ ਭੁਲਾ ਦਿੱਤੀ ਹੈ। ਪੰਜਾਬੀ ਘਰਾਂ ਵਿਚ ਬਾਤ ਪਾਉਣਾ ਮੋਬਾਈਲ ਤੇ ਟੀਵੀ. ਦੀ ਭੇਟ ਚੜ੍ਹ ਗਿਆ ਹੈ। ਬਾਤ ਪਾਉਣ ਵੇਲੇ ਬੱਚੇ ਵੀਡੀਓ ਗੇਮਾਂ ਖੇਡਦੇ ਹਨ ਜਾਂ ਫਿਰ ਕਾਰਟੂਨ ਫ਼ਿਲਮਾਂ ਵੇਖਦੇ ਹਨ। ਕੋਈ ਵੇਲਾ ਹੁੰਦਾ ਸੀ, ਬਾਤ ਮੁਕਾ ਕੇ ਸਿਰਫ਼ ਏਨਾ ਕਹਿਣਾ ਪੈਂਦਾ ਸੀ ਕਿ 'ਐਡੀ ਸੀ ਮੇਰੀ ਬਾਤ ਤੇ ਉੱਤੋਂ ਪੈ ਗਈ ਰਾਤ' ਤੇ ਬੱਚੇ ਘੜੀਆਂ-ਪਲਾਂ ਵਿਚ ਘੂਕ ਸੌਂ ਜਾਂਦੇ ਸਨ। ਇੱਕ-ਦੋ ਬਾਤਾਂ ਸਿੱਖਿਆ ਦੇ ਨਾਲ-ਨਾਲ ਬੱਚਿਆਂ ਦਾ ਮਨੋਰੰਜਨ ਕਰ ਦਿੰਦੀਆਂ ਸਨ। ਬਾਤ ਵਿਚਲਾ ਸੰਘਣਾ ਕਥਾਰਸ ਬੱਚਿਆਂ ਦਾ ਮਨੋਰੰਜਨ ਕਰਦਾ ਸੀ। ਬਾਤਾਂ ਬੱਚਿਆਂ ਦੀ ਮਨੋਰੰਜਨ ਦੀ ਤ੍ਰਿਸ਼ਨਾ ਨੂੰ ਸ਼ਾਂਤ ਕਰ ਦਿੰਦੀਆਂ ਸਨ।

ਅਜੋਕੀਆਂ ਕਾਰਟੂਨ ਫ਼ਿਲਮਾਂ ਤੇ ਵੀਡੀਓ ਗੇਮਾਂ ਬੱਚਿਆਂ ਦਾ ਮਨੋਰੰਜਨ ਜ਼ਰੂਰ ਕਰਦੀਆਂ ਹਨ ਪਰ ਇਹ ਉਨ੍ਹਾਂ ਦੀ ਥਕਾਵਟ ਨਹੀਂ ਉਤਾਰਦੀਆਂ ਤੇ ਨਾ ਹੀ ਤ੍ਰਿਸ਼ਨਾ ਪੂਰੀ ਕਰਦੀਆਂ ਹਨ। ਬੱਚਿਆਂ ਨੂੰ ਸੌਣ ਲਈ ਟੀਵੀ. ਅੱਗਿਓਂ ਖਿੱਚ-ਧੂਹ ਕੇ ਉਠਾਉਣਾ ਪੈਂਦਾ ਹੈ, ਮੋਬਾਈਲ ਉਨ੍ਹਾਂ ਦੇ ਹੱਥਾਂ ਵਿੱਚੋਂ ਖੋਹਣੇ ਪੈਂਦੇ ਹਨ। ਇਸ ਧੱਕੇਸ਼ਾਹੀ ਕਾਰਨ ਬੱਚਿਆਂ ਨੂੰ ਚੰਗੀ ਨੀਂਦ ਨਹੀਂ ਆਉਂਦੀ। ਸਵੇਰੇ ਮੰਜੇ ਤੋਂ ਉੱਠਣ ਸਾਰ ਫਿਰ ਉਨ੍ਹਾਂ ਦੇ ਹੱਥਾਂ ਵਿਚ ਮੋਬਾਈਲ ਹੁੰਦਾ ਹੈ। ਬੱਚੇ ਨਿਤ -ਨਵੀਆਂ ਫ਼ਿਲਮਾਂ ਤੇ ਖੇਡਾਂ ਦੀ ਭਾਲ ਵਿਚ ਭਟਕਦੇ ਹਨ। ਕਾਰਟੂਨ ਫ਼ਿਲਮਾਂ ਤੇ ਵੀਡੀਓ ਗੇਮਾਂ ਨੇ ਬੱਚਿਆਂ ਨੂੰ ਬਜ਼ੁਰਗਾਂ ਤੋਂ ਦੂਰ ਕਰ ਦਿੱਤਾ ਹੈ। ਪੁਰਾਣੇ ਸਮਿਆਂ ਵਿਚ ਬੱਚੇ ਬਾਤਾਂ ਸੁਣਦੇ ਹੋਏ ਬਜ਼ੁਰਗਾਂ ਦਾ ਮਨ ਵੀ ਪ੍ਰਚਾਉਂਦੇ ਸਨ। ਬਜ਼ੁਰਗਾਂ ਨੂੰ ਇਕਲਾਪੇ ਦਾ ਅਹਿਸਾਸ ਨਹੀਂ ਹੁੰਦਾ ਸੀ। ਅਜੋਕੇ ਬਜ਼ੁਰਗ ਆਵਾਜ਼ਾਂ ਮਾਰ-ਮਾਰ ਹਾਰ ਜਾਂਦੇ ਹਨ, ਬੱਚੇ, ਉਨ੍ਹਾਂ ਦੇ ਨੇੜੇ ਨਹੀਂ ਢੁਕਦੇ। ਜ਼ਮਾਨਾ ਬਦਲ ਗਿਆ ਹੈ। ਨਵੀਆਂ ਸੂਚਨਾ ਤਕਨੀਕਾਂ ਨੇ ਸਮੁੱਚੇ ਸੰਸਾਰ ਨੂੰ ਇਕ ਪਿੰਡ ਬਣਾ ਦਿੱਤਾ ਹੈ। ਇਸ ਸੂਚਨਾ ਕ੍ਰਾਂਤੀ ਨੇ ਬੱਚਿਆਂ ਨੂੰ ਪੜ੍ਹਾਉਣ ਅਤੇ ਸਿਖਾਉਣ ਦੀਆਂ ਵਿਧੀਆਂ ਨੂੰ ਵੀ ਬਦਲ ਕੇ ਰੱਖ ਦਿੱਤਾ ਹੈ। ਬੱਚਿਆਂ ਲਈ ਫੱਟੀ ਤੇ ਸਲੇਟ ਦੀ ਥਾਂ ਕੰਪਿਊਟਰਾਂ ਨੇ ਲੈ ਲਈ ਹੈ। ਕਿਹਾ ਜਾਂਦਾ ਹੈ ਕਿ ਬੱਚਿਆਂ ਨੂੰ ਪੜ੍ਹਾਉਣਾ ਤੇ ਸਿਖਾਉਣਾ ਪਹਿਲਾਂ ਨਾਲੋਂ ਸੁਖਾਲਾ ਹੋ ਗਿਆ ਹੈ। ਸਿਖਾਉਣ ਦੀਆਂ ਨਵੀਆਂ ਵਿਧੀਆਂ ਨੇ ਬੱਚਿਆਂ ਦੀ ਯਾਦ ਸ਼ਕਤੀ ਵਧਾ ਦਿੱਤੀ ਹੈ, ਪਰ ਜ਼ਰਾ ਗਹੁ ਨਾਲ ਵੇਖਿਆਂ ਪਤਾ ਚੱਲਦਾ ਹੈ ਕਿ ਕੰਪਿਊਟਰ ਦੇ ਇਸ ਯੁੱਗ ਨੇ ਬੱਚਿਆਂ ਨੂੰ ਵੀ ਕੰਪਿਊਟਰ ਬਣਾ ਦਿੱਤਾ ਹੈ। ਬੱਚਿਆਂ ਨੂੰ ਸਕੂਲਾਂ ਵਿੱਚ ਜਿੰਨਾ ਕੁ ਗਿਆਨ ਦਿੱਤਾ ਜਾਂਦਾ ਹੈ, ਉਹ ਓਨੇ ਤਕ ਸੀਮਤ ਹੋ ਕੇ ਰਹਿ ਗਏ ਹਨ। ਅਜੋਕੇ ਬੱਚੇ ਨਾ ਕਲਪਨਾ ਕਰਨ ਦੇ ਯੋਗ ਰਹੇ ਹਨ ਤੇ ਨਾ ਹੀ ਉਨ੍ਹਾਂ ਕੋਲ ਪਲਾਟ ਘੜਨ ਤੇ ਬਿਰਤਾਂਤ ਵਰਨਣ ਦੀ ਯੋਗਤਾ ਹੈ।

ਬਾਤਾਂ ਲੋਕ ਸਾਹਿਤ ਹਨ। ਬਾਤ ਪਾਉਣ ਵਾਲਾ ਲੋੜ ਅਨੁਸਾਰ ਇਨ੍ਹਾਂ ਵਿਚ ਆਪਣੇ ਵੱਲੋਂ ਕੁਝ ਜੋੜਦਾ ਤੇ ਕੁਝ ਘਟਾਉਂਦਾ ਰਹਿੰਦਾ ਸੀ। ਇਹ ਜੋੜ-ਘਟਾ ਬਾਤਾਂ ਵਿਚ ਹੋਰ ਰੌਚਕਤਾ ਪੈਦਾ ਕਰਦਾ ਸੀ। ਬਾਤ ਪਾਉਣ ਵਾਲਾ ਰੌਚਕਤਾ ਲਈ ਬਾਤ ਵਿਚਲੇ ਰੂੜ ਪਾਤਰਾਂ ਦੀ ਥਾਂ ਸਥਾਨਕ ਪਾਤਰ ਵੀ ਵਰਤ ਲੈਂਦਾ ਸੀ। ਬਾਤ ਵਿਚ ਜੋੜ-ਘਟਾ ਤੇ ਸਥਾਨਕ ਪਾਤਰਾਂ ਦੀ ਵਰਤੋਂ ਬੱਚਿਆਂ ਨੂੰ ਕਲਪਨਾ ਕਰਨ ਦੇ ਯੋਗ ਤੇ ਬਿਰਤਾਂਤ ਘੜਨ ਦੇ ਕਾਬਲ ਬਣਾਉਂਦੀ ਸੀ। ਇਕ ਹੀ ਬਾਤ ਨੂੰ ਨਾਨੀ ਆਪਣੇ ਢੰਗ ਨਾਲ ਸੁਣਾਉਂਦੀ ਹੁੰਦੀ ਸੀ ਤੇ ਦਾਦੀ ਆਪਣੇ ਢੰਗ ਨਾਲ। ਨਾਨੀ ਤੇ ਦਾਦੀ ਆਪੋ-ਆਪਣੇ ਢੰਗ ਨਾਲ ਬਿਰਤਾਂਤ ਵਰਨਣ ਕਰਦੀਆਂ ਸਨ। ਇਹੋ ਕਾਰਨ ਸੀ ਕਿ ਇਕੋ ਬਾਤ ਨੂੰ ਵਾਰ-ਵਾਰ ਸੁਣਨ ਦੇ ਬਾਵਜੂਦ ਬੱਚਿਆਂ ਦਾ ਮਨ ਨਹੀਂ ਅੱਕਦਾ ਸੀ। ਨਾਨੀਆਂ-ਦਾਦੀਆਂ ਬਾਤਾਂ ਪਾਉਂਦੀਆਂ ਹੋਈਆਂ ਬੱਚਿਆਂ ਨੂੰ ਸਿਖਾ ਦਿੰਦੀਆਂ ਸਨ ਕਿ ਗੱਲਬਾਤ ਕਰਦਿਆਂ ਕਿਹੜੇ ਵੇਲੇ ਕਿੱਥੇ-ਕਿਹੜੀ ਸੁਰ ਦੀ ਵਰਤੋਂ ਕਰਨੀ ਹੈ।

ਬਾਤਾਂ, ਬੱਚਿਆਂ ਦਾ ਸਰਵਪੱਖੀ ਵਿਕਾਸ ਕਰਦੀਆਂ ਸਨ। ਇਤਿਹਾਸਕ ਪਾਤਰਾਂ, ਸੂਰਮਿਆਂ ਤੇ ਮਹਾਪੁਰਸ਼ਾਂ ਨਾਲ ਜੁੜੀਆਂ ਬਾਤਾਂ ਬੱਚਿਆਂ ਨੂੰ ਇਤਿਹਾਸ ਨਾਲ ਜੋੜਦੀਆਂ ਸਨ। ਜਨੌਰਾਂ ਨਾਲ ਜੁੜੀਆਂ ਬਾਤਾਂ ਬੱਚਿਆਂ ਨੂੰ ਆਪਣੇ ਚੌਗਿਰਦੇ ਨਾਲ ਜੁੜਨ ਦੀ ਪ੍ਰੇਰਨਾ ਦਿੰਦੀਆਂ ਸਨ ਤੇ ਕੁਦਰਤੀ ਰਹੱਸਾਂ ਨਾਲ ਜੁੜੀਆਂ ਬਾਤਾਂ ਕਾਰਨ ਬੱਚਿਆਂ ਦੀ ਭੂਗੋਲ ਵਿਚ ਰੁਚੀ ਜਾਗਦੀ ਸੀ।

ਬਾਤਾਂ ਦਾ ਵੇਲਾ ਖਾਣ ਵਾਲੀਆਂ ਕਾਰਟੂਨ ਫ਼ਿਲਮਾਂ ਤੇ ਖੇਡਾਂ ਬੱਚਿਆਂ ਕੋਲੋਂ ਸਮਾਂ ਹੀ ਨਹੀਂ ਖੋਹਦੀਆਂ, ਇਹ ਬੱਚਿਆਂ ਨੂੰ ਪੁੱਠੇ ਪਾਸੇ ਵੱਲ ਜਾਣ ਲਈ ਪ੍ਰੇਰਿਤ ਵੀ ਕਰਦੀਆਂ ਹਨ। ਕਈ ਖੇਡਾਂ ਤਾਂ ਬੱਚਿਆਂ ਨੂੰ ਆਤਮਘਾਤ ਕਰਨ ਲਈ ਵੀ ਮਜਬੂਰ ਕਰਦੀਆਂ ਹਨ। ਕਾਰਟੂਨ ਫ਼ਿਲਮਾਂ ਤੇ ਨੈੱਟ ਉੱਪਰਲੀਆਂ ਖੇਡਾਂ ਵਾਂਗ ਪਰੀਆਂ ਨਾਲ ਜੁੜੀਆਂ ਬਾਤਾਂ ਵਿਚ ਵੀ ਦੈਵੀ ਅੰਸ਼ ਹੁੰਦੇ ਸਨ। ਪਰੀਆਂ ਨਾਲ ਜੁੜੀਆਂ ਬਾਤਾਂ ਵਿਚਲੇ ਪਾਤਰ ਵੀ ਅਲੌਕਿਕ ਸ਼ਕਤੀ ਦੇ ਮਾਲਕ ਹੁੰਦੇ ਸਨ ਪਰ ਪਰੀਆਂ ਨਾਲ ਜੁੜੀਆਂ ਬਾਤਾਂ ਵਿਚਲੀ ਅਲੌਕਿਕ ਸ਼ਕਤੀ ਦਾ ਕਾਰਨ ਪਾਤਰ ਦੀ ਮਿਹਨਤ ਤੇ ਪਾਤਰਾਂ ਦਾ ਤਪ ਜਾਂ ਭਗਤੀ ਹੁੰਦੀ ਸੀ। ਇਹ ਤੱਥ ਬਾਤ ਦੇ ਬਿਰਤਾਂਤ ਵਿਚੋਂ ਹੀ ਝਲਕਦਾ ਹੁੰਦਾ ਸੀ। ਇਸੇ ਕਰਕੇ ਬਾਤਾਂ ਸੁਣਨ ਵਾਲੇ ਬੱਚੇ ਕਦੇ ਵੀ ਆਪਣੇ-ਆਪ ਨੂੰ ਦਿੱਬ ਸ਼ਕਤੀ ਦਾ ਮਾਲਕ ਨਹੀਂ ਸਮਝਦੇ ਸਨ ਤੇ ਆਪਣੇ ਲਈ ਮੁਸੀਬਤਾਂ ਨਹੀਂ ਸਹੇੜਦੇ ਸਨ। ਬਾਤਾਂ ਸੁਣਨ ਵਾਲੇ ਬੱਚੇ ਆਤਮ-ਘਾਤ ਵੱਲ ਨਹੀਂ ਤੁਰਦੇ ਸਨ। ਭਾਵੇਂ ਉਹ ਜਾਦੂ ਦੇ ਚਿਰਾਗ਼ ਤੇ 'ਖੁੱਲ੍ਹ ਜਾ ਸਿਮ-ਸਿਮ' ਵਰਗੇ ਬੋਲਾਂ ਵਿਚਲੀ ਸ਼ਕਤੀ ਅਕਸਰ ਸੁਣਦੇ ਸਨ।

ਬਾਤਾਂ ਪਾਉਣ ਵਾਲੀਆਂ ਨਾਨੀਆਂ-ਦਾਦੀਆਂ ਮਨੋਵਿਗਿਆਨੀਆਂ ਵਾਂਗ ਜਾਣਦੀਆਂ ਸਨ ਕਿ ਬਾਲ ਮਨ ਦੀ ਪਸ਼ੂ-ਪੰਛੀਆਂ ਤੇ ਜਨੌਰਾਂ ਪ੍ਰਤੀ ਰੁਚੀ ਹੁੰਦੀ ਹੈ। ਜਨੌਰਾਂ ਨਾਲ ਬੱਚਿਆਂ ਦੇ ਮੋਹ ਤੋਂ ਲਾਹਾ ਲੈਂਦੇ ਹੋਏ, ਉਹ ਬੱਚਿਆਂ ਨੂੰ ਜਨੌਰਾਂ ਨਾਲ ਜੁੜੀਆਂ ਬਾਤਾਂ ਸੁਣਾ ਕੇ ਕਈ ਕੁਝ ਸਿਖਾ ਜਾਂਦੀਆਂ ਸਨ। ਮੁਰਗ਼ੇ ਦੀ ਬਾਂਗ ਦੇਣ ਦੀ ਆਦਤ ਤੋਂ ਬੱਚਿਆਂ ਨੂੰ ਸੁਵੱਖਤੇ ਉਠਣ, ਸਮੇਂ ਦਾ ਪਾਬੰਦ ਬਣਨ, ਪਰਉਪਕਾਰੀ ਬਣਨ ਤੇ ਰੁਟੀਨ ਵਿਚ ਕੰਮ ਕਰਨ ਦੀ ਸਿੱਖਿਆ ਦਿੱਤੀ ਜਾਂਦੀ ਸੀ। ਕੋਇਲ ਦੀ ਬਾਤ ਸੁਣਾ ਕੇ ਮਿੱਠ-ਬੋਲੜੇ ਬਣਨ ਦਾ ਸਬਕ ਦਿੱਤਾ ਜਾਂਦਾ ਸੀ। ਬਾਤਾਂ ਵਾਲਿਆਂ ਨੇ ਸ਼ੇਰ ਨੂੰ ਜੰਗਲ ਵਿਚ ਰਾਜ ਕਰਨ ਦੇ ਗੁਰ ਸਿਖਾਉਣ ਕਾਰਨ ਬਿੱਲੀ ਨੂੰ ਸ਼ੇਰ ਦੀ ਮਾਸੀ ਕਿਹਾ ਹੈ। ਉਨ੍ਹਾਂ, ਬਿੱਲੀ ਮਾਸੀ ਦੀ ਹੁਸ਼ਿਆਰੀ ਤੇ ਸੂਝ ਤੋਂ ਵੀ ਬੱਚਿਆਂ ਨੂੰ ਕਈ ਕੁਝ ਸਿਖਾਇਆ ਹੈ। ਸੋ, ਆਓ ਆਪਣੇ ਵਿਰਸੇ ਵੱਲ ਮੁੜੀਏ। ਬਾਤ ਪਾਈਏ ਤੇ ਵਿਰਸੇ ਦੇ ਵਾਰਿਸਾਂ ਦਾ ਰਾਹ ਰੁਸ਼ਨਾਈਏ।

## ਪੰਜਾਬ ਵਿਚ ਪ੍ਰਾਹੁਣੇ ਪੰਛੀਆਂ ਦੀ ਆਮਦ ਸ਼ੁਰੂ

**ਭਿੱਖੀਵਿੰਡ/ਬਿਊਰੋ ਨਿਊਜ਼ :** ਪੰਜ ਦਰਿਆਵਾਂ ਦੀ ਧਰਤੀ ਵੱਜੋਂ ਜਾਣੇ ਜਾਂਦੇ ਪੰਜਾਬ ਵਿਚ ਹਰ ਸਾਲ ਹਜ਼ਾਰਾਂ ਮੀਲ ਦਾ ਸਫ਼ਰ ਤੈਅ ਕਰਕੇ ਪਰਵਾਸੀ ਪੰਛੀ ਆਉਂਦੇ ਹਨ। ਬਿਆਸ-ਸਤਲੁਜ ਦਰਿਆਵਾਂ ਦੇ ਸੰਗਮ, ਜਿਥੇ ਤਿੰਨ ਜ਼ਿਲ੍ਹਿਆਂ ਤਰਨਤਾਰਨ, ਫਿਰੋਜ਼ਪੁਰ, ਕਪੂਰਥਲਾ ਦਾ ਸੁਮੇਲ ਹੁੰਦਾ ਹੈ, 'ਤੇ ਬਣੀ ਹਰੀਕੇ ਝੀਲ ਵਿੱਚ ਹਰ ਸਾਲ ਇਨ੍ਹਾਂ ਪ੍ਰਾਹੁਣੇ ਪੰਛੀਆਂ ਦਾ ਵੱਡਾ ਮੇਲਾ ਭਰਦਾ ਹੈ। ਇਸੇ ਤਰ੍ਹਾਂ ਰੋਪੜ ਨੇੜੇ ਦਰਿਆ ਸਤਲੁਜ ਵੀ ਇਨ੍ਹਾਂ ਪਰਵਾਸੀ ਪੰਛੀਆਂ ਦੀ ਸੈਂਕੜੇ ਸਾਲਾਂ ਤੋਂ ਮਨਭਾਉਂਦੀ ਥਾਂ ਬਣੀ ਹੋਈ ਹੈ। ਜਿਥੇ ਇਹ ਪੰਜਾਬ ਦੇ ਦਰਿਆਵਾਂ ਤੇ ਝੀਲਾਂ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਂਦੇ ਹਨ, ਉਥੇ ਕੁਦਰਤ ਦੇ ਇਸ ਅਜਬ ਵਰਤਾਰੇ ਦੇ ਖੋਜੀਆਂ ਲਈ ਵੀ ਖਿੱਚ ਦਾ ਕੇਂਦਰ ਬਣਦ ਹਨ।

ਇਸ ਸਾਲ ਵੀ ਇਨ੍ਹਾਂ ਪੰਛੀਆਂ ਦੀ ਆਮਦ ਤੇਜ਼ੀ ਨਾਲ ਸ਼ੁਰੂ ਹੋ ਗਈ ਹੈ। ਕਈ ਪ੍ਰਕਾਰ ਦੇ ਪੰਛੀਆਂ ਨੇ ਹਰੀਕੇ ਝੀਲ ਵਿਚ ਆਪਣਾ ਬਸੇਰਾ ਕੀਤਾ ਹੈ। ਇਹ ਪੰਛੀ ਝੀਲ ਦੇ ਨੀਲੇ ਪਾਣੀ ਵਿੱਚ ਅਠਖੇਲੀਆਂ ਕਰਦੇ ਮਨਮੋਹਕ ਦ੍ਰਿਸ਼ ਪੇਸ਼ ਕਰਦੇ ਹਨ। ਇਹ ਪਰਵਾਸੀ ਪੰਛੀ ਹਰ ਸਾਲ ਸਰਦ ਰੁੱਤ ਸ਼ੁਰੂ ਹੋਣ 'ਤੇ ਕਸਬੇ ਦੀ ਪ੍ਰਸਿੱਧ ਝੀਲ ਦੇ ਚੂਰੀਆਂ ਖੇਤਰ ਦੇ ਨਜ਼ਦੀਕ ਬਣੀ ਰੱਖ ਵਿਚ ਵੱਡੀ ਤਦਾਦ ਵਿਚ ਵੇਖੇ ਜਾ ਸਕਦੇ ਹਨ। ਦਰਿਆ ਵਿਚ ਵੱਖ ਵੱਖ ਕਿਸਮਾਂ ਦੇ ਰੰਗ -ਬਿਰੰਗੇ ਪੰਛੀਆਂ ਦੇ ਝੁੰਡ ਇਕ ਅਦਭੁੱਤ ਨਜ਼ਾਰਾ ਪੇਸ਼ ਕਰਦੇ ਹਨ।

ਮਾਹਿਰਾ ਮੁਤਾਬਕ ਇਥੇ ਜ਼ਿਆਦਾਤਰ ਪੰਛੀ ਰੂਸ, ਸਾਇਬੇਰੀਆ, ਕਜ਼ਾਕਿਸਤਾਨ ਅਤੇ ਚੀਨ ਤੋਂ ਆਉਂਦੇ ਹਨ। ਪਿਛਲੇ ਸਾਲਾਂ ਵਿਚ 80 ਕਿਸਮਾਂ ਦੇ ਵੱਖ-ਵੱਖ ਪਰਵਾਸੀ ਪੰਛੀ ਦੇਖਣ ਨੂੰ ਮਿਲੇ ਜਿਸ ਵਿਚ ਲੈਗੇ, ਗੀਜ਼, ਕੋਮਨ ਰੂਟ, ਪਿਰਟੇਲ, ਸੀਲਗ਼ਜ਼, ਗ੍ਰੇਲਲੈਂਗ ਰੂਟ, ਬ੍ਲੈਕ ਕੂਟ, ਇਲਾ ਬਾਰਹੈਡਿਡ, ਸਪੁਨ, ਬਿੱਲਜ਼, ਸਾਇਬੇਰੀਅਨ ਗਲਜ਼, ਮਲਾਰਡ, ਵਿਜ਼ਨ, ਰੈਡਕ੍ਰੇਸੀਟਿਡ, ਪੋਚਿਡ, ਗੱਡਵਾਲ, ਸਨੈਕ ਬਰਡ, ਪੈਨਲੇਟ, ਸਾਵਲਰ, ਲਾਰਜ ਕਾਰਮੋਰੇਂਟ, ਗ੍ਰੇਟਈ, ਫਲੈਮਿੰਗੋ, ਰੂਡੀਸ਼ੈੱਲ ਡੱਕ, ਸਪੋਨ ਬਿੱਲਜ਼ , ਨਿਊ ਬਰਡ ਸ਼ਾਮਲ ਹਨ। ਇਨ੍ਹਾਂ ਪੰਛੀਆਂ ਦੀ ਪੂਰੀ ਸੁਰੱਖਿਆ ਲਈ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਅਧਿਕਾਰੀ ਅਤੇ ਕਰਮਚਾਰੀ ਸਖ਼ਤ ਨਿਗਰਾਨੀ ਕਰ ਰਹੇ ਹਨ। ਇਹ ਪੰਛੀ ਸਰਦ ਰੁੱਤ ਖ਼ਤਮ ਹੁੰਦਿਆਂ ਆਪਣੇ ਵਤਨ ਵਾਪਸੀ ਕਰ ਜਾਂਦੇ ਹਨ। ਵਿਸ਼ਵ ਪ੍ਰਸਿੱਧ ਪੰਛੀ ਰੱਖ ਵਿੱਚ ਪੁੱਜਣ ਵਾਲੇ ਪਰਵਾਸੀ ਪੰਛੀਆਂ ਨੂੰ ਦੇਖਣ ਲਈ ਦੇਸ਼ਾਂ-ਵਿਦੇਸ਼ਾਂ ਤੋਂ ਹਰ ਸਾਲ ਸੈਲਾਨੀ ਪੁੱਜਦੇ ਹਨ।

## ਆਈਲੈਟਸ ਦੀ ਸ਼ਰਤ 'ਤੇ ਵਿਆਹ

**ਸੁਖਰਾਜ ਸਿੰਘ ਚਹਿਲ**
(ਸੰਪਰਕ: 97810-48055)

ਪੰਜਾਬ ਦੇ ਬਹੁ-ਗਿਣਤੀ ਵਾਸੀਆਂ ਦੀ ਚਾਹਤ ਅੱਜ ਦੇ ਸਮੇਂ ਵਿਚ ਵਿਦੇਸ਼ਾਂ ਵਿਚ ਵਸਣ ਦੀ ਹੈ। ਲਗਭਗ ਹਰ ਨੌਜਵਾਨ ਕਿਸੇ ਨਾ ਕਿਸੇ ਢੰਗ ਨਾਲ ਆਪਣਾ ਘਰ-ਬਾਰ ਛੱਡ ਕੇ ਸੱਤ ਸਮੁੰਦਰੋਂ ਪਾਰ ਵਸਣ ਲਈ ਕਾਹਲਾ ਹੈ। ਇੱਥੇ ਤਾਂ ਬਸ ਸਿਰਫ਼ ਉਹੀ ਲੋਕ ਰਹਿਣ ਲਈ ਮਜਬੂਰ ਹਨ, ਜਿਨ੍ਹਾਂ ਦਾ ਵਿਦੇਸ਼ ਜਾਣ ਲਈ ਕੋਈ ਜ਼ਰੀਆ ਨਹੀਂ ਬਣਦਾ। ਲੱਖਾਂ ਰੁਪਏ ਖ਼ਰਚ ਕੇ ਲੋਕ ਆਪਣਾ ਮੁਲਕ ਛੱਡਣ ਲਈ ਤਿਆਰ ਹਨ, ਕਿਉਂਕਿ ਉਹ ਇੱਥੋਂ ਦੇ ਸਿਸਟਮ ਤੋਂ ਪ੍ਰੇਸ਼ਾਨ ਹਨ। ਇਸ ਕਰਕੇ ਉਹ ਵਿਦੇਸ਼ਾਂ ਵਿਚ ਪਰਵਾਸ ਕਰਨ ਨੂੰ ਹੀ ਆਪਣਾ ਮਿਸ਼ਨ ਸਮਝ ਰਹੇ ਹਨ। ਇਹ ਸਾਡੇ ਦੇਸ਼ ਜਾਂ ਸੂਬੇ ਲਈ ਚੰਗਾ ਸੰਕੇਤ ਨਹੀਂ ਹੈ।

ਲੋਕ ਵਿਦੇਸ਼ ਜਾਣ ਲਈ ਵੱਖਰੇ ਵੱਖਰੇ ਤਰੀਕੇ ਅਪਣਾਉਂਦੇ ਹਨ। ਪਹਿਲਾਂ ਜ਼ਿਆਦਾਤਰ ਲੋਕ ਗ਼ੈਰਕਾਨੂੰਨੀ ਢੰਗ ਨਾਲ ਵਿਦੇਸ਼ ਜਾਂਦੇ ਸਨ ਜਾਂ ਆਪਣੇ ਸਾਕ-ਸਬੰਧੀਆਂ ਰਾਹੀਂ ਜਹਾਜ਼ੇ ਚੜ੍ਹਦੇ ਸਨ। ਅੱਜ ਜ਼ਿਆਦਾਤਰ ਨੌਜਵਾਨ ਵਿਆਹਾਂ ਦਾ ਸਹਾਰਾ ਲੈ ਕੇ ਵਿਦੇਸ਼ ਜਾਣ ਨੂੰ ਤਰਜੀਹ ਦੇ ਰਹੇ ਹਨ, ਜਿਸ ਕਾਰਨ ਹੁਣ ਲੜਕੀ ਵਾਲੇ ਆਪਣੀ ਧੀ ਨੂੰ ਆਈਲੈੱਟਸ ਕਰਵਾ ਦਿੰਦੇ ਹਨ ਤੇ ਚੰਗੇ ਬੈਂਡ ਆਉਣ 'ਤੇ ਉਸ ਦੇ ਵਿਆਹ ਲਈ ਲੜਕਾ ਦੇਖਿਆ ਜਾਂਦਾ ਹੈ ਅਤੇ ਇਹ ਸ਼ਰਤ ਰੱਖੀ ਜਾਂਦੀ ਹੈ ਕਿ ਵਿਆਹ ਅਤੇ ਵਿਦੇਸ਼ ਭੇਜਣ 'ਤੇ ਉਥੋਂ ਦੀ ਪੜ੍ਹਾਈ ਦਾ ਸਾਰਾ ਖ਼ਰਚਾ ਲੜਕੇ ਦੇ ਪਰਿਵਾਰ ਨੂੰ ਕਰਨਾ ਪਵੇਗਾ। ਵਿਦੇਸ਼ ਜਾਣ ਦੇ ਚਾਹਵਾਨ ਹੋਣ ਕਾਰਨ ਸਾਰੀਆਂ ਸ਼ਰਤਾਂ ਕਬੂਲ ਕੇ ਵਿਆਹ ਤੋਂ ਲੈ ਕੇ ਵਿਦੇਸ਼ੀ ਪੜ੍ਹਾਈ ਤੱਕ



ਦੇ ਸਾਰੇ ਖ਼ਰਚੇ ਲੜਕੇ ਵਾਲੇ ਓਟਦੇ ਹਨ। ਹੁਣ ਇੱਥੇ ਰਹਿਣ ਵਾਲੀਆਂ ਲੜਕੀਆਂ ਦੀ ਮੰਗ ਘੱਟ ਹੈ ਤੇ ਜ਼ਿਆਦਾਤਰ ਲੋਕ ਆਈਲੈੱਟਸ ਵਾਲੀਆਂ ਨੂੰਹਾਂ ਹੀ ਭਾਲਦੇ ਹਨ। ਅਜਿਹੇ ਰਿਸ਼ਤਿਆਂ ਵਿਚ ਵਿਚੋਲਿਆਂ ਦੀ ਵੀ ਚਾਂਦੀ ਹੋ ਜਾਂਦੀ ਹੈ, ਕਿਉਂਕਿ ਉਹ ਰਿਸ਼ਤੇ ਕਰਵਾਉਣ ਦਾ ਮੋਟਾ ਕਮਿਸ਼ਨ ਵੀ ਲੈਂਦੇ ਹਨ। ਕਈ ਲੋਕ ਰਿਸ਼ਤਾ ਕਰਨ ਤੋਂ ਪਹਿਲਾਂ ਇਹ ਗੱਲ ਕਰਦੇ ਹਨ ਕਿ ਜੇਕਰ ਉਹ ਆਪਣੀ ਲੜਕੀ ਨੂੰ ਆਈਲੈੱਟਸ ਕਰਵਾਉਣ ਤਾਂ ਹੀ ਰਿਸ਼ਤੇ ਦੀ ਗੱਲ ਅੱਗੇ ਤੁਰੇਗੀ। ਅਜਿਹਾ ਵਰਤਾਰਾ ਦੇਖ ਕੇ ਮਾਪੇ ਆਪਣੀ ਲੜਕੀ ਨੂੰ ਆਈਲੈਟਸ ਕਰਵਾਉਣ ਨੂੰ ਤਰਜੀਹ ਦੇ ਰਹੇ ਹਨ। 60 ਤੋਂ 70 ਫ਼ੀਸਦੀ ਰਿਸ਼ਤੇ ਵਿਦੇਸ਼ੀ ਪਰਵਾਸ 'ਤੇ ਕੇਂਦਰਿਤ ਹੋ ਗਏ ਹਨ, ਜਿਸ ਕਰਕੇ ਹੁਣ ਇੱਧਰ ਰਹਿੰਦੇ ਲੜਕੇ-ਲੜਕੀਆਂ ਦੀ ਪੁੱਛ-ਪ੍ਰਤੀਤ ਘਟ ਗਈ ਹੈ।

ਆਲਮ ਇਹ ਹੈ ਕਿ ਜਿੱਥੇ ਲੜਕੀਆਂ ਆਈਲੈਟਸ ਕਰਨ ਵਿਚ ਰੁਚੀ ਵਿਖਾ ਰਹੀਆਂ ਹਨ, ਉਥੇ ਸਰਦੇ-ਪੁੱਜਦੇ ਘਰਾਂ ਦੇ ਲੜਕੇ ਵੀ ਵਿਦੇਸ਼ ਜਾਣ ਲਈ ਉਤਾਵਲੇ ਹਨ। ਉਹ ਵੀ ਵਿਦੇਸ਼ ਰਹਿੰਦੀ ਕੁੜੀ ਜਾਂ ਫਿਰ ਇੱਧਰੋਂ ਆਈਲੈੱਟਸ ਵਾਲੀ ਲੜਕੀ ਦੀ ਭਾਲ ਕਰਦੇ ਹਨ। ਨੌਜਵਾਨਾਂ ਵਿਚ ਆਈਲੈੱਟਸ ਦੇ ਰੁਝਾਨ ਕਾਰਨ ਹੀ ਹੁਣ ਹਰ ਜਗ੍ਹਾ ਆਈਲੈੱਟਸ ਕੇਂਦਰਾਂ ਦੀ ਭਰਮਾਰ ਹੈ। ਜਿੱਥੇ ਦੇਖੋ ਆਈਲੈੱਟਸ ਸੈਂਟਰ ਹੀ ਨਜ਼ਰ ਪੈਂਦੇ ਹਨ। ਇਨ੍ਹਾਂ ਕੇਂਦਰਾਂ ਵਿਚ ਵਿਦਿਆਰਥੀਆਂ ਦਾ ਤਾਂਤਾ ਲੱਗਿਆ ਰਹਿੰਦਾ ਹੈ। ਇਸ ਦੌਰਾਨ ਆਈਲੈੱਟਸ ਦੇ ਬੈਂਡ ਮੁੱਲ ਲੈਣ ਬਾਰੇ ਵੀ ਸੁਣਨ ਨੂੰ ਮਿਲਦਾ ਹੈ। ਕਈ ਵਾਰੀ ਕਿਸੇ ਦੇ ਆਈਲੈੱਟਸ ਵਿੱਚੋਂ ਬੈਂਡ ਘੱਟ ਆ ਜਾਂਦੇ ਹਨ ਤਾਂ ਕਈ ਏਜੰਟ ਪੈਸੇ ਲੈ ਕੇ ਬੈਂਡ ਦਿਵਾਉਣ ਦੀ ਗੱਲ ਵੀ ਆਖਦੇ ਹਨ। ਇਸ ਮਾੜੇ ਵਰਤਾਰੇ ਨੂੰ ਠੱਲ੍ਹਣ ਦੀ ਲੋੜ ਹੈ।

ਦੂਜੇ ਪਾਸੇ, ਪਰਵਾਸ ਦਾ ਰੁਝਾਨ ਇਹ ਸਾਬਿਤ ਕਰਦਾ ਹੈ ਕਿ ਪੰਜਾਬ ਵਿਚ ਹੁਣ 'ਸਭ ਅੱਛਾ' ਨਹੀਂ ਹੈ। ਚੰਗੇ ਕਾਰੋਬਾਰੀ, ਚੰਗੀਆਂ ਜ਼ਮੀਨਾਂ ਜਾਇਦਾਦਾਂ ਤੇ ਸਰਕਾਰੀ ਨੌਕਰੀਪੇਸ਼ਾ ਲੋਕ ਵੀ ਆਪਣੇ ਧੀਆਂ-ਪੁੱਤਾਂ ਨੂੰ ਵਿਦੇਸ਼ ਭੇਜ ਰਹੇ ਹਨ। ਵੱਡੀ ਗਿਣਤੀ ਵਿਚ ਨੌਜਵਾਨਾਂ ਦਾ ਮੁਲਕ ਛੱਡ ਕੇ ਵਿਦੇਸ਼ ਜਾਣਾ ਸਰਕਾਰਾਂ ਦੀ ਕਾਰਗੁਜ਼ਾਰੀ 'ਤੇ ਵੀ ਸਵਾਲੀਆ ਚਿੰਨ੍ਹ ਲਾਉਂਦਾ ਹੈ, ਕਿਉਂਕਿ ਨੌਜਵਾਨਾਂ ਨੂੰ ਚੰਗੀ ਪੜ੍ਹਾਈ ਕਰਕੇ ਵੀ ਰੁਜ਼ਗਾਰ ਨਹੀਂ ਮਿਲਦਾ। ਜੇਕਰ ਮਿਲਦਾ ਹੈ ਤਾਂ ਤਨਖ਼ਾਹਾਂ ਨਿਗੂਣੀਆਂ ਮਿਲਦੀਆਂ ਹਨ ਤੇ ਕੰਮ ਵਧੇਰੇ ਲਿਆ ਜਾਂਦਾ ਹੈ। ਇਸ ਕਾਰਨ ਲੋਕ ਸੋਚਦੇ ਹਨ ਕਿ ਇੱਕ ਵਾਰ ਪੈਸੇ ਲਾ ਕੇ ਧੀਆਂ-ਪੁੱਤਾਂ ਨੂੰ ਬਾਹਰ ਭੇਜ ਦਿੱਤਾ ਤਾਂ ਉਨ੍ਹਾਂ ਦੀ ਜ਼ਿੰਦਗੀ ਸੁਰੱਖਿਅਤ ਹੋ ਜਾਵੇਗੀ। ਹੁਣ ਇਹ ਦੇਖਣਾ ਹੋਵੇਗਾ ਕਿ ਲੋਕਾਂ ਦੀ ਵਿਦੇਸ਼ ਜਾਣ ਦੀ ਰਫ਼ਤਾਰ ਹੋਰ ਤੇਜ਼ ਹੁੰਦੀ ਹੈ ਜਾਂ ਸਰਕਾਰਾਂ ਅਜਿਹੇ ਬਦਲਵੇਂ ਪ੍ਰਬੰਧ ਕਰਨਗੀਆਂ, ਜਿਸ ਨਾਲ ਨੌਜਵਾਨ ਵਰਗ ਮੁੜ ਤੋਂ ਆਪਣੇ ਮੁਲਕ ਵੱਲ ਮੂੰਹ ਕਰੇਗਾ।

# Sir Speedy® Tustin *Printers to the Community*




## Outdoor 3'x11' Promo Flag

**Only $29/-**

Pole & Spike $55/-




## Outdoor 3'x6' Durable Banner

All weather, durable to sunlight, rain and wear & tear. Text only.

**Only $69/-**




## Receipt Books

Customized with your information and design. 2 part carbonless with numbering and perforation.

**Call for Price**




## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**




## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**




## 11" Printed Balloons

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

## Your Printed T-Shirts

**Only $4.99**




1 color in 1 position. Min Qty. 100

## Your Printed Caps

**Only $4.99**




## Trip Envelopes Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**




*South Asian Wedding Cards*



CALL NOW

## ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਵੱਲੋਂ ਬਰਤਾਨੀਆ 'ਚ ਕਿਰਪਾਨ ਬਾਰੇ ਬਿੱਲ ਦਾ ਸਵਾਗਤ

ਧੰਨਵਾਦ ਕੀਤਾ ਗਿਆ ਹੈ, ਜਿਹਨਾਂ ਨੇ ਬੜੀ ਹੀ ਸੰਜੀਦਗੀ ਨਾਲ ਬਰਤਾਨਵੀ ਸਰਕਾਰ ਨੂੰ ਕਿਰਪਾਨ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਅਤੇ ਸਿੱਖਾਂ ਵਾਸਤੇ ਇਸ ਦੀ ਅਹਿਮੀਅਤ ਬਾਰੇ ਦੱਸਿਆ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਵਲੋਂ ਇਸ ਦੇ ਨਾਲ ਹੀ ਕਰਤਾਰਪੁਰ ਸਾਹਿਬ ਅਤੇ ਡੇਰਾ ਬਾਬਾ ਨਾਨਕ ਵਿਚਕਾਰ ਲਾਂਘਾਂ ਖੋਲਣ ਦੀਆਂ ਪਹਿਲਕਦਮੀਆਂ ਦਾ ਸਵਾਗਤ ਕਰਦਿਆਂ ਪਾਕਿਸਤਾਨ ਸਰਕਾਰ ਦਾ ਧੰਨਵਾਦ ਕੀਤਾ ਗਿਆ ਹੈ। ਉਨਾਂ ਕਿਹਾ ਕਿ ਕਰਤਾਰਪੁਰ ਸਾਹਿਬ ਲਾਂਘੇ ਨਾਲ ਜਿੱਥੇ ਸਿੱਖ ਆਪਣੇ ਗੁਰੂ ਸਾਹਿਬ ਦੀ ਚਰਨ-ਛੋਹ ਪ੍ਰਾਪਤ ਗੁਰਦਵਾਰਾ ਸਾਹਿਬ ਦੇ ਦਰਸ਼ਨ ਦੀਦਾਰੇ ਕਰ ਸਕਣਗੇ, ਉੱਥੇ ਚੜਦੇ ਅਤੇ ਲਹਿੰਦੇ ਪੰਜਾਬ ਦੇ ਵਸਨੀਕਾਂ ਦੀ ਆਪਸੀ ਸਾਂਝ ਵਿੱਚ ਵੀ ਵਾਧਾ ਹੋਵੇਗਾ। ਪੰਜਾਬ ਨੂੰ ਸਿੱਖ ਵਿਰੋਧੀ ਸਿਆਸੀ ਲੋਕਾਂ ਵਲੋਂ ਸੰਨ 1947 ਦੀ ਭਾਰਤ-ਪਾਕਿ ਵੰਡ ਸਮੇਂ ਬੜੀ ਹੀ ਚਤੁਰਾਈ ਨਾਲ ਦੋਫਾੜ ਕਰ ਦਿੱਤਾ ਸੀ ।

ਉਨਾਂ ਕਿਹਾ ਕਿ ਕਿਰਪਾਨ ਹਰ ਸਿੱਖ ਦੇ ਬਾਣੇ ਦਾ ਅਨਿੱਖੜਵਾਂ ਅੰਗ ਹੈ। ਪੰਜ ਕਰਾਰਾਂ ਵਿੱਚ ਸ਼ਾਮਲ ਗਾਤਰੇ ਵਾਲੀ ਕਿਰਪਾਨ ਜਿੱਥੇ ਅੰਮ੍ਰਿਤਧਾਰੀ ਗੁਰਸਿੱਖ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਹਰ ਵਕਤ ਪਹਿਨਣ ਦਾ ਹੁਕਮ ਹੈ, ਉੱਥੇ ਵੱਡੀ ਕਿਰਪਾਨ ਦੀ ਵੀ ਖਾਸ ਅਹਿਮੀਅਤ ਹੈ। ਧਾਰਮਿਕ ਸਮਾਗਮਾਂ ਮੌਕੇ ਇਸ ਦੀ ਖਾਸ ਲੋੜ ਸਮਝੀ ਜਾਂਦੀ ਹੈ, ਇਸ ਕਰਕੇ ਸਿੱਖਾਂ ਦੀਆਂ ਭਾਵਨਾਵਾਂ ਬਹੁਤ ਹੀ ਪਿਆਰ ਅਤੇ ਸਤਿਕਾਰ ਸਹਿਤ ਇਸ ਨਾਲ ਜੁੜੀਆਂ ਹੋਈਆਂ ਹਨ ਅਤੇ ਸਦਾ ਹੀ ਜੁੜੀਆਂ ਰਹਿਣਗੀਆਂ।

## ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਲਈ ਇਮਰਾਨ ਖਾਨ ਦਾ ਧੰਨਵਾਦ

ਲਈ ਕੀਤਾ ਜਾਂਦੀ ਅਰਦਾਸ ਵਿਚ ਇਹਨਾਂ ਇਤਿਹਾਸਕ ਗੁਰੂਧਾਮਾਂ ਲਈ ਤੜਪ ਤੇ ਤਾਂਘ ਹਮੇਸ਼ਾ ਤੋਂ ਰਹੀ ਹੈ। ਹੁਣ ਜੋ ਪਾਕਿਸਤਾਨ ਦੇ ਵਜ਼ੀਰ-ਏ-ਆਜ਼ਮ ਵੱਲੋਂ 28 ਨਵੰਬਰ ਨੂੰ ਕਰਤਾਰਪੁਰ ਸਾਹਿਬ ਲਈ ਲਾਂਘਾ ਖੋਲ੍ਹਣ ਦੇ ਯਤਨ ਕੀਤੇ ਗਏ, ਉਹ ਪਲ ਸਿੱਖ ਤੇ ਮਨੁੱਖ਼ਤਾ ਦੇ ਇਤਿਹਾਸ ਵਿਚ ਸੁਨਹਿਰੀ ਅੱਖ਼ਰਾਂ ਨਾਲ ਦਰਜ ਹੋਣਗੇ। ਉਹਨਾਂ ਚਿੱਠੀ ਵਿਚ ਕਿਹਾ ਕਿ ਸਿੱਖ ਧਰਮ ਦੇ ਬਾਨੀ ਤੇ ਮਨੁੱਖਤਾ ਲਈ ਸਰਬ ਸਾਂਝੀਵਾਲਤਾ ਦਾ ਉਪਦੇਸ਼ ਦੇਣ ਵਾਲੇ ਬਾਬਾ ਗੁਰੂ ਨਾਨਕ ਦੇਵ ਜੀ ਦੇ ਸ਼ਬਦ 'ਸਭੇ ਸਾਂਝੀਵਾਲ ਸਦਾਇਨ ਕੋਈ ਨਾ ਦਿਸੈ ਬਾਹਰਾ ਜੀਓ' ਤਹਿਤ ਨਾ ਕੇਵਲ ਦੋਹਾਂ ਦੇਸ਼ਾਂ ਭਾਰਤ-ਪਾਕਿਸਤਾਨ ਦੀ ਸਰਹੱਦ ਤੋਂ ਤਣਾਅ ਘਟਾ ਕੇ, ਸਗੋਂ ਕੌਮਾਂਤਰੀ ਪੱਧਰ 'ਤੇ ਵੀ ਨਫ਼ਰਤ ਨੂੰ ਖ਼ਤਮ ਕਰਕੇ ਸਮੁੱਚੀ ਮਨੁੱਖ਼ਤਾ ਦੀ ਚੌਤਰਫ਼ਾ ਤਰੱਕੀ ਲਈ ਯਤਨ ਕਰਨੇ ਚਾਹੀਦੇ ਹਨ। ਆਗੂਆਂ ਨੇ ਇਸ ਸਬੰਧੀ ਦੱਸਿਆ ਕਿ ਗੁਰੂ ਨਾਨਕ ਜੀ ਵੱਲੋਂ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਆਪਣੀ ਉਮਰ ਦੇ ਆਖਰੀ ਪੜਾਅ ਵਿਚ ਖੇਤੀਬਾੜੀ ਕਰਕੇ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦੇ ਸਿਧਾਂਤ ਨੂੰ ਅਮਲੀ ਰੂਪ ਦਿੱਤਾ ਅਤੇ 'ਕਰਤਾਰ' ਭਾਵ ਇੱਕ ਪ੍ਰਮਾਤਮਾ/ਇੱਕ ਵਾਹਿਗੁਰੂ ਦੇ ਸੰਕਲਪ ਨੂੰ ਮਨੁੱਖਤਾ ਅੱਗੇ ਰੱਖਦਿਆ 'ਕਰਤਾਰਪੁਰ' ਵਸਾਇਆ।

ਉਹਨਾਂ ਕਿਹਾ ਕਿ ਲਹਿੰਦੇ ਤੇ ਚੜ੍ਹਦੇ ਦੋਹਾਂ ਪੰਜਾਬਾਂ ਵਿਚੋਂ ਲਾਂਘਾ ਮਿਲਣ 'ਤੇ ਭਵਿੱਖ ਵਿਚ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ, ਸੇਵਾ ਸੰਭਾਲ, ਆਪਸੀ ਨਫ਼ਰਤੀ ਤੇ ਪਾੜਾ ਖ਼ਤਮ ਕਰਨ, ਸ਼ਾਂਤੀ, ਪ੍ਰੇਮ-ਪਿਆਰ ਦੇ ਪੜਾਅ ਲਈ ਇਹ ਬਹੁਤ ਉਸਾਰੂ ਸਾਬਤ ਹੋਣ ਦੀ ਉਮੀਦ ਹੈ। ਉਹਨਾਂ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਲਈ ਲਾਂਘਾ ਖੋਲ੍ਹਣ ਦੇ ਯਤਨ ਕਰਕੇ ਸਰਬ ਸਾਂਝੀਵਾਲਤਾ ਤੇ ਪ੍ਰੇਮ ਵੱਲ ਜੋ ਕਦਮ ਵਧਾਏ ਹਨ, ਇਸ ਲਈ ਉਹ ਇਮਰਾਨ ਖਾਨ ਦਾ ਪੂਰੀ ਸਿੱਖ ਕੌਮ, ਚੜ੍ਹਦੇ ਪੰਜਾਬ ਵੱਲੋਂ ਧੰਨਵਾਦ ਕਰਦੇ ਹੋਏ ਵਧਾਈ ਦਿੰਦੇ ਹਨ।

## ਕਰਤਾਰਪੁਰ ਸਾਹਿਬ ਦਾ ਲਾਂਘਾ : ਕੀ, ਕਦੋਂ, ਕਿਵੇਂ ਤੇ ਕਿਉਂ ?

ਬਰਾਕ ਓਬਾਮਾ ਪ੍ਰਸ਼ਾਸਨ ਵੱਲੋਂ ਵੀ ਪਾਕਿਸਤਾਨ-ਇੰਡੀਆ ਸਬੰਧ ਸੁਧਾਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਰਹੀਆਂ ਪਰ ਦੋਹਾਂ ਮੁਲਕਾਂ ਦੀਆਂ ਫੌਜਾਂ, ਖੁਫੀਆਂ ਏਜੰਸੀਆਂ ਅਤੇ ਇੰਡੀਆ ਦੀਆਂ ਸਿਆਸੀ ਧਿਰਾਂ ਦੀਆਂ ਕੁਚਾਲਾਂ ਕਾਰਨ ਦੋਵੇਂ ਮੁਲਕਾਂ ਦੇ ਰਿਸ਼ਤੇ ਹੋਰ ਕੁੜੱਤਣ ਭਰੇ ਹੀ ਹੁੰਦੇ ਗਏ।

ਦੁਨਿਆਵੀ ਨੁਕਤਾ ਨਜ਼ਰ ਤੋਂ ਵੇਖਦਿਆਂ ਇਸ ਲਾਂਘੇ ਨੂੰ ਖੋਲ੍ਹਣ ਦਾ ਮਹੱਤਵ ਦੱਸਦੇ ਹੋਏ ਚੌਧਰੀ ਫਵਾਦ ਹੁਸੈਨ ਨੇ 22 ਸਤੰਬਰ ਨੂੰ ਇਕ ਮੁਲਾਕਾਤ ਵਿਚ ਕਿਹਾ ਹੈ ਕਿ 'ਜੇਕਰ ਪਾਕਿਸਤਾਨ-ਇੰਡੀਆ ਰਿਸ਼ਤੇ ਸੁਧਰ ਜਾਣ ਤਾਂ ਪਾਕਿਸਤਾਨ ਦੀ ਭੂਗੋਲਿਕ ਸਥਿਤੀ ਇਸ ਪ੍ਰਕਾਰ ਹੈ ਕਿ ਇਹ ਦੁਨੀਆ ਦੀਆਂ ਦੋ ਸਭ ਤੋਂ ਵੱਡੀਆਂ ਮੰਡੀਆਂ- ਚੀਨ ਅਤੇ ਭਾਰਤ ਦੇ ਦਰਮਿਆਨ ਆਉਂਦਾ ਹੈ। ਚੀਨ-ਪਾਕਿ ਆਰਥਿਕ ਲਾਂਘੇ ਦਾ ਪੂਰਾ-ਪੂਰਾ ਫਾਇਦਾ ਚੁੱਕਣ ਲਈ ਸਾਨੂੰ ਇੰਡੀਆ ਨਾਲ ਸਬੰਧ ਸੁਖਾਵੇਂ ਕਰਨੇ ਹੀ ਪੈਣੇ ਹਨ'। ਜਿੱਥੇ ਪਾਕਿਸਤਾਨ ਨੇ ਚੀਨ ਦੇ ਪ੍ਰਭਾਵ ਹੇਠ ਅਤੇ ਆਪਣੇ ਬੇਅੰਤ ਆਰਥਕ ਲਾਹੇ ਦੇ ਮੱਦੇਨਜ਼ਰ ਇੰਡੀਆ ਨਾਲ ਸਬੰਧ ਸੁਖਾਵੇਂ ਬਣਾਉਣ ਲਈ ਇਹ ਲਾਂਘਾ ਖੋਲ੍ਹਣ ਦੀ ਤਜਵੀਜ਼ ਮੰਨੀ ਹੈ, ਓਥੇ ਇੰਡੀਆ ਦੀ ਸਿਆਸੀ ਜਮਾਤ ਨੂੰ ਵੋਟ ਰਾਜਨੀਤੀ ਦੀਆਂ ਮਜਬੂਰੀਆਂ ਅਤੇ ਜਗਤ ਹੇਠੀ ਦੇ ਡਰ ਕਾਰਨ ਇਹ ਕੌੜਾ ਘੁੱਟ ਭਰਨਾ ਪਿਆ ਹੈ। ਇੰਡੀਆ ਦਾ ਭਵਿੱਖ ਤਹਿ ਕਰਨ ਵਾਲੀਆਂ ਇਤਿਹਾਸਕ ਲੋਕ ਸਭਾ ਚੋਣਾਂ ਸਿਰ ਉੱਤੇ ਹਨ। ਇੱਕ-ਇੱਕ ਸੀਟ ਲਈ ਬੜੀ ਜ਼ਬਰਦਸਤ ਲੜਾਈ ਲੜੀ ਜਾਣੀ ਹੈ। ਗੁਰੂ ਨਾਨਕ ਨਾਮ ਲੇਵਾ ਸੰਗਤਾਂ ਉੱਤਰੀ ਇੰਡੀਆ ਦੀਆਂ ਲਗਭਗ 40-45 ਸੀਟਾਂ ਦਾ ਫੈਸਲਾ ਕਰਦੀਆਂ ਹਨ। ਇਸ ਕਰਕੇ ਇਸ ਮੌਕੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਨਰਾਜ਼ ਕਰਨ ਦਾ ਮੁੱਲ ਬਹੁਤ ਮਹਿੰਗਾ ਪੈ ਸਕਦਾ ਹੈ।

ਪੱਛਮੀ ਮੁਲਕਾਂ ਅਤੇ ਅਮਰੀਕਾ ਦੇ ਆਵਾਮ ਦੇ ਦਬਾਅ ਕਾਰਨ ਓਥੋਂ ਦੀ ਸਿਆਸੀ ਜਮਾਤ ਨੂੰ ਵੀ ਹੁਣ ਇਸ ਖਿੱਤੇ ਵਿਚ ਸ਼ਾਂਤੀ ਤੇ ਆਪਸੀ ਸਹਿਯੋਗ ਦੇ ਹਾਲਾਤ ਪੈਦਾ ਕਰਨ ਦੀ ਨੀਤੀ ਤੇ ਚੱਲਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਇਸ ਲਈ ਇੰਡੀਆ ਤੇ ਪਾਕਿਸਤਾਨ ਵਿੱਚ ਸਬੰਧ ਸੁਧਰਨ ਵਿਚ ਇਹਨਾਂ ਦੀ ਵੀ ਰੁਚੀ ਹੈ।

ਇਸ ਵੇਲੇ ਰੂਸ ਵੀ ਫੌਜੀ ਤੌਰ ਤੇ ਅਮਰੀਕਾ ਸਾਹਮਣੇ ਖੜ੍ਹਨ ਲਈ ਏਸ਼ੀਆ ਬਲਾਕ ਬਣਾਉਣ ਲਈ ਯਤਨਸ਼ੀਲ ਹੈ। ਇਸ ਲਈ ਰੂਸ ਪਾਕਿਸਤਾਨ ਤੇ ਇੰਡੀਆ ਨੂੰ ਅਮਰੀਕਾ ਦੇ ਖੇਮੇ ਵਿਚੋਂ ਕੱਢ ਕੇ ਆਪਣੇ ਖੇਮੇ ਵਿਚ ਜਾਂ ਘੱਟੋ-ਘੱਟ ਨਿਰਪੱਖ ਖੇਮੇ ਵਿਚ ਲਿਆਉਣ ਦਾ ਇੱਛੁਕ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਇਹਨਾਂ ਦੋਹਾਂ ਗਵਾਂਢੀਆਂ ਦੇ ਸਬੰਧ ਸੁਖਾਵੇਂ ਹੋਣ।

ਚੀਨ ਨੂੰ ਪਾਕਿਸਤਾਨ-ਇੰਡੀਆ ਦੀ ਦੋਸਤੀ ਅਤੇ ਆਪਸੀ ਸਹਿਯੋਗ ਦੀ ਲੋੜ ਇਸ ਕਾਰਨ ਹੈ ਕਿ 'ਇਕ ਇਲਾਕਾ-ਇਕ ਸੜਕ' ਨੀਤੀ ਤਹਿਤ ਚੀਨ ਵੱਲੋਂ ਬਣਾਇਆ ਜਾ ਰਿਹਾ 'ਚੀਨ-ਪਾਕਿ ਆਰਥਕ ਲਾਂਘਾ' ਤਾਂ ਹੀ ਪੂਰਾ ਲਾਹੇਵੰਦ ਸਿੱਧ ਹੋ ਸਕਦਾ ਹੈ ਜੇ ਇਸ ਮਨਸੂਬੇ ਤਹਿਤ ਪਾਕਿਸਤਾਨ ਰਾਹੀਂ ਅਰਬ-ਮੁਲਕਾਂ ਅਤੇ ਕੇਂਦਰੀ ਏਸ਼ੀਆ ਦੇ ਮੁਲਕਾਂ ਨਾਲ ਵਪਾਰ ਹੋਵੇ। ਅਰਬ-ਮੁਲਕਾਂ ਅਤੇ ਕੇਂਦਰੀ ਏਸ਼ੀਆ ਦੇ ਮੁਲਕਾਂ ਨਾਲ ਵਪਾਰ ਦਾ ਪੂਰਾ ਲਾਹਾ ਤਾਂ ਹੀ ਲਿਆ ਜਾ ਸਕਦਾ ਹੈ ਜੇ ਇੰਡੀਆ ਇਸ ਵਪਾਰਕ ਮਨਸੂਬੇ ਵਿੱਚ ਸ਼ਾਮਲ ਹੋਵੇ।

ਜ਼ਿਕਰਯੋਗ ਹੈ ਕਿ ਸੰਨ 1947 ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ ਸਾਹਿਬ ਏਸ਼ੀਆ ਦੀ ਸਭ ਤੋਂ ਵੱਡੀ ਖੁਸ਼ਕ ਬੰਦਰਗਾਹ ਸੀ। ਇਥੋਂ ਅਰਬ ਮੁਲਕਾਂ ਅਤੇ ਕੇਂਦਰੀ ਏਸ਼ੀਆ ਦੇ ਮੁਲਕਾਂ ਨੂੰ ਜ਼ਮੀਨੀ ਰਸਤੇ ਵਪਾਰ ਹੁੰਦਾ ਸੀ। ਪਰ ਵੰਡ ਤੋਂ ਬਾਅਦ ਇਤਿਹਾਸਕ ਵਪਾਰਕ ਸ਼ਾਹ ਰਾਹ ਦਾ ਕੇਂਦਰ ਰਿਹਾ ਸ੍ਰੀ ਅੰਮ੍ਰਿਤਸਰ ਸਾਹਿਬ ਇਕ-ਦਮ ਬੰਦ ਗਲੀ ਵਿਚ ਤਬਦੀਲ ਹੋ ਗਿਆ।

ਅਮਰੀਕਾ ਚੀਨ ਵਪਾਰ-ਯੁੱਧ ਵਿਚ ਅਮਰੀਕਾ ਨੂੰ ਪਛਾੜਨ ਲਈ ਚੀਨ ਦਾ ਇਕ ਅਹਿਮ ਦਾਅ ਸਮੁੰਦਰੀ ਆਵਾਜਾਈ ਤੋਂ ਨਿਰਭਰਤਾ ਖਤਮ ਕਰਕੇ ਜ਼ਮੀਨੀ ਆਵਾਜਾਈ ਦੇ ਬਦਲ ਲੱਭਣਾ ਹੈ। ਚੀਨ ਨੂੰ ਸ਼ਾਇਦ ਇਹ ਗੱਲ ਭਲੀ-ਭਾਂਤ ਸਮਝ ਆ ਗਈ ਹੈ ਕਿ ਇੰਡੀਆ-ਪਾਕਿਸਤਾਨ ਸਬੰਧਾਂ ਨੂੰ ਸੁਧਾਰਨ ਦੀ ਕੁੰਜੀ ਪੰਜਾਬ ਵਿਚ ਹੈ। ਕਰਤਾਰਪੁਰ ਸਾਹਿਬ ਲਾਂਘਾ ਦੁਨੀਆ ਦੀ ਰਾਜਨੀਤੀ ਨੂੰ ਪ੍ਰਭਾਵਤ ਕਰਨ ਵਾਲੀਆਂ ਕੜੀਆਂ ਵਿਚੋਂ ਪਹਿਲੀ ਅਹਿਮ ਕੜੀ ਹੈ। ਹੋ ਸਕਦਾ ਹੈ ਕਿ ਗੁਰੂ ਨਾਨਕ ਪਾਤਿਸ਼ਾਹ ਦੇ ਘਰ ਨੂੰ ਖੁੱਲ੍ਹਣ ਵਾਲਾ ਲਾਂਘਾ ਭਵਿੱਖ ਵਿੱਚ ਇਸ ਖਿੱਤੇ ਦੇ ਕਰੋੜਾਂ ਲੋਕਾਂ ਦੇ ਘਰ ਨੂੰ ਖੁਸ਼ਹਾਲੀ ਦਾ ਰਸਤਾ ਖੋਲ੍ਹਣ ਦਾ ਸਬੱਬ ਬਣੇ।

ਸੰਭਾਵੀ ਖਦਸ਼ੇ : ਭਾਵੇਂ ਕਿ ਇੰਡੀਆ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੇ ਕਰਤਾਰਪੁਰ ਸਾਹਿਬ ਦੇ ਲਾਂਘੇ ਬਾਬਤ ਅਮਲੀ ਕਾਰਵਾਈ ਵਿੱਢਣ ਦੀ ਸ਼ੁਰੂਆਤ ਕਰ ਦਿੱਤੀ ਹੈ ਪਰ ਮੌਜੂਦਾ ਹਾਲਾਤ ਵਿੱਚ ਕੁਝ ਸੰਸੇ ਤੇ ਤੌਖਲੇ ਅਜੇ ਵੀ ਬਰਕਰਾਰ ਹਨ। ਇੰਡੀਆ ਦੀਆਂ ਏਜੰਸੀਆਂ, ਅਫਸਰਸ਼ਾਹੀ ਦੇ ਹਿੱਸੇ, ਸਿਆਸੀ ਜਮਾਤਾਂ ਵਿਚਲੇ ਕੁਝ ਆਗੂ ਤੱਕ, ਇੰਡੀਆ ਤੇ ਪਾਕਿਸਤਾਨ ਵਿਚਲੇ 'ਨੌਨ ਸਟੇਟ ਐਕਟਰ' ਆਪਣੇ ਮੁਫਾਦਾਂ ਕਰਕੇ ਜਾਂ ਸਿੱਖਾਂ ਪ੍ਰਤਿ ਨਫਰਤ ਕਾਰਨ ਅਜਿਹੀਆਂ ਘਟਨਾਵਾਂ ਕਰਵਾ ਸਕਦੇ ਹਨ ਜਿਸ ਨਾਲ ਇਸ ਲਾਂਘੇ ਦੇ ਚੱਲਣ ਵਿੱਚ ਅੜਚਣਾ ਖੜ੍ਹੀਆ ਹੋਣ।

ਇਕ ਹੋਰ ਵਿਹਾਰਕ ਅੜਚਣ ਇਹ ਹੈ ਕਿ ਪਹਿਲਾਂ ਪਾਕਿਸਤਾਨ ਵਿਚਲੇ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂ ਸੰਨ 1974 ਤੋਂ 'ਪ੍ਰੋਟੋਕੋਲ' ਤਹਿਤ ਵੀਜ਼ਾ ਲੈ ਕੇ ਜਾਂਦੇ ਹਨ। ਸਿੱਖ ਸ਼ਰਧਾਲੂਆਂ ਨੂੰ ਬਿਨਾ ਵੀਜ਼ੇ ਤੋਂ ਕਰਤਾਰਪੁਰ ਸਾਹਿਬ ਜਾਣ ਦੀ ਸਹੂਲਤ ਦੇਣ ਲਈ ਇੰਡੀਆ ਤੇ ਪਾਕਿਸਤਾਨ ਨੂੰ ਆਪਸ ਵਿਚ ਕੋਈ ਨਵਾਂ ਸਮਝੌਤਾ ਕਰਨਾ ਪੈਣਾ ਹੈ। ਇਸ ਤੋਂ ਪਹਿਲਾਂ ਕਸ਼ਮੀਰ ਦੇ ਲੋਕਾਂ ਲਈ ਬਿਨਾ ਵੀਜ਼ੇ ਤੋਂ 'ਕਬਜ਼ੇ ਵਾਲੀ ਲੀਕ' (ਲਾਈਨ ਆਫ ਕੰਟਰੋਲ) ਤੋਂ ਆਰ-ਪਾਰ ਜਾਣ ਲਈ ਇੰਡੀਆ ਤੇ ਪਾਕਿਸਤਾਨ ਨੇ ਸਮਝੌਤਾ ਕੀਤਾ ਸੀ ਜਿਸ ਤਹਿਤ ਦਿੱਤੇ ਜਾਣ ਵਾਲੇ 'ਪਰਮਿਟ' ਦੀਆਂ ਸ਼ਰਤਾਂ ਹੀ ਇੰਨੀਆਂ ਅੜਚਣ ਪੂਰਨ ਸਨ ਕਿ ਉਹ ਸਾਰਾ ਪ੍ਰਬੰਧ ਹੀ ਠੱਪ ਹੋ ਕੇ ਰਹਿ ਗਿਆ। ਸੋ ਹਾਲਾਂ ਵੀ ਕਾਫੀ ਕੁਝ ਵੇਖਣ ਵਾਲਾ ਹੈ ਪਰ ਦੂਜੇ ਬੰਨੇ ਪਹਿਲਾਂ ਬਿਆਨੇ ਹਾਲਾਤ ਨੂੰ ਵੇਖਿਆਂ ਇਹ ਵੀ ਲਗਦਾ ਹੈ ਕਿ ਸੱਚੇ ਪਾਤਿਸ਼ਾਹ ਦੀ ਬਖਸ਼ਿਸ਼ ਨਾਲ ਉਸ ਦੇ ਦਰ ਦੇ ਖੁੱਲ੍ਹੇ ਦਰਸ਼ਨ ਦੀਦਾਰਿਆਂ ਵਾਸਤੇ ਇਸ ਵਾਰ ਜੋ ਢੋਅ-ਢੁਕਾਅ ਹੋਇਆ ਹੈ, ਉਹ ਜ਼ਰੂਰ ਨੇਪਰੇ ਚੜ੍ਹੇਗਾ। (ਸਿੱਖ ਸਿਆਸਤ 'ਚੋਂ ਧੰਨਵਾਦ ਸਹਿਤ)

## ਕਰਤਾਰਪੁਰ ਦੀ ਖੇਤੀ ਦਾ ਸੁਨੇਹਾ ਅਤੇ ਸਰਕਾਰ ਦੀ ਪਹੁੰਚ

ਨੇ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਦੁਆਰਾ ਝੋਨੇ ਦੀ ਫਸਲ ਪੰਜਾਬ ਦੇ ਸਿਰ ਮੜ੍ਹ ਦਿੱਤੀ ਜਿਸ ਦੇ ਨਤੀਜੇ ਵਜੋਂ ਧਰਤੀ ਹੇਠਲੇ ਪਾਣੀ ਦਾ ਪੱਧਰ ਥੱਲੇ ਜਾ ਰਿਹਾ ਹੈ। ਸੰਨ 1960-61 ਦੌਰਾਨ ਪੰਜਾਬ ਵਿਚ ਟਿਊਬਵੈਲਾਂ ਦੀ ਗਿਣਤੀ ਸਿਰਫ਼ 7445 ਸੀ ਜੋ ਧਾਨ ਦੀ ਫਸਲ ਦੀ ਸਿੰਜਾਈ ਦੀ ਵਧ ਰਹੀ ਲੋੜ ਲਈ 14 ਲੱਖ ਦਾ ਅੰਕੜਾ ਪਾਰ ਕਰ ਗਈ। ਪੰਜਾਬ ਦੇ ਤਿੰਨ-ਚੌਥਾਈ ਤੋਂ ਵੱਧ ਵਿਕਾਸ ਖੰਡਾਂ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਖ਼ਤਰਨਾਕ ਪੱਧਰ ਤਕ ਥੱਲੇ ਚਲਾ ਗਿਆ ਹੈ ਅਤੇ ਕਿਸਾਨਾਂ ਨੂੰ ਮਜਬੂਰੀਵਸ ਸਬਮਰਸੀਬਲ ਮੋਟਰਾਂ ਲਵਾਉਣੀਆਂ ਪਈਆਂ। ਕੇਂਦਰ ਸਰਕਾਰ ਲੰਬੇ ਸਮੇਂ ਤੋਂ ਦਰਿਆਈ ਪਾਣੀਆਂ ਦੀ ਵੰਡ ਬਾਰੇ ਪੰਜਾਬ ਨਾਲ ਬੇਇਨਸਾਫ਼ੀ ਕਰਦੀ ਆ ਰਹੀ ਹੈ। ਪੰਜਾਬ ਵਿਚ ਸ਼ੁਰੂ ਕੀਤੀ ਗਈ ਖੇਤੀਬਾੜੀ ਦੀ ਨਵੀਂ ਜੁਗਤ ਸਦਕਾ ਰਸਾਇਣਕ ਖਾਦਾਂ, ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਵਿਚ ਬਹੁਤ ਵਾਧਾ ਹੋਇਆ ਹੈ। ਝੋਨੇ ਲਈ ਛੱਪੜ-ਸਿੰਜਾਈ ਅਤੇ ਕਣਕ ਦੀ ਨਾੜ ਅਤੇ ਝੋਨੇ ਦੀ ਪਰਾਲੀ ਨੂੰ ਮਜਬੂਰੀਵਸ ਅੱਗ ਲਾਉਣ ਅਤੇ ਰਸਾਇਣਾਂ ਦੀ ਵਰਤੋਂ ਕਾਰਨ ਸੂਬੇ ਵਿਚ ਧਰਤੀ ਅਤੇ ਹਵਾ ਦੇ ਪ੍ਰਦੂਸ਼ਣ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਜਿਸ ਦੀ ਕੀਮਤ ਇੱਥੋਂ ਦੇ ਲੋਕਾਂ ਨੂੰ ਵੱਖ ਵੱਖ ਬਿਮਾਰੀਆਂ ਝੱਲਣ ਅਤੇ ਕੁਝ ਨੂੰ ਆਪਣੀ ਜ਼ਿੰਦਗੀ ਤੋਂ ਹੱਥ ਧੋਣ ਦੇ ਰੂਪ ਵਿਚ ਦੇਣੀ ਪੈ ਰਹੀ ਹੈ।

ਅੱਜ ਗੁਰੂ ਨਾਨਕ ਦੇਵ ਦੇ ਕਰਤਾਰਪੁਰ (ਪੰਜਾਬ ਦੇ ਖੇਤੀਬਾੜੀ) ਨੂੰ ਸਰਕਾਰ, ਖ਼ਾਸ ਕਰਕੇ ਕੇਂਦਰੀ ਸਰਕਾਰ, ਕਾਰਪੋਰੇਸ਼ਨਾਂ ਅਤੇ ਬਾਹਰਲੇ ਮੁਲਕਾਂ ਵਿਚ ਐਨਆਰਆਈ ਕਾਰੋਬਾਰੀਆਂ (ਜੋ ਪੰਜਾਬ ਤੋਂ ਪਰਵਾਸ ਕੀਤੇ ਬੰਦਿਆਂ ਦੀ ਲੁੱਟਮਾਰ ਕਰਦੇ ਹਨ) ਦੀ ਅਮਰਬੇਲ ਦੁਰਕਾਰਦੀ ਅਤੇ ਫਿਟਕਾਰਦੀ ਹੋਈ ਉਜਾੜ ਰਹੀ ਹੈ। ਸੋ, ਸਮੇਂ ਦੀ ਲੋੜ ਹੈ ਕਿ ਇਸ ਅਮਰਵੇਲ ਤੋਂ ਕਰਤਾਰਪੁਰ ਨੂੰ ਬਚਾਇਆ ਜਾਵੇ।

## ਮਹਾਰਾਸ਼ਟਰ : ਪੁਲਿਸ ਲਾਠੀਚਾਰਜ ਵਿਚ ਬਜ਼ੁਰਗ ਸਿੱਖ ਦੀ ਮੌਤ

ਲਾਠੀਚਾਰਜ ਨਾਲ ਸੱਤਾ ਸਿੰਘ ਬੇਹੋਸ਼ ਹੋ ਗਿਆ। ਪਰਿਵਾਰ ਅਤੇ ਕੁਝ ਹੋਰ ਨੌਜਵਾਨਾਂ ਨੇ ਤੁਰੰਤ ਸੱਤਾ ਸਿੰਘ ਨੂੰ ਪਰਭਾਣੀ ਦੇ ਸਰਕਾਰੀ ਹਸਪਤਾਲ 'ਚ ਦਾਖ਼ਲ ਕਰਵਾਇਆ ਪਰ ਇਲਾਜ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ। ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਨੰਦੇੜ ਸਥਿਤ ਗੁਰਦੁਆਰਾ ਸੱਚਖੰਡ ਬੋਰਡ ਦੇ ਅਧਿਕਾਰੀ ਗੁਰਿੰਦਰ ਸਿੰਘ ਵਾਧਵਾ, ਮੈਂਬਰ ਰਣਜੀਤ ਸਿੰਘ ਕਾਮਠੇਕਰ, ਨੌਨਿਹਾਲ ਸਿੰਘ ਜਹਾਗਿਰਦਾਰ, ਰਣਜੀਤ ਸਿੰਘ ਚਿਰਗਿਆ ਅਤੇ ਕੁਝ ਬੋਰਡ ਅਧਿਕਾਰੀ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਜਾਣਕਾਰੀ ਹਾਸਲ ਕੀਤੀ। ਗੁਰਦੁਆਰਾ ਸੱਚਖੰਡ ਬੋਰਡ ਦੇ ਮੈਂਬਰਾਂ ਸਹਿਤ ਵੱਡੀ ਗਿਣਤੀ 'ਚ ਸਿੱਖ ਸਮਾਜ ਦੇ ਲੋਕ ਘਟਨਾ ਸਥਾਨ 'ਤੇ ਪਹੁੰਚੇ। ਬੋਰਡ ਮੈਂਬਰਾਂ ਨੇ ਭਰੋਸਾ ਦਿੱਤਾ ਕਿ ਮ੍ਰਿਤਕ ਦੇ ਪਰਿਵਾਰ ਨੂੰ ਇਕ ਲੱਖ ਰੁਪਏ ਦੀ ਮਾਲੀ ਮਦਦ ਦਿੱਤੀ ਜਾਵੇਗੀ ਤੇ ਜਿਨ੍ਹਾਂ ਪਰਿਵਾਰਾਂ ਦੇ ਮਕਾਨ ਢਾਹੇ ਗਏ ਹਨ, ਉਨ੍ਹਾਂ ਨੂੰ 25 ਹਜ਼ਾਰ ਦੀ ਮਾਲੀ ਮਦਦ ਦਿੱਤੀ ਜਾਵੇਗੀ। ਇਸ ਦੇ ਨਾਲ ਪੀੜਤ ਪਰਿਵਾਰਾਂ ਲਈ ਗੁਰਦੁਆਰਾ ਬੋਰਡ ਇਕ ਮਹੀਨੇ ਤੱਕ ਲੰਗਰ ਲਗਾਏਗਾ। ਇਸ ਘਟਨਾ ਨਾਲ ਮਰਾਠਵਾੜਾ ਦੇ ਸਾਰੇ ਜ਼ਿਲਿਆਂ 'ਚ ਸਿਕਲੀਗਰ ਸਿੱਖਾਂ 'ਚ ਭਾਰੀ ਰੋਸ ਹੈ। ਸਰਕਾਰ ਵਲੋਂ ਬਿਨਾ ਸੂਚਨਾ ਦੇ ਇਸ ਤਰ੍ਹਾਂ ਠੰਢ ਦੇ ਦਿਨਾਂ 'ਚ ਮਕਾਨ ਢਾਹ ਦੇਣ ਨਾਲ ਔਰਤਾਂ ਤੇ ਬੱਚੇ ਵੀ ਸੜਕ 'ਤੇ ਆ ਗਏ ਹਨ। ਪਰਭਾਣੀ ਦੇ ਜ਼ਿਲ੍ਹਾ ਕਲੈਕਟਰ ਨੂੰ ਸਾਧਸੰਗਤ ਵਲੋਂ ਇਕ ਪੱਤਰ ਸੌਂਪ ਕੇ ਮਾਮਲੇ ਦੀ ਜਾਂਚ ਕਰਨ ਅਤੇ ਗ਼ਰੀਬ ਸਿਕਲੀਗਰ ਸਮਾਜ ਨੂੰ ਦੁਬਾਰਾ ਮਕਾਨ ਬਣਾ ਕੇ ਦੇਣ ਦੀ ਮੰਗ ਕੀਤੀ ਗਈ ਹੈ। ਇਸ ਮੌਕੇ ਡੀਸੀ. ਦਫ਼ਤਰ ਅੱਗੇ ਨਾਅਰੇਬਾਜ਼ੀ ਕੀਤੀ ਗਈ।

ਉਧਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੁਲਿਸ ਪ੍ਰਸ਼ਾਸਨ ਦੀ ਇਸ ਹਰਕਤ ਦਾ ਸਖਤ ਨੋਟਿਸ ਲਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਛੱਤੀਸਗੜ੍ਹ ਸਿੱਖ ਮਿਸ਼ਨ ਦੇ ਇੰਚਾਰਜ ਦੀ ਜ਼ਿੰਮੇਵਾਰੀ ਲਾਈ ਗਈ ਹੈ, ਜੋ ਇਸ ਸਬੰਧੀ ਆਪਣੀ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਦੇਵੇਗਾ। ਇਸ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਸਿਕਲੀਗਰ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਮਹਾਰਾਸ਼ਟਰ ਸਰਕਾਰ ਕੋਲ ਪਹੁੰਚ ਕੀਤੀ ਜਾਵੇਗੀ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਕੀਤਾ ਹੈ।ਇਸ ਸਬੰਧੀ ਮਿਲੀਆਂ ਸ਼ਿਕਾਇਤਾਂ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਸਿਕਲੀਗਰ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਚਾਰਾਜੋਈ ਆਰੰਭੀ ਗਈ ਹੈ। ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਆਖਿਆ ਕਿ ਇਸ ਦੌਰਾਨ ਮਹਾਰਾਸ਼ਟਰ ਸਰਕਾਰ ਨਾਲ ਵੀ ਰਾਬਤਾ ਕਾਇਮ ਕੀਤਾ ਜਾਵੇਗਾ।

ਗੌਰਤਲਬ ਹੈ ਕਿ ਸਿਕਲੀਗਰ ਸਿੱਖ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਸਿੱਖ ਸਮਾਜ ਦਾ ਅਹਿਮ ਅੰਗ ਰਹੇ ਹਨ, ਪਰ ਦੁੱਖ ਦੀ ਗੱਲ ਹੈ ਕਿ ਸਮੇਂ-ਸਮੇਂ ਸਿਕਲੀਗਰ ਸਿੱਖਾਂ ਨੂੰ ਦਬਾਇਆ ਜਾਂਦਾ ਰਿਹਾ ਹੈ। ਤਾਜ਼ਾ ਘਟਨਾ ਵਿਚ ਮਹਾਰਾਸ਼ਟਰ ਜ਼ਿਲ੍ਹੇ ਦੇ ਪਿੰਡ ਬਲਸਾ 'ਚ ਇਨ੍ਹਾਂ ਸਿਕਲੀਗਰ ਸਿੱਖਾਂ ਨੂੰ ਤੰਗ ਕੀਤੇ ਜਾਣ ਦੀ ਖ਼ਬਰ ਹੈ। ਸਿਕਲੀਗਰ ਸਿੱਖ ਜੋ ਪਹਿਲਾਂ ਹੀ ਮੁਸ਼ਕਲ ਨਾਲ ਆਪਣਾ ਗੁਜ਼ਾਰਾ ਕਰ ਰਹੇ ਹਨ, ਨੂੰ ਇਸ ਤਰ੍ਹਾਂ ਤੰਗ ਪ੍ਰੇਸ਼ਾਨ ਤੇ ਬੇਘਰ ਕਰਨਾ ਇਕ ਹੱਦ ਦਰਜੇ ਦੀ ਘਟੀਆ ਕਾਰਵਾਈ ਹੈ। ਬੀਤੇ ਸਾਲ ਵੀ ਸਥਾਨਕ ਪ੍ਰਸ਼ਾਸਨ ਵੱਲੋਂ 40 ਸਿਕਲੀਗਰ ਸਿੱਖਾਂ 'ਤੇ ਕੇਸ ਪਾ ਦਿੱਤੇ ਗਏ ਸਨ।

## ਹਾਲੈਂਡ ਦੇ ਫਾਰਵਰਡ ਜੇਰੋਨ ਹਰਟਜ਼ਬਰਗਰ ਦੀ ਹੈਟ੍ਰਿਕ

ਨਵੀਂ ਦਿੱਲੀ-2010 ਅਤੇ ਹੇਗ-2014) ਵਿਚ ਤਾਂਬੇ ਤੇ ਚਾਂਦੀ ਦੇ ਤਗਮੇ ਹਾਲੈਂਡ ਦੀ ਝੋਲੀ ਪਾਏ ਹਨ। ਜੇਰੋਨ 212 ਕੌਮਾਂਤਰੀ ਮੈਚ ਖੇਡ ਚੁੱਕਿਆ ਹੈ। ਉਹ ਰੋਟਰਡਮ ਹਾਕੀ ਕਲੱਬ ਵੱਲੋਂ ਘਰੇਲੂ ਹਾਕੀ ਲੀਗ ਵੀ ਖੇਡਦਾ ਹੈ। ਯੂਰੋ ਹਾਕੀ ਲੀਗ ਦੌਰਾਨ ਦਾਗ਼ੇ 26 ਗੋਲਾਂ ਦੀ ਬਦੌਲਤ ਜੇਰੋਨ ਨੂੰ 'ਆਲ ਟਾਈਮ ਟਾਪ ਸਕੋਰਰ' ਦਾ ਦਰਜਾ ਮਿਲਿਆ। ਉਸ ਦੀ ਨੁਮਾਇੰਦਗੀ ਦੌਰਾਨ ਡੱਚ ਟੀਮ ਨੇ ਯੂਰੋਪੀਅਨ ਚੈਂਪੀਅਨਸ਼ਿਪ ਐਮਸਤਲਵੀਨ-2009 'ਚ ਕਾਂਸੀ, ਮੋਨਚਗਲੈਡਬਾਖ-2011 'ਚ ਚਾਂਦੀ, ਬੂਮ-2013 'ਚ ਕਾਂਸੀ ਅਤੇ ਲੰਡਨ-2015 ਵਿੱਚ ਸੋਨ ਤਗ਼ਮਾ ਜਿੱਤਿਆ। ਇਸ ਤੋਂ ਇਲਾਵਾ ਡੱਚ ਟੀਮ ਨੇ ਚੈਂਪੀਅਨਜ਼ ਟਰਾਫੀ ਕੁਆਲਾਲੰਪੁਰ-2007, ਮੋਨਚਗਲੈਡਬਾਖ-2010, ਆਕਲੈਂਡ-2011 ਅਤੇ ਬਰੇਡਾ-2017 'ਚ ਕ੍ਰਮਵਾਰ ਤਾਂਬੇ ਦੇ ਤਗ਼ਮੇ, ਜਦੋਂਕਿ ਮੈਲਬਰਨ-2012 'ਚ ਚਾਂਦੀ ਦਾ ਤਗ਼ਮਾ ਹਾਸਲ ਕੀਤਾ ਹੈ। ਜੇਰੋਨ ਨੇ ਦੋ ਵਾਰ ਓਲੰਪਿਕ ਹਾਕੀ (ਲੰਡਨ-2012 ਅਤੇ ਰੀਓ-2016) ਵੀ ਖੇਡੀ ਹੈ। ਭੁਵਨੇਸ਼ਵਰ ਵਿਸ਼ਵ ਕੱਪ ਦੌਰਾਨ ਜੇਰੋਨ ਵਰਗੇ ਫਾਰਵਰਡ ਦੀ ਮੌਜੂਦਗੀ ਨਾਲ ਡੱਚ ਟੀਮ ਦੀ ਵਿਸ਼ਵ ਹਾਕੀ ਕੱਪ ਲਈ ਦਾਅਵੇਦਾਰੀ ਮਜ਼ਬੂਤ ਹੋਈ ਹੈ।

## ਵਿਸ਼ਵ ਸਿੱਖ ਪਾਰਲੀਮੈਂਟ ਦੇ ਵਫਦ ਵੱਲੋਂ ਲਹਿੰਦੇ ਪੰਜਾਬ ਦੇ ਗਵਰਨਰ ਨਾਲ ਮੁਲਾਕਾਤ

ਪਾਕਿਸਤਾਨ ਸਰਕਾਰ ਦੇ ਉਹਨਾਂ ਅਦਾਰਿਆਂ, ਜਿਹਨਾਂ ਨੇ ਗੁਰਪੁਰਬ ਮਨਾਉਣ ਲਈ ਪ੍ਰਬੰਧ ਕਰਨੇ ਹਨ, ਵਰਲਡ ਸਿੱਖ ਪਾਰਲੀਮੈਂਟ ਨੇ ਉਨ੍ਹਾਂ ਨਾਲ ਵਰਕਿੰਗ ਕਮੇਟੀਆਂ ਬਣਾ ਕੇ ਇਹਨਾਂ ਸਮਾਗਮਾਂ ਨੂੰ ਵੱਡੇ ਪੱਧਰ 'ਤੇ ਮਿਲਾਉਣ ਲਈ ਸਾਂਝੇ ਉਪਰਾਲੇ ਕੀਤੇ ਜਾਣ ਬਾਰੇ ਵੀ ਚਰਚਾ ਕੀਤੀ ਗਈ। ਉਹਨਾਂ ਗਵਰਨਰ ਮੁਹੰਮਦ ਸਰਵਰ ਰਾਹੀਂ ਪਾਕਿਸਤਾਨ ਸਰਕਾਰ ਨੂੰ ਸੁਝਾਅ ਦਿੱਤਾ ਕਿ ਉਹ ਜਲਦ ਹੀ ਦੁਨੀਆ ਭਰ ਤੋਂ ਸਿੱਖ ਜਥੇਬੰਦੀਆਂ ਦੀ ਇਕ ਮੀਟਿੰਗ ਬੁਲਾਉਣ ਤਾਂ ਕਿ ਅਗਲੇ ਸਾਲ ਦੇ ਪ੍ਰੋਗਰਾਮਾਂ ਨੂੰ ਵਿਸ਼ਵ ਪੱਧਰੀ ਬਣਾਉਣ ਲਈ ਸਮੂਹ ਸਿੱਖਾਂ ਦੀ ਸਲਾਹ ਅਤੇ ਸਹਿਯੋਗ ਲਿਆ ਜਾ ਸਕੇ ।

ਭਾਈ ਜੋਗਾ ਸਿੰਘ ਵੱਲੋਂ ਪਾਕਿਸਤਾਨ ਸਰਕਾਰ ਨੂੰ ਵਰਲਡ ਸਿੱਖ ਪਾਰਲੀਮੈਂਟ ਦੀ ਸਥਾਪਨਾ ਬਾਰੇ ਵੀ ਜਾਣਕਾਰੀ ਦਿੱਤੀ ਗਈ ਤੇ ਵਰਲਡ ਸਿੱਖ ਪਾਰਲੀਮੈਂਟ ਦੇ ਉਦੇਸ਼ਾਂ ਬਾਰੇ ਵੀ ਉਹਨਾਂ ਨੂੰ ਆਗਾਹ ਕਰਵਾਇਆ ਅਤੇ ਦੱਸਿਆ ਕਿ ਵਰਲਡ ਸਿੱਖ ਪਾਰਲੀਮੈਂਟ ਕੌਮਾਂਤਰੀ ਪੱਧਰ ਤੇ ਸਿੱਖਾਂ ਦੀ ਨੁਮਾਇੰਦਗੀ ਕਰਨ ਤੇ ਸਿੱਖਾਂ ਦੇ ਹੱਕਾਂ ਲਈ ਕੰਮ ਕਰਨ ਲਈ ਬਣਾਈ ਗਈ ਹੈ ।ਗਵਰਨਰ ਮੁਹੰਮਦ ਸਰਵਰ ਨੇ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਦਿੱਤੇ ਸੁਝਾਵਾਂ ਉੱਤੇ ਅਤੇ ਕੀਤੀਆਂ ਬੇਨਤੀਆਂ ਉਤੇ ਜਲਦ ਹੀ ਕੰਮ ਕਰਨ ਦਾ ਭਰੋਸਾ ਦਿਵਾਇਆ ।

## ਪੰਜਾਬ ਦੀ ਵੰਡ ਕਾਰਨ ਪਛੜੇ ਸਰਹੱਦੀ ਇਲਾਕੇ ਦੇ ਮੁੜ ਭਾਗ ਖੁੱਲ੍ਹੇ

ਜਿੱਥੇ ਸਮੁੱਚੇ ਸਿੱਖ ਜਗਤ ਦੀ ਇਸ ਪਾਵਨ ਅਸਥਾਨ ਦੇ ਖੁੱਲ੍ਹੇ ਦਰਸ਼ਨ ਦੀਦਾਰ ਕਰਨ ਦੀ ਦਹਾਕਿਆਂ ਤੋਂ ਚਲੀ ਆ ਰਹੀ ਮੰਗ ਪੂਰੀ ਹੋਵੇਗੀ, ਉਥੇ ਇਹ ਲਾਂਘਾ ਡੇਰਾ ਬਾਬਾ ਨਾਨਕ ਇਲਾਕੇ ਦੇ ਤਰੱਕੀ ਅਤੇ ਵਿਕਾਸ ਦੇ ਨਵੇਂ ਦਰ ਖੋਲ੍ਹੇਗਾ। ਸੈਰ ਸਪਾਟਾ ਅਤੇ ਹੋਰ ਵਪਾਰਕ ਗਤੀਵਿਧੀਆਂ ਨਾਲ ਜੁੜੇ ਵੱਡੇ ਵਪਾਰਕ ਘਰਾਣੇ ਅਤੇ ਕੰਪਨੀਆਂ ਨੇ ਹੁਣੇ ਤੋਂ ਹੀ ਇਥੇ ਪੂੰਜੀ ਨਿਵੇਸ਼ ਦੀਆਂ ਵਿਉਂਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਅਗਲ੍ਹੇ ਵਰ੍ਹੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਇਸ ਲਾਂਘੇ ਦੇ ਖੁੱਲ੍ਹਣ ਨਾਲ ਇਥੇ ਹਰ ਵਰ੍ਹੇ ਲੱਖਾਂ ਸ਼ਰਧਾਲੂ ਅਤੇ ਸੈਲਾਨੀ ਆਇਆ ਕਰਨਗੇ। ਉਨ੍ਹਾਂ ਨੂੰ ਰਹਿਣ, ਖਾਣ-ਪੀਣ ਅਤੇ ਆਵਾਜਾਈ ਦੀਆਂ ਸਹੂਲਤਾਂ ਮੁਹੱਈਆ ਕਰਾਉਣ ਵਾਲੀ ਸਰਵਿਸ ਇੰਡਸਟਰੀ ਵਿਚ ਇਲਾਕੇ ਦੇ ਲੋਕਾਂ ਨੂੰ ਰੁਜ਼ਗਾਰ ਮਿਲੇਗਾ। ਜ਼ਮੀਨ-ਜਾਇਦਾਦ ਦੀ ਖ਼ਰੀਦੋ-ਫ਼ਰੋਖ਼ਤ ਨਾਲ ਹਰ ਤਰ੍ਹਾਂ ਦੇ ਕਾਰੋਬਾਰ ਨੂੰ ਹੁਲਾਰਾ ਮਿਲੇਗਾ। ਬਾਹਰੀ ਦੁਨੀਆਂ ਨਾਲ ਸੰਪਰਕ ਹੋਣ ਨਾਲ ਹੋਣ ਵਾਲੇ ਭਾਸ਼ਾਈ ਅਤੇ ਸਭਿਆਚਾਰਕ ਵਟਾਂਦਰੇ ਨਾਲ ਨਵੀਂ ਪੀੜ੍ਹੀ ਦੇ ਗਿਆਨ ਵਿਚ ਵਾਧਾ ਹੋਵੇਗਾ ਅਤੇ ਉਨ੍ਹਾਂ ਲਈ ਬਾਹਰਲੀ ਦੁਨੀਆਂ ਦੇ ਦਰਵਾਜ਼ੇ ਵੀ ਖੁੱਲ੍ਹਣਗੇ। ਡੇਰਾ ਬਾਬਾ ਨਾਨਕ ਤੋਂ ਅੰਮ੍ਰਿਤਸਰ ਹਵਾਈ ਅੱਡੇ ਤਕ ਚਹੁੰ-ਮਾਰਗੀ ਸੜਕ ਬਣ ਰਹੀ ਹੈ ਤੇ ਇਸ ਦੇ ਮੁਕੰਮਲ ਹੋਣ ਨਾਲ ਲੋਕ ਹਵਾਈ ਅੱਡੇ ਤਕ ਅੱਧੇ ਘੰਟੇ ਵਿਚ ਪਹੁੰਚ ਜਾਇਆ ਕਰਨਗੇ।

ਦੂਜੇ ਪਾਸੇ ਪਾਕਿਸਤਾਨੀ ਸੈਲਾਨੀ ਮੁਗਲ ਬਾਦਸ਼ਾਹ ਅਕਬਰ ਦੀ ਕਸਬਾ ਕਲਾਨੌਰ ਵਿਚਲੀ ਮਜ਼ਾਰ ਦੇਖਣ ਆਉਣਗੇ, ਜਿਥੇ ਉਨ੍ਹਾਂ ਨੂੰ ਤੇਰ੍ਹਾਂ ਸਾਲ ਦੀ ਉਮਰ ਵਿਚ ਬਾਦਸ਼ਾਹਤ ਦਾ ਤਾਜ ਪਹਿਨਾਇਆ ਗਿਆ ਸੀ। ਇਸ ਦੇ ਨਾਲ ਹੀ ਬਟਾਲਾ ਹੈ, ਜਿਥੇ ਗੁਰੂ ਨਾਨਕ ਦੇਵ ਜੀ ਬਰਾਤ ਲੈ ਕੇ ਢੁੱਕੇ ਸਨ, ਉਥੇ ਵੀ ਇਤਿਹਾਸਕ ਗੁਰਦੁਆਰਾ ਹੈ। ਇਸ ਕਰਕੇ ਇਹ ਪੂਰਾ ਇਲਾਕਾ ਹੀ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣ ਜਾਵੇਗਾ।

**ਡੇਰਾ ਬਾਬਾ ਨਾਨਕ ਡਿਵੈਲਪਮੈਂਟ ਅਥਾਰਟੀ :** ਡੇਰਾ ਬਾਬਾ ਨਾਨਕ ਅਤੇ ਇਸ ਦੇ ਆਲੇ ਦੁਆਲੇ ਵਿਚ ਹੋਣ ਵਾਲੀਆਂ ਵਪਾਰਕ ਅਤੇ ਰਿਹਾਇਸ਼ੀ ਖੇਤਰ ਵਿਚ ਹੋਣ ਵਾਲੀਆਂ ਸਰਗਰਮੀਆਂ ਨੂੰ ਵੇਖਦਿਆਂ ਪੰਜਾਬ ਸਰਕਾਰ ਨੇ ਇਥੇ ਡੇਰਾ ਬਾਬਾ ਨਾਨਕ ਡਿਵੈਲਪਮੈਂਟ ਅਥਾਰਟੀ ਬਣਾਉਣ ਦਾ ਫੈਸਲਾ ਕੀਤਾ ਹੈ ਤਾਂ ਕਿ ਇਸ ਇਲਾਕੇ ਦਾ ਮਾਸਟਰ ਪਲਾਨ ਬਣਾ ਕੇ ਵਿਉਂਤਬੱਧ ਵਿਕਾਸ ਕੀਤਾ ਜਾਵੇਗਾ। ਹਿੰਦੋਸਤਾਨ ਦਾ ਸਭ ਤੋਂ ਆਖ਼ਰੀ ਕਸਬਾ ਡੇਰਾ ਬਾਬਾ ਨਾਨਕ ਸਭ ਤੋਂ ਪਹਿਲਾਂ ਕਸਬਾ ਬਣਨ ਜਾ ਰਿਹਾ ਹੈ।

ਇਹ ਸਾਰਾ ਇਲਾਕਾ ਹੀ ਗੁਰੂ ਬਾਬਾ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਹੈ। ਉਨ੍ਹਾਂ ਨੇ ਇਸ ਇਲਾਕੇ ਵਿਚ ਅਠਾਰਾਂ ਸਾਲ ਬਿਤਾਏ ਸਨ। ਪੰਦਰਾਂ ਲੱਖ ਰੁਪਏ ਪ੍ਰਤੀ ਏਕੜ ਵਿਕਣ ਵਾਲੀ ਜ਼ਮੀਨ ਚਾਲੀ ਤੋਂ ਪੰਤਾਲੀ ਲੱਖ ਰੁਪਏ ਨੂੰ ਹੋ ਗਈ ਹੈ। ਇਸ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਸ ਇਲਾਕੇ ਦੇ ਭਾਗ ਖੁੱਲ੍ਹ ਗਏ ਹਨ।

ਭਾਰਤ ਅਤੇ ਪਾਕਿਸਤਾਨ ਦੋਵਾਂ ਸਰਕਾਰਾਂ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਦਿੱਤੀ ਸਹਿਮਤੀ ਅਤੇ ਨੀਂਹ ਪੱਥਰ ਰੱਖੇ ਜਾਣ ਤੋਂ ਬਾਅਦ ਕਸਬਾ ਡੇਰਾ ਬਾਬਾ ਨਾਨਕ ਦੇ ਲੋਕਾਂ ਨੂੰ ਜਾਪਣ ਲੱਗਾ ਹੈ ਕਿ ਦੇਸ਼ ਵੰਡ ਦੇ ਸੱਤ ਦਹਾਕਿਆਂ ਮਗਰੋਂ ਇਸ ਕਸਬੇ ਵਿਚ ਤਰੱਕੀ ਤੇ ਖੁਸ਼ਹਾਲੀ ਵੀ ਪਰਤ ਆਵੇਗੀ।

ਚੜ੍ਹਦੇ ਪੰਜਾਬ ਵਾਲੇ ਪਾਸੇ ਬਣੇਗਾ 'ਕਰਤਾਰਪੁਰ ਦੁਆਰ' : ਸਰਹੱਦ ਨੇੜੇ ਪੰਜਾਬ ਸਰਕਾਰ ਵੱਲੋਂ 'ਕਰਤਾਰਪੁਰ ਦੁਆਰ' ਦੇ ਨਾਂ ਨਾਲ ਵੱਡਾ ਗੇਟ ਉਸਾਰਿਆ ਜਾਵੇਗਾ। ਦੋਵਾਂ ਸਰਕਾਰਾਂ ਨੇ ਭਰੋਸਾ ਦਿੱਤਾ ਹੈ ਕਿ ਇਹ ਲਾਂਘਾ ਸਾਲ 2019 ਵਿਚ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਖੋਲ੍ਹ ਦਿੱਤਾ ਜਾਵੇਗਾ। ਇਸ ਲਾਂਘੇ ਰਾਹੀਂ ਜਾਣ ਵਾਲੇ ਸ਼ਰਧਾਲੂਆਂ ਨੂੰ ਪਾਕਿਸਤਾਨ ਸਰਕਾਰ ਪਰਮਿਟ ਦੇਵੇਗੀ ਤੇ ਵੀਜ਼ੇ ਦੀ ਲੋੜ ਨਹੀਂ ਹੋਵੇਗੀ। ਯਾਤਰੂ ਵਾਪਸੀ ਮੌਕੇ ਇਹ ਪਰਮਿਟ ਵਾਪਸ ਕਰ ਦੇਣਗੇ। ਪਾਕਿਸਤਾਨ ਸਰਕਾਰ ਵੱਲੋਂ ਭਵਿਖ ਵਿਚ ਗੁਰਦੁਆਰੇ 'ਚ ਠਹਿਰਾਅ ਵਾਸਤੇ ਇਕ ਦੋ ਦਿਨ ਦਾ ਪਰਮਿਟ ਵੀ ਦੇਣ ਦੀ ਯੋਜਨਾ ਹੈ। ਦੋਵਾਂ ਦੇਸ਼ਾਂ ਦੀ ਵੰਡ ਤੋਂ ਬਾਅਦ ਪਹਿਲਾ ਅਜਿਹਾ ਲਾਂਘਾ ਹੋਵੇਗਾ, ਜਿਸ ਰਾਹੀਂ ਯਾਤਰੂ ਬਿਨਾਂ ਵੀਜ਼ੇ ਦੇ ਜਾ ਸਕਣਗੇ।

**ਸੰਨ 2001 ਵਿਚ ਪਹਿਲੀ ਵਾਰ ਖੁੱਲ੍ਹੇ ਸਨ ਗੁਰੂ ਘਰ ਦੇ ਦਰਵਾਜ਼ੇ :** ਦੇਸ਼ ਵੰਡ ਤੋਂ ਬਾਅਦ ਇਸ ਗੁਰਦੁਆਰਾ ਸਾਹਿਬ ਦੀ ਸਾਂਭ-ਸੰਭਾਲ ਨਾ ਹੋਣ ਕਾਰਨ ਇਮਾਰਤ ਦੀ ਹਾਲਤ ਖ਼ਸਤਾ ਹੋ ਗਈ ਸੀ। ਸੰਨ 1999 ਵਿਚ ਇਸ ਗੁਰਦੁਆਰੇ ਨੂੰ ਸੰਗਤ ਵਾਸਤੇ ਖੋਲ੍ਹਣ ਦੀ ਮੰਗ ਕੀਤੀ ਗਈ ਸੀ ਤੇ ਸੰਨ 2001 ਵਿਚ ਪਹਿਲੀ ਵਾਰ ਦਰਸ਼ਨਾਂ ਵਾਸਤੇ ਇਸ ਦੇ ਦਰ ਖੋਲ੍ਹੇ ਗਏ ਸਨ। ਸੰਨ 2008 ਵਿਚ ਗੁਰਦੁਆਰਾ ਸਾਹਿਬ ਦੀ ਦਰਸ਼ਨੀ ਡਿਊੜੀ ਦੀ ਕਾਰ ਸੇਵਾ ਰਾਹੀ ਮੁਰੰਮਤ ਕਰਵਾਈ ਗਈ ਸੀ। ਮਗਰੋਂ ਔਕਾਫ ਬੋਰਡ ਅਤੇ ਪੀਜੀਪੀਸੀ ਵੱਲੋਂ ਇਸ ਦੀ ਸੰਭਾਲ ਲਈ ਯਤਨ ਕੀਤੇ ਗਏ ਤੇ ਹੁਣ ਉਥੇ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਹੈ। ਪੱਕੀ ਸੜਕ ਵੀ ਬਣ ਚੁੱਕੀ ਹੈ ਤੇ ਲਾਂਘਾ ਖੁੱਲ੍ਹਣ ਮਗਰੋਂ ਹੋਰ ਤਰੱਕੀ ਹੋਵੇਗੀ।

**ਪਾਕਿਸਤਾਨੀ ਮੀਡੀਆ ਨੇ ਕੀਤੀ ਸਰਾਹਨਾ :** ਪਾਕਿਸਤਾਨੀ ਮੀਡੀਆ ਨੇ ਇਸ ਮੁੱਦੇ ਨੂੰ ਬਹੁਤਾ ਨਹੀਂ ਉਭਾਰਿਆ ਪਰ ਇਸ ਫੈਸਲੇ ਨੂੰ ਦੋਵਾਂ ਦੇਸ਼ਾਂ ਦਰਮਿਆਨ ਅਮਨ-ਸ਼ਾਂਤੀ ਦੀ ਸ਼ੁਰੂਆਤ ਵਜੋਂ ਪੇਸ਼ ਕੀਤਾ ਹੈ। ਅਖ਼ਬਾਰਾਂ ਨੇ ਇਮਰਾਨ ਖਾਨ ਦੀ ਸ਼ਲਾਘਾ ਕਰਦਿਆਂ ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵੱਲੋਂ ਉਸੇ ਦਿਨ ਦਿੱਤੇ ਗਏ ਬਿਆਨ ਦੀ ਨਿਖੇਧੀ ਵੀ ਕੀਤੀ ਹੈ। ਸੁਸ਼ਮਾ ਨੇ ਕਿਹਾ ਸੀ ਕਿ ਕਰਤਾਰਪੁਰ ਲਾਂਘੇ ਦਾ ਮਤਲਬ ਭਾਰਤ ਅਤੇ ਪਾਕਿਸਤਾਨ ਦਰਮਿਆਨ ਗੱਲਬਾਤ ਮੁੜ ਸ਼ੁਰੂ ਹੋਣਾ ਨਹੀਂ ਹੈ। 'ਡਾਨ' ਦੇ ਐਡੀਟੋਰੀਅਲ ਵਿਚ ਕਿਹਾ ਗਿਆ ਹੈ ਕਿ ਕਰਤਾਰਪੁਰ ਸਾਹਿਬ ਲਾਂਘਾ ਦੋਵੇਂ ਦੇਸ਼ਾਂ ਨੂੰ ਮਜਬੂਰੀ ਵਿਚ ਹੀ ਸਹੀ ਪਰ ਨੇੜੇ ਖਿੱਚ ਲਿਆਇਆ ਹੈ। 'ਐਕਸਪ੍ਰੈੱਸ ਟ੍ਰਿਬਿਊਨ' ਨੇ ਕਿਹਾ ਕਿ ਇਸ ਨਾਲ ਰਿਸ਼ਤਿਆਂ ਨੂੰ ਆਮ ਵਰਗੇ ਬਣਾਉਣ ਵਿੱਚ ਮਦਦ ਮਿਲੇਗੀ। ਇਨ੍ਹਾਂ ਅਖ਼ਬਾਰਾਂ ਤੋਂ ਇਲਾਵਾ ਕੁਝ ਟੀਵੀ ਚੈਨਲਾਂ ਨੇ ਸ਼ੋਅ ਵੀ ਕੀਤੇ। ਉਰਦੂ ਜ਼ੁਬਾਨ ਦੇ ਚੈਨਲਾਂ ਦੀਆਂ ਖ਼ਬਰਾਂ ਦੀ ਸੁਰ ਵੀ ਕਰਤਾਰਪੁਰ ਲਾਂਘੇ ਬਾਰੇ ਜ਼ਿਆਦਾਤਰ ਹਾਂ-ਪੱਖੀ ਰਹੀ।

## ਦੇਸ਼ ਵੰਡ ਤੋਂ ਪਹਿਲਾਂ ਹੁੰਦਾ ਸੀ ਇਹ ਅਹਿਮ ਲਾਂਘਾ

ਵੀ ਦਰਬਾਰ ਸਾਹਿਬ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ। ਗੁਰੂ ਜੀ ਨੇ ਕਰਤਾਰਪੁਰ ਵਿਚ 18 ਸਾਲ ਬਿਤਾਏ ਤੇ ਇਸੇ ਧਰਤੀ 'ਤੇ ਹੱਥੀਂ ਕਿਰਤ ਕਰਕੇ ਮਨੁੱਖਤਾ ਨੂੰ ਕਿਰਤ ਕਰਨ ਦਾ ਸੁਨੇਹਾ ਦਿੱਤਾ ਸੀ।

ਇਸ ਵੇਲੇ ਡੇਰਾ ਬਾਬਾ ਨਾਨਕ ਵਿਚ ਇਕ ਮੁੱਖ ਬਾਜ਼ਾਰ ਅਤੇ ਤਿੰਨ-ਚਾਰ ਹੋਰ ਬਾਜ਼ਾਰ ਹਨ। ਇਨ੍ਹਾਂ ਬਾਜ਼ਾਰਾਂ ਵਿਚ ਦੁਕਾਨਾਂ ਹਨ, ਪਰ ਲੋਕ ਹੋਰ ਲੋੜਾਂ ਲਈ ਬਟਾਲਾ, ਫਤਿਹਗੜ੍ਹ ਚੂੜੀਆਂ ਤੇ ਅੰਮ੍ਰਿਤਸਰ ਸ਼ਹਿਰ ਜਾਂਦੇ ਹਨ। ਇਹ ਕਸਬਾ ਵਿਦਿਆ ਅਤੇ ਮੈਡੀਕਲ ਸਹੂਲਤਾਂ ਪਖੋਂ ਵੀ ਪਛੜਿਆ ਹੋਇਆ ਹੈ। ਲਗਭਗ ਦੋ ਦਹਾਕੇ ਪਹਿਲਾਂ ਜਦੋਂ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਮੰਗ ਉਠਣੀ ਸ਼ੁਰੂ ਹੋਈ ਸੀ ਤਾਂ ਇਹ ਕਸਬਾ ਚਰਚਾ ਵਿਚ ਆ ਗਿਆ। ਪਿਛਲੇ ਦੋ ਦਹਾਕਿਆਂ ਤੋਂ ਲਾਂਘਾ ਖੋਲ੍ਹਣ ਲਈ ਅਰਦਾਸਾਂ ਹੋ ਰਹੀਆਂ ਹਨ। ਸਿੱਖਾਂ ਦੀ ਇਸ ਮੰਗ ਕਾਰਨ ਹੀ ਇੱਥੇ ਸਰਹੱਦ ਨੇੜੇ ਬੀਐੱਸਐੱਫ ਦੀ ਸਰਹੱਦੀ ਚੌਕੀ ਕੋਲ ਗੁਰਦੁਆਰਾ ਦਰਸ਼ਨ ਸਥਲ ਉਸਾਰਿਆ ਗਿਆ ਸੀ, ਜਿੱਥੋਂ ਦੂਰਬੀਨਾਂ ਰਾਹੀਂ ਲੋਕ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਦੇ ਹਨ। ਹੁਣ ਲਾਂਘਾ ਖੋਲ੍ਹਣ ਦੇ ਫ਼ੈਸਲੇ ਨਾਲ ਕਸਬੇ ਦੇ ਲੋਕਾਂ ਨੂੰ ਤਰੱਕੀ ਤੇ ਖੁਸ਼ਹਾਲੀ ਦੀ ਆਸ ਬੱਝੀ ਹੈ।

## ਭਾਰਤ ਦੇ 4122 ਸਿਆਸਤਦਾਨਾਂ ਉਤੇ ਦਰਜ ਹਨ ਅਪਰਾਧਿਕ ਕੇਸ

ਐਮੀਕਸ ਕਿਊਰੀ ਵਿਜੈ ਹੰਸਰੀਆ ਅਤੇ ਸਨੇਹਾ ਕਲਿਤਾ ਨੇ ਰਾਜਾਂ ਅਤੇ ਹਾਈ ਕੋਰਟ ਤੋਂ ਪ੍ਰਾਪਤ ਅੰਕੜਿਆਂ ਦੇ ਆਧਾਰ ਉਤੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਭਾਰਤੀ ਰਾਜਨੇਤਾਵਾਂ ਦੇ ਵਿਰੁੱਧ ਕੁੱਲ 4122 ਅਪਰਾਧਕ ਮਾਮਲੇ ਅਦਾਲਤਾਂ ਵਿਚ ਲੰਬਿਤ ਹਨ।1991 ਮਾਮਲੇ ਅਜਿਹੇ ਹਨ ਜਿਨ੍ਹਾਂ ਵਿਚ ਇਲਜ਼ਾਮ ਹੀ ਤੈਅ ਨਹੀਂ ਹੋਏ ਹਨ ਅਤੇ 264 ਮਾਮਲੇ ਅਜਿਹੇ ਹਨ ਜਿਨ੍ਹਾਂ ਦੇ ਟਰਾਇਲ ਉਤੇ ਹਾਈ ਕੋਰਟ ਦੁਆਰਾ ਰੋਕ ਲਗਾਈ ਗਈ ਹੈ।

ਭਾਰਤੀ ਸੁਪਰੀਮ ਕੋਰਟ ਇਸ ਬਾਰੇ ਜਾਂਚ ਅਧਿਕਾਰੀ ਅਸ਼ਵਨੀ ਉਪਾਧਿਆਏ ਦੁਆਰਾ ਦਾਖਲ ਜਾਂਚ ਰਿਪੋਰਟ ਉਤੇ ਸੁਣਵਾਈ ਕਰ ਰਿਹਾ ਹੈ। ਕੋਰਟ ਨੇ ਰਾਜਾਂ ਅਤੇ ਹਾਈਕੋਰਟ ਤੋਂ ਤਮਾਮ ਵਿਧਾਇਕਾਂ ਵਿਰੁਧ ਲੰਬਿਤ ਅਪਰਾਧਕ ਮਾਮਲਿਆਂ ਦੇ ਅੰਕੜਿਆਂ ਦੀ ਮੰਗ ਕੀਤੀ ਸੀ ਤਾਂ ਕਿ ਇਨ੍ਹਾਂ ਦਾ ਛੇਤੀ ਟਰਾਇਲ ਪੂਰਾ ਕਰਨ ਲਈ ਸਪੈਸ਼ਲ ਫਾਸਟ ਟਰੈਕ ਕੋਰਟ ਦੀ ਸਥਾਪਨਾ ਕੀਤੀ ਜਾ ਸਕੇ। ਜ਼ਿਕਰਯੋਗ ਹੈ ਕਿ ਦਾਗੀ ਨੇਤਾਵਾਂ ਉਤੇ ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿਚ ਚਾਰਜਸ਼ੀਟ ਦੇ ਆਧਾਰ ਉਤੇ ਚੋਣ ਲੜਨ ਉਤੇ ਰੋਕ ਲਗਾਉਣ ਤੋਂ ਇਨਕਾਰ ਕਰ ਦਿੱਤਾ ਸੀ।

ਧਿਆਨ ਦੇਣਯੋਗ ਹੈ ਕਿ ਚੋਣ ਸੁਧਾਰ ਦੇ ਖੇਤਰ ਵਿਚ ਕੰਮ ਕਰਨ ਵਾਲੀ ਸੰਸਥਾ ਐਸੋਸੀਏਸ਼ਨ ਫਾਰ ਡੇਮੋਕਰੇਟਿਕ ਰਿਫਾਰਮ ਵਲੋਂ ਦੇਸ਼ ਦੇ ਕੁੱਲ 4896 ਵਿਅਕਤੀ ਪ੍ਰਤੀਨਿਧੀਆਂ ਵਿਚੋਂ 4852 ਦੇ ਚੋਣਾਵੀ ਹਲਫਨਾਮਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ, ਜਿਸ ਵਿਚ ਕੁੱਲ 776 ਸਾਂਸਦਾਂ ਵਿਚੋਂ 774 ਅਤੇ 4120 ਵਿਧਾਇਕਾਂ ਵਿਚੋਂ 4078 ਵਿਧਾਇਕਾਂ ਦੇ ਹਲਫਨਾਮਿਆਂ ਦਾ ਵਿਸ਼ਲੇਸ਼ਣ ਸ਼ਾਮਲ ਹੈ। ਇਸ ਰਿਪੋਰਟ ਵਿਚ 33 ਫੀਸਦੀ (1581) ਲੋਕ ਨੁਮਾਇੰਦਿਆਂ ਉਤੇ ਅਪਰਾਧਕ ਮਾਮਲੇ ਦਰਜ ਪਾਏ ਗਏ ਹਨ। ਇਨ੍ਹਾਂ ਵਿਚ ਦਾਗੀ ਮੌਜੂਦਾ ਸਾਂਸਦਾਂ ਦੀ ਗਿਣਤੀ 98 ਹੈ ਜਦੋਂ ਕਿ 35 ਨੇਤਾਵਾਂ ਉਤੇ ਤਾਂ ਬਲਾਤਕਾਰ, ਹੱਤਿਆ ਅਤੇ ਅਗਵਾਹ ਵਰਗੇ ਸੰਗੀਨ ਇਲਜ਼ਾਮ ਵੀ ਹਨ।

## 'ਸੂਦਰ-ਏ-ਖ਼ਾਲਸਾ' ਫਿਲਮ ਨੂੰ ਸੈਂਸਰ ਬੋਰਡ ਵਲੋਂ ਕੋਰੀ ਨਾਂਹ

ਉਨ੍ਹਾਂ ਦੱਸਿਆ ਕਿ ਲਗਭਗ ਛੇ ਮਹੀਨਿਆਂ ਤੋਂ ਉਹ ਫਿਲਮ ਨੂੰ ਭਾਰਤ ਦੇ ਸਿਨੇਮਾ ਘਰਾਂ ਵਿਚ ਦਿਖਾਉਣ ਲਈ ਸੈਂਸਰ ਬੋਰਡ ਦਾ ਸਰਟੀਫਿਕੇਟ ਲੈਣ ਲਈ ਭੱਜ-ਦੌੜ ਕਰ ਰਹੇ ਹਨ। ਸੈਂਸਰ ਬੋਰਡ ਨੇ ਫਿਲਮ ਦੇ ਟਰੇਲਰ ਅਤੇ ਪ੍ਰੋਮੋ ਨੂੰ ਜੂਨ ਅਤੇ ਜੁਲਾਈ ਮਹੀਨੇ ਵਿਚ ਸਰਟੀਫਿਕੇਟ ਦੇ ਦਿੱਤਾ ਸੀ ਪਰ ਫਿਲਮ ਨੂੰ ਜਾਰੀ ਕਰਨ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਹੈ ਕਿ 'ਫਿਲਮ ਮਹੱਤਵਪੂਰਨ ਤੱਥਾਂ ਨਾਲ ਛੇੜਛਾੜ ਕਰਕੇ ਬਣਾਈ ਗਈ ਹੈ ਜੋ ਕਿ ਗੁੰਮਰਾਹਕੁਨ ਪ੍ਰਚਾਰ ਕਰ ਰਹੀ ਹੈ। ਇਸ ਫਿਲਮ ਨੂੰ ਦਿਖਾਉਣ ਨਾਲ ਦੇਸ਼ ਦੀ ਸਮਾਜਿਕ ਸਦਭਾਵਨਾ ਅਤੇ ਰਾਸ਼ਟਰੀ ਏਕਤਾ ਤੇ ਅਖੰਡਤਾ ਨੂੰ ਖਤਰਾ ਪੈਦਾ ਹੋ ਸਕਦਾ ਹੈ'। ਐਡਵੋਕੇਟ ਜਮਾਲਪੁਰ ਨੇ ਕਿਹਾ ਕਿ ਸਾਡੇ ਵਲੋਂ ਫਿਲਮ ਦੇ ਪੋਸਟਰ, ਪ੍ਰੋਮੋ, ਟਰੇਲਰ ਅਤੇ ਸੰਗੀਤ ਜਾਰੀ ਕੀਤਾ ਜਾ ਰਿਹਾ ਹੈ ਅਤੇ ਇਕ ਮਹੀਨੇ ਦੇ ਇੰਤਜ਼ਾਰ ਤੋਂ ਬਾਅਦ ਵਿਦੇਸ਼ਾਂ ਵਿਚ ਫਿਲਮ ਜਾਰੀ ਕਰ ਦਿੱਤੀ ਜਾਵੇਗੀ, ਨਾਲ ਹੀ ਭਾਰਤ ਵਿਚ ਕਾਨੂੰਨੀ ਲੜਾਈ ਵੀ ਜਾਰੀ ਰੱਖੀ ਜਾਵੇਗੀ।

## ਪੰਜਾਬ ਵਿਚ ਪੰਚਾਇਤੀ ਚੋਣਾਂ ਦਾ ਗੇਅਰ ਫਸਿਆ

ਅਗਵਾਈ ਹੇਠ ਸਰਕਾਰ ਦੇ ਗਠਨ ਨੂੰ ਦੋ ਸਾਲ ਦਾ ਸਮਾਂ ਹੋਣ ਵਾਲਾ ਹੈ। ਬੋਰਡਾਂ, ਨਿਗਮਾਂ ਦੇ ਚੇਅਰਮੈਨ ਤਾਂ ਦੂਰ ਦੀ ਗੱਲ ਜਿਨ੍ਹਾਂ ਆਗੂਆਂ ਨੂੰ ਵੋਟਾਂ ਪਾ ਕੇ ਜ਼ਿਲ੍ਹਾ ਪਰਿਸ਼ਦ ਜਾਂ ਪੰਚਾਇਤ ਸਮਿਤੀਆਂ ਦੇ ਚੇਅਰਮੈਨ ਬਣਨ ਦੇ ਕਾਬਲ ਬਣਾਇਆ ਹੈ, ਉਨ੍ਹਾਂ ਦੀਆਂ ਚੋਣਾਂ ਵੀ ਸਮੇਂ ਸਿਰ ਨਹੀਂ ਕਰਾਈਆਂ ਜਾ ਰਹੀਆਂ। ਉਨ੍ਹਾਂ ਅਨੁਸਾਰ ਜੇ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਵਿਰੋਧੀ ਧਿਰ ਦੀ ਸਰਕਾਰ ਆ ਜਾਂਦੀ ਹੈ ਤੇ ਪੰਚਾਇਤੀ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਤਾਂ ਆਪਣੀ ਸਰਕਾਰ ਦੀ ਅਗਵਾਈ ਹੇਠ ਕੰਮ ਕਰਨ ਲਈ ਬਹੁਤ ਘੱਟ ਸਮਾਂ ਮਿਲੇਗਾ।

ਪੰਜਾਬ ਦੇ ਕਾਂਗਰਸੀ ਵਿਧਾਇਕਾਂ ਵਿਚ ਵੀ ਰਾਖਵੇਂਕਰਨ ਨੂੰ ਲੈ ਕੇ ਵੱਡਾ ਰੱਫੜ ਛਿੜਿਆ ਰਿਹਾ ਹੈ। ਇਸ ਝਗੜੇ ਨੂੰ ਖ਼ਤਮ ਕਰਨ ਲਈ ਸਰਕਾਰ ਨੇ 15 ਸਾਲਾਂ ਤੋਂ ਚੱਲਿਆ ਆ ਰਿਹਾ ਰਾਖਵੇਂਕਰਨ ਦਾ ਰੋਸਟਰ ਖ਼ਤਮ ਕਰ ਦਿੱਤਾ ਹੈ। ਇਸ ਵਾਰ ਰਾਖਵੇਂਕਰਨ ਦੀ ਪ੍ਰਕਿਰਿਆ ਮੁੜ ਆਰੰਭ ਕੀਤੀ ਜਾਵੇਗੀ। ਕੈਪਟਨ ਸਰਕਾਰ ਵੱਲੋਂ ਇਸ ਵਾਰ ਔਰਤਾਂ ਨੂੰ 50 ਫ਼ੀਸਦੀ ਰਾਖਵਾਂਕਰਨ ਦੇਣ ਦੀ ਵਿਵਸਥਾ ਹੈ।

ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਗਰਾਮ ਪੰਚਾਇਤਾਂ ਦੀਆਂ ਚੋਣਾਂ ਹਰ ਹਾਲ 31 ਦਸੰਬਰ ਤੋਂ ਪਹਿਲਾਂ ਕਰਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਭਾਵੇਂ ਦਸੰਬਰ ਮਹੀਨੇ ਦੇ ਆਖ਼ਰੀ ਹਫ਼ਤੇ ਦੌਰਾਨ ਛੋਟੇ ਸਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦਾ ਸ਼ਹੀਦੀ ਦਿਨ ਹੋਣ ਕਰਕੇ ਚੋਣਾਂ ਟਾਲਣ ਦੀ ਮੰਗ ਕੀਤੀ ਜਾ ਰਹੀ ਹੈ ਪਰ ਸੰਵਿਧਾਨਕ ਕਾਰਨਾਂ ਕਰਕੇ ਚੋਣਾਂ ਟਾਲੀਆਂ ਨਹੀਂ ਜਾ ਸਕਦੀਆਂ। ਉਨ੍ਹਾਂ ਦਾਅਵਾ ਕੀਤਾ ਕਿ ਰਾਖਵੇਂਕਰਨ ਦੀ ਪ੍ਰਕਿਰਿਆ ਵੀ ਚੋਣਾਂ ਦੇ ਐਲਾਨ ਤੋਂ ਪਹਿਲਾਂ ਨੇਪਰੇ ਚਾੜ੍ਹ ਕੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਾਵੇਗਾ।

## ਸਾਹਿਬਜ਼ਾਦਿਆਂ ਦੀ ਸ਼ਹੀਦੀ ਤੇ ਪਰਿਵਾਰ ਵਿਛੋੜੇ ਦੇ ਦਿਨਾਂ 'ਚ ਪੰਚਾਇਤੀ ਚੋਣਾਂ ਨਾ ਕਰਵਾਉਣ ਦੀ ਮੰਗ

ਬਠਿੰਡਾ ਨੇ ਦੱਸਿਆ ਕਿ ਉਂਝ ਤਾਂ ਪੂਰਾ ਸਿੱਖ ਇਤਿਹਾਸ ਹੀ ਸੰਘਰਸ਼ਾਂ ਅਤੇ ਜ਼ੁਲਮ ਵਿਰੁੱਧ ਸੱਚ ਤੇ ਧਰਮ ਦੀ ਲੜਾਈ, ਮਜ਼ਲੂਮਾਂ ਦੀ ਰੱਖਿਆ ਦੀ ਬੁਨਿਆਦ 'ਤੇ ਖੜ੍ਹਾ ਹੈ ਪਰ ਦਸੰਬਰ ਮਹੀਨਾ ਸਿੱਖ ਕੌਮ ਲਈ ਬੇਹੱਦ ਤਸ਼ੱਦਦ ਤੇ ਜ਼ੁਲਮ ਦੀ ਦਾਸਤਾਂ ਵਾਲਾ ਹੈ। ਪਹਿਲਾਂ ਵੱਡੇ ਸਾਹਿਬਜ਼ਾਦਿਆਂ ਦੀ ਚਮਕੌਰ ਦੀ ਗੜ੍ਹੀ ਵਿਚ ਸ਼ਹੀਦੀ ਤੇ ਫਿਰ ਬਾਅਦ 'ਚ ਛੋਟੇ ਮਾਸੂਮ ਸਾਹਿਬਜ਼ਾਦਿਆਂ ਦੀਆਂ ਨੀਂਹਾਂ ਵਿਚ ਚਿਣ ਕੇ ਸ਼ਹੀਦੀਆਂ ਤੇ ਫਿਰ ਮਾਤਾ ਗੁਜਰ ਕੌਰ ਦੀ ਸ਼ਹੀਦੀ, ਪਰਿਵਾਰ ਵਿਛੋੜਾ ਤੇ ਸਿੱਖ ਕੌਮ ਨੂੰ ਹਰ ਪੱਖੋਂ ਜ਼ਾਲਮਾਂ ਵੱਲੋਂ ਖ਼ਤਮ ਕਰਨ ਦਾ ਇਹ ਬਹੁਤ ਭਿਆਨਕ ਸਮਾਂ ਸੀ। ਇਹ ਦਿਨ ਸਿੱਖ ਕੌਮ ਲਈ ਬਹੁਤ ਹੀ ਸੋਗਮਈ ਹੁੰਦੇ ਹਨ।

ਬਾਬਾ ਹਰਦੀਪ ਸਿੰਘ ਨੇ ਦੱਸਿਆ ਕਿ ਸ੍ਰੀ ਫ਼ਤਹਿਗੜ੍ਹ ਸਾਹਿਬ ਇਲਾਕੇ ਤੇ ਕੁਝ ਹੋਰ ਥਾਵਾਂ ਦੇ ਸਿੱਖ ਦਸੰਬਰ ਮਹੀਨਿਆਂ ਦੀਆਂ ਸ਼ਹੀਦੀਆਂ ਦੇ ਅਫ਼ਸੋਸ ਵਜੋਂ ਰਾਤਾਂ ਨੂੰ ਭੁੰਜੇ (ਜ਼ਮੀਨ) 'ਤੇ ਪੈ ਕੇ ਮਨਾਉਂਦੇ ਹਨ। ਪੂਰੀ ਸਿੱਖ ਕੌਮ ਨੂੰ ਇਹਨਾਂ ਦਿਨਾਂ ਤੇ ਰਾਤਾਂ ਉਸ ਦਸਮ ਪਿਤਾ ਦੇ ਪਰਿਵਾਰ ਦੀਆਂ ਸ਼ਹੀਦੀਆਂ, ਜਿਹਨਾਂ ਕਰਕੇ ਅੱਜ ਸਿੱਖ ਕੌਮ ਜ਼ਿੰਦਾ ਹੈ, ਨੂੰ ਇੱਕ ਅਫ਼ਸੋਸ ਵਜੋਂ ਮਨਾਉਣਾ ਚਾਹੀਦਾ ਹੈ। ਉਹਨਾਂ ਦੱਸਿਆ ਕਿ ਇਸ ਤੋਂ ਪਹਿਲਾ ਬਾਦਲ ਹਕੂਮਤ ਨੇ ਵੀ ਸਿੱਖ ਨਸਲਕੁਸ਼ੀ-1984 ਨਵੰਬਰ ਦੇ ਦਿਨਾਂ ਵਿਚ ਖ਼ੇਡਾਂ ਦੀ ਆੜ ਵਿਚ ਨਾਚਾਰਾਂ ਦੇ ਨਾਚ, ਆਤਿਸ਼ਬਾਜ਼ੀਆਂ ਤੇ ਹੋਰ ਜਸ਼ਨ ਮਨਾਏ ਸਨੇ ਤੇ ਹੁਣ ਕੈਪਟਨ ਹਕੂਮਤ ਵੀ ਬਾਦਲ ਦੇ ਪਦ ਚਿੰਨਾਂ 'ਤੇ ਚੱਲ ਰਹੀ ਹੈ। ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਹਕੂਮਤ ਨੇ ਦਸੰਬਰ ਮਹੀਨੇ ਵਿਚ ਪੰਚਾਇਤੀ ਚੋਣਾਂ ਦਾ ਐਲਾਨ ਕਰਕੇ ਲੋਕਾਂ ਨੂੰ ਜਸ਼ਨ ਮਨਾਉਣ ਦੇ ਰਾਹ ਪਾ ਦਿੱਤਾ ਹੈ। ਜਥੇਬੰਦੀਆਂ ਦੇ ਆਗੂਆਂ ਨੇ ਦੱਸਿਆ ਕਿ ਇਹ ਸਭ ਇਹਨਾਂ ਮਹਾਨ ਸ਼ਹੀਦੀਆਂ, ਸਿੱਖਾਂ ਦੇ ਜ਼ੁਲਮ ਨਾਲ ਟੱਕਰ ਲੈਣ ਦੇ ਫਲਸਫ਼ੇ ਨੂੰ ਉਹਨਾਂ ਦੇ ਜ਼ਿਹਨ ਵਿੱਚ ਮਿਟਾ ਦੇਣ ਲਈ ਕੀਤਾ ਜਾ ਰਿਹਾ ਹੈ। ਮੀਡੀਆ ਨੂੰ ਜਾਰੀ ਪ੍ਰੈਸ ਨੋਟ ਵਿਚ ਕਿਹਾ ਗਿਆ ਕਿ ਦਸੰਬਰ ਦੇ ਸ਼ਹੀਦੀ ਦਿਨਾਂ ਵਿਚ ਪੰਚਾਇਤੀ ਚੋਣਾਂ ਦੌਰਾਨ ਸ਼ਰਾਬ ਦੇ ਭੰਡਾਰ ਖੋਲ੍ਹ ਕੇ ਜੋ ਜਸ਼ਨ ਮਨਾਏ ਜਾਣਗੇ, ਉਹ ਭਵਿੱਖ ਲਈ ਬਹੁਤ ਘਾਤਕ ਸਾਬਤ ਹੋਣਗੇ। ਉਹਨਾਂ ਕਿਹਾ ਕਿ ਸਿੱਖਾਂ ਦੇ ਇਸ ਸ਼ਹੀਦੀ ਮਹੀਨੇ ਪ੍ਰਤੀ ਜੁੜੇ ਇਤਿਹਾਸ ਨੂੰ ਮੱਦੇਨਜ਼ਰ ਰੱਖਦਿਆ ਇਹ ਚੋਣਾਂ ਅੱਗੇ ਪਾਈਆਂ ਜਾਣ।

## ਬਾਗੀ ਅਕਾਲੀਆਂ ਵੱਲੋਂ ਨਵਾਂ ਸਿਆਸੀ ਦਲ ਬਣਾਉਣ ਦਾ ਐਲਾਨ

ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਵਿਚ ਬੈਠੇ ਨਿਰਾਸ਼ ਤੇ ਨਾਰਾਜ਼ ਆਗੂਆਂ ਤੇ ਵਰਕਰਾਂ ਸਮੇਤ ਪੁਰਾਣੇ ਟਕਸਾਲੀ ਆਗੂਆਂ ਨੂੰ ਸੱਦਾ ਦਿੱਤਾ ਕਿ ਉਹ ਇਸ ਨਵੀਂ ਬਣਾਈ ਜਾ ਰਹੀ ਪਾਰਟੀ ਵਿਚ ਸ਼ਾਮਲ ਹੋਣ।

ਇਸ ਮੌਕੇ ਸ੍ਰੀ ਬ੍ਰਹਮਪੁਰਾ ਨੇ ਆਖਿਆ ਕਿ ਰਸਮੀ ਤੌਰ 'ਤੇ ਨਵੀਂ ਪਾਰਟੀ ਬਣਾਉਣ ਦਾ ਫ਼ੈਸਲਾ ਕਰ ਲਿਆ ਗਿਆ ਹੈ, ਜਿਸ ਦਾ ਪੂਰਾ ਨਾਂ 14 ਦਸੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਥਾਪਨਾ ਦਿਵਸ ਮੌਕੇ ਐਲਾਨਿਆ ਜਾਵੇਗਾ ਪਰ ਇਸ ਦਾ ਮੁਢਲਾ ਨਾਂ ਸ਼੍ਰੋਮਣੀ ਅਕਾਲੀ ਦਲ ਹੀ ਹੋਵੇਗਾ। ਉਨ੍ਹਾਂ ਬੈਂਸ ਭਰਾਵਾਂ ਅਤੇ ਸੁਖਜਿੰਦਰ ਸਿੰਘ ਖਹਿਰਾ ਵਰਗੇ ਹੋਰ ਆਗੂਆਂ, ਜਿਨ੍ਹਾਂ ਦਾ ਪਿਛੋਕੜ ਪੰਥਕ ਪਾਰਟੀ ਨਾਲ ਜੁੜਿਆ ਰਿਹਾ ਹੈ, ਨੂੰ ਇਸ ਪਾਰਟੀ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਅਕਾਲੀ ਆਗੂਆਂ ਨੇ ਸ਼੍ਰੋਮਣੀ ਅਕਾਲੀ ਦਲ ਵਿਚ ਰਹਿੰਦਿਆਂ ਪੰਥ ਵਿਰੋਧੀ ਫ਼ੈਸਲਿਆਂ ਦਾ ਵਿਰੋਧ ਨਾ ਕਰਨ ਲਈ ਪੰਜਾਬੀਆਂ ਕੋਲੋਂ ਮੁਆਫ਼ੀ ਮੰਗਦਿਆਂ ਕਿਹਾ ਕਿ ਉਨ੍ਹਾਂ ਕੋਲੋਂ ਇਸ ਮਾਮਲੇ ਵਿਚ ਭੁੱਲ ਹੋਈ ਹੈ। ਉਹ ਇਸ ਸਬੰਧੀ ਗੁਰੂ ਘਰ ਜਾ ਕੇ ਖਿਮਾ ਯਾਚਨਾ ਕਰ ਚੁੱਕੇ ਹਨ ਅਤੇ ਹੁਣ ਪੰਜਾਬੀਆਂ ਕੋਲੋਂ ਵੀ ਖਿਮਾ ਯਾਚਨਾ ਕਰਦੇ ਹਨ। ਉਨ੍ਹਾਂ ਦੇਸ਼ ਵਿਦੇਸ਼ ਬੈਠੇ ਪੰਜਾਬੀਆਂ ਅਤੇ ਪੰਥ ਦਰਦੀਆਂ ਨੂੰ ਅਪੀਲ ਕੀਤੀ ਕਿ ਆਪਣੀ ਮਾਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਸਿਧਾਂਤਕ ਸਰੋਕਾਰਾਂ ਦੇ ਨਜ਼ਰੀਏ ਤੋਂ ਮੁੜ ਸੁਰਜੀਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਵੇਲੇ ਜਿਹੜੇ ਪੰਥ ਦਰਦੀ ਸ਼੍ਰੋਮਣੀ ਅਕਾਲੀ ਦਲ 'ਤੇ ਕਾਬਜ਼ ਹਾਕਮਾਂ ਦੀ ਕਥਿਤ ਧੱਕੇਸ਼ਾਹੀ ਦੇ ਖਿਲਾਫ਼ ਹਨ, ਉਹ ਉਨ੍ਹਾਂ ਕੋਲ ਵੀ ਜਾਣਗੇ ਅਤੇ ਸਹਿਯੋਗ ਦੀ ਮੰਗ ਕਰਨਗੇ।

ਇਸ ਮੌਕੇ ਉਨ੍ਹਾਂ ਕਰਤਾਰਪੁਰ ਲਾਂਘਾ ਖੋਲ੍ਹਣ ਦੇ ਫ਼ੈਸਲੇ ਦਾ ਸਵਾਗਤ ਕੀਤਾ ਅਤੇ ਇਸ ਦਾ ਸਿਹਰਾ ਨਵਜੋਤ ਸਿੰਘ ਸਿੱਧੂ ਦੇ ਸਿਰ ਬੰਨ੍ਹਿਆ। ਉਨ੍ਹਾਂ ਪਹਿਲੀ ਵਾਰ ਖੁੱਲ੍ਹ ਕੇ ਬੋਲਦਿਆਂ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ 'ਤੇ ਕਾਬਜ਼ ਬਾਦਲ ਤੇ ਮਜੀਠੀਆ ਪਰਿਵਾਰ ਨੇ ਪਾਰਟੀ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਆਪਣੀ ਕੁਰਸੀ ਬਰਕਰਾਰ ਰੱਖਣ ਲਈ ਇਨ੍ਹਾਂ ਨੇ ਡੇਰਾ ਮੁਖੀ ਨਾਲ ਵੀ ਸਾਂਝ ਪਾਈ, ਜਿਸ ਖਿਲਾਫ਼ ਸ੍ਰੀ ਅਕਾਲ ਤਖ਼ਤ ਤੋਂ ਕੋਈ ਸਾਂਝ ਨਾ ਰੱਖਣ ਦਾ ਹੁਕਮਨਾਮਾ ਜਾਰੀ ਹੋ ਚੁੱਕਾ ਸੀ। ਉਨ੍ਹਾਂ ਬੇਅਦਬੀ ਅਤੇ ਬਰਗਾੜੀ ਕਾਂਡ ਨਾਲ ਹੋਏ ਨੁਕਸਾਨ ਵਾਸਤੇ ਵੀ ਇਨ੍ਹਾਂ ਨੂੰ ਜ਼ਿੰਮੇਵਾਰ ਠਹਿਰਾਇਆ।

ਇੱਕ ਸਵਾਲ ਦੇ ਜਵਾਬ ਵਿਚ ਇਨ੍ਹਾਂ ਆਗੂਆਂ ਨੇ ਕਿਹਾ ਕਿ ਅਕਾਲੀ ਦਲ ਅਤੇ ਕੈਪਟਨ ਅਮਰਿੰਦਰ ਸਿੰਘ ਦੋਵੇਂ ਘਿਉ ਖਿਚੜੀ ਹਨ। ਉਨ੍ਹਾਂ ਦੋਸ਼ ਲਾਇਆ ਕਿ ਸੰਨ 20 17 ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦੋਵਾਂ ਵਿਚਾਲੇ ਤੀਜੀ ਪਾਰਟੀ 'ਆਪ' ਨੂੰ ਪੰਜਾਬ ਵਿਚ ਆਉਣ ਤੋਂ ਰੋਕਣ ਲਈ ਰਣਨੀਤੀ ਤੈਅ ਹੋ ਗਈ ਸੀ। ਇਸ ਮੌਕੇ ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ, ਮਨਮੋਹਨ ਸਿੰਘ ਸਠਿਆਲਾ ਤੇ ਹੋਰ ਆਗੂ ਹਾਜ਼ਰ ਸਨ। ਉਧਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਦੋਸ਼ ਲਾਇਆ ਕਿ ਪਾਰਟੀ ਵਿਚੋਂ ਕੱਢੇ ਹੋਏ ਅਕਾਲੀ ਆਗੂ ਕਾਂਗਰਸ ਦੇ ਹੱਥਾਂ 'ਚ ਖੇਡ ਰਹੇ ਹਨ ਅਤੇ ਅਕਾਲੀ ਦਲ ਤੇ ਸਿੱਖ ਪੰਥ ਨੂੰ ਕਮਜ਼ੋਰ ਕਰਨ ਲਈ ਕਾਂਗਰਸ ਦੇ ਇਸ਼ਾਰੇ ਉਤੇ ਨਵਾਂ ਫਰੰਟ ਬਣਾ ਰਹੇ ਹਨ। ਸਾਬਕਾ ਮੰਤਰੀ ਅਤੇ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਨਿਰਮਲ ਸਿੰਘ ਕਾਹਲੋਂ ਅਤੇ ਗੁਲਜ਼ਾਰ ਸਿੰਘ ਰਣੀਕੇ ਨੇ ਕਿਹਾ ਕਿ ਪਾਰਟੀ ਵਿਚੋਂ ਕੱਢੇ ਆਗੂਆਂ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ ਅਤੇ ਰਤਨ ਸਿੰਘ ਅਜਨਾਲਾ ਵੱਲੋਂ ਸੁਖਪਾਲ ਖਹਿਰਾ ਤਕ ਪਹੁੰਚ ਕਰਨ ਦੇ ਤਾਜ਼ਾ ਐਲਾਨ ਨੇ ਸਾਬਤ ਕਰ ਦਿੱਤਾ ਹੈ ਕਿ ਇਨ੍ਹਾਂ ਤਿੰਨਾਂ ਵੱਲੋਂ ਬਣਾਇਆ ਜਾ ਰਿਹਾ ਨਵਾਂ ਫਰੰਟ ਕਾਂਗਰਸ ਫਰੰਟ ਹੀ ਹੋਵੇਗਾ ਕਿਉਂਕ ਖਹਿਰਾ ਖੁਦ ਕਾਂਗਰਸੀ ਪਿੱਠੂ ਹੈ।

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ, ਪਲੀਸਨਪੌਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।













**ਇਹ ਆਲੀਸ਼ਾਨ ਘਰ ਵਿਕਾਊ ਹੈ**

Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

## Priti Singh (925) 999-0823

CA BRE Licence #02024721 info@pritisingh.com

## RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY



ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

info@singhsolar.com

SUNPREME®
Premium Bifacial Thin Film Solar

Satnam Singh Khalsa
510-706-1300


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE •1-800-246-6242
www.jusbroadcasting.com


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM